Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: **Gurjatinder Singh Randhawa**
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।



RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 855, 22 to 28 May, 2025, Ph: 916-320-9444, E-mail: punjabmailusa@yahoo.com, Web: punjabmailusa.com

## ਸ੍ਰੀ ਅਕਾਲ ਤਖ਼ਤ ਸਾਹਿਬ ਨੇ ਢੱਡਰੀਆਂ ਵਾਲਿਆਂ 'ਤੇ ਲੱਗੀ ਰੋਕ ਹਟਾਈ

**ਅੰਮ੍ਰਿਤਸਰ, (ਪੰਜਾਬ ਮੇਲ)-** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਿਚ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਥਕ ਮਾਮਲੇ ਵਿਚਾਰਨ ਲਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਜਿਸ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ, ਭਾਈ ਬਖਸ਼ੀਸ਼ ਸਿੰਘ ਆਦਿ ਸ਼ਾਮਲ ਹਨ। ਸ੍ਰੀ ਅਕਾਲ ਤਖਤ ਸਾਹਿਬ ਤੋਂ ਹਰਵਿੰਦਰ ਸਿੰਘ ਸਰਨਾ ਨੇ ਮਾਫ਼ੀ ਮੰਗੀ ਅਤੇ ਪੰਜ ਸਿੰਘ ਸਾਹਿਬਾਨ ਨੇ ਧਾਰਮਿਕ ਸਜਾ ਲਗਾਈ। ਜਿਸ ਅਨੁਸਾਰ 11 ਦਿਨ ਦੋ ਜਪੁਜੀ ਸਾਹਿਬ ਜੀ ਦੇ ਪਾਠ ਤੇ ਦੋ ਚੌਪਈ ਸਾਹਿਬ ਜੀ ਦੇ ਪਾਠ ਰੋਜ਼ਾਨਾ ਕਰਨ ਉਪਰੰਤ 501 ਰੁਪਏ ਦੀ ਦੇਗ ਗੁਰਦੁਆਰਾ ਸਿਘ ਬੰਗਲਾ ਸਾਹਿਬ ਵਿਖੇ ਅਰਦਾਸ ਕਰ ਕੇ ਖਿਮਾ ਜਾਚਨਾ ਕਰਨ ਦੀ ਧਾਰਮਿਕ ਸਜ਼ਾ ਸੁਣਾਈ ਗਈ ਹੈ।

### ਗਿਆਨੀ ਗੁਰਮੁਖ ਸਿੰਘ ਨੂੰ ਸੁਣਾਈ ਗਈ ਧਾਰਮਿਕ ਸਜ਼ਾ







24 ਸਤੰਬਰ 2015 ਨੂੰ ਡੇਰਾ ਸਿਰਸਾ ਮੁਖੀ ਨੂੰ ਮਾਫੀ ਦੇਣ ਵਾਲੇ ਪੰਜ ਸਿੰਘ ਸਹਿਬਾਨ ਵਿਚ ਸ਼ਾਮਲ ਗਿਆਨੀ ਗੁਰਮੁਖ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਖਿਮਾ ਜਾਚਨਾ ਕੀਤੀ। ਪੰਜ ਸਿੰਘ ਸਾਹਿਬਾਨ ਵੱਲੋਂ ਗਿਆਨੀ ਗੁਰਮੁਖ ਸਿੰਘ ਦੀ ਖਿਮਾ ਯਾਚਨਾ ਪ੍ਰਵਾਨ ਕਰਦੇ ਹੋਏ 11 ਦਿਨ ਲੰਗਰ ਵਿਚ ਝੂਠੇ ਭਾਂਡੇ ਮਾਂਜਣ ਅਤੇ 11 ਦਿਨ ਜੋੜੇ ਘਰ ਵਿਚ ਸੇਵਾ ਕਰਨ ਦੇ ਨਾਲ 11 ਦਿਨ ਦੋ ਜਪੁਜੀ ਸਾਹਿਬ ਜੀ ਦੇ ਪਾਠ ਦੋ ਤ੍ਰੈ ਪ੍ਰਸ਼ਾਦ ਸਵਈਏ ਅਤੇ ਇੱਕ ਆਸਾ ਜੀ ਦੀ ਵਾਰ ਦਾ ਪਾਠ ਰੋਜ਼ਾਨਾ 11 ਦਿਨ ਕਰਕੇ 1100 ਦੀ ਕੜਾਹ ਪ੍ਰਸ਼ਾਦ ਦੀ ਦੇਗ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕਰਵਾ ਕੇ ਖਿਮਾ ਜਾਚਨਾ ਕਰਨ ਦੀ ਧਾਰਮਿਕ ਸਜ਼ਾ ਸੁਣਾਈ ਹੈ।

ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਨੇ ਭਾਈ ਰਣਜੀਤ ਸਿੰਘ ਵੱਲੋਂ ਕੀਤੀਆਂ ਗਈਆਂ ਟੱਪਣੀਆਂ 'ਤੇ ਮੰਗੀ ਗਈ ਖਿਮਾ ਜਾਚਨਾ ਅਤੇ ਅਗਾਂਹ ਤੋਂ ਹਦਾਇਤਾਂ ਦਿੱਤੀਆਂ ਗਈਆਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਹੋ ਕੇ ਸਿੱਖੀ ਦਾ ਪ੍ਰਚਾਰ ਕਰਨ ਦੇ ਫੈਸਲੇ ਨੂੰ ਢੱਡਰੀਆਂ ਵਾਲੇ ਨੇ ਪ੍ਰਵਾਨ ਕਰਦਿਆ ਖਿਮਾ ਜਾਚਨਾ ਕੀਤੀ। ਢੱਡਰੀਆਂ ਵਾਲੇ ਨੂੰ 501 ਰੁਪਏ ਸ੍ਰੀ ਅਕਾਲ ਤਖਤ ਸਾਹਿਬ 'ਤੇ ਕੜਾਹ ਪ੍ਰਸ਼ਾਦ ਵੀ ਦੇਗ ਕਰਾ ਕੇ ਖਿਮਾ ਜਾਚਨਾ ਕਰਨ ਦੀ ਅਰਦਾਸ ਕਰਨ ਫੈਸਲਾ ਸੁਣਾਇਆ ਗਿਆ, ਜਿਸ ਨੂੰ ਢੱਡਰੀਆਂ ਵਾਲੇ ਨੇ ਪ੍ਰਵਾਨ ਕੀਤਾ ਅਤੇ ਢੱਡਰੀਆਂ ਵਾਲੇ 'ਤੇ ਲਗਾਈ ਗਈ ਰੋਕ ਨੂੰ ਹਟਾਇਆ ਗਿਆ ਹੈ।

## ਅਮਰੀਕਾ ਤੋਂ ਗੈਰ ਕਾਨੂੰਨੀ ਪ੍ਰਵਾਸੀ ਸੈਲਫ ਡਿਪੋਰਟ ਹੋਣੇ ਸ਼ੁਰੂ !





**ਵਾਸ਼ਿੰਗਟਨ, (ਪੰਜਾਬ ਮੇਲ)-** ਬੀਤੇ ਦਿਨੀਂ ਅਮੀਰੀਕੀ ਪ੍ਰਸ਼ਾਸਨ ਨੇ ਐਲਾਨ ਕੀਤਾ ਸੀ ਕਿ ਜੋ ਗ਼ੈਰ-ਕਾਨੂੰਨੀ ਪ੍ਰਵਾਸੀ ਆਪਣੀ ਇੱਛਾ ਨਾਲ ਆਪਣੇ ਦੇਸ਼ ਵਾਪਸ ਜਾਣਾ ਚਾਹੁੰਦੇ ਹਨ, ਭਾਵ ਸੈਲਫ ਡਿਪੋਰਟ ਹੋਣਾ ਚਾਹੁੰਦੇ ਹਨ, ਉਨ੍ਹਾਂ ਨੂੰ ਸਰਕਾਰ 1,000 ਅਮਰੀਕੀ ਡਾਲਰ ਦੇਵੇਗੀ ਤੇ ਉਨ੍ਹਾਂ ਦੇ ਮੁਲਕ ਛੱਡਣ ਦਾ ਸਾਰਾ ਖ਼ਰਚਾ ਵੀ ਉਠਾਏਗੀ। ਇਸ ਦੌਰਾਨ ਅਮਰੀਕਾ ਨੇ ਸੈਲਫ਼ ਡਿਪੋਰਟ ਹੋਣ ਵਾਲੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਪਹਿਲੀ ਫਲਾਈਟ ਰਾਹੀਂ ਹੋਂਡੁਰਾਸ ਅਤੇ ਕੋਲੰਬੀਆ ਤੋਂ ਹਜ਼ਾਰਾਂ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜ ਦਿੱਤਾ ਹੈ।

ਉੱਤਰੀ ਹੋਂਡੂਰਾਨ ਸ਼ਹਿਰ ਸੈਨ ਪੇਡਰੋ ਸੁਲਾ ਵਿਚ 19 ਬੱਚਿਆਂ ਸਮੇਤ 38 ਹੋਂਡੂਰਾਨ ਅਮਰੀਕੀ ਸਰਕਾਰ ਤੋਂ 1,000 ਅਮਰੀਕੀ ਡਾਲਰ ਦੇ ਡੈਬਿਟ ਕਾਰਡ ਲੈ ਕੇ ਜਾਣ ਵਾਲੀ ਚਾਰਟਰ ਫਲਾਈਟ ਤੋਂ ਉਤਰ ਗਏ ਅਤੇ ਉਨ੍ਹਾਂ ਨੂੰ ਅਮਰੀਕਾ ਵਿਚ ਕਾਨੂੰਨੀ ਪ੍ਰਵੇਸ਼ ਲਈ ਅਪਲਾਈ ਕਰਨ ਲਈ ਵੀ ਇਕ ਦਿਨ ਦੀ ਇਜਾਜ਼ਤ ਦਿੱਤੀ ਗਈ।

ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ 'ਚੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਘਟਾਉਣ ਲਈ ਦੇਸ਼ ਨਿਕਾਲੇ ਦੀ ਪ੍ਰਕਿਰਿਆ ਨੂੰ ਕਾਫ਼ੀ ਤੇਜ਼ ਕੀਤਾ ਹੋਇਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਸੈਲਫ਼ ਡਿਪੋਰਟ ਦੀ ਪੇਸ਼ਕਸ਼ ਸਿਰਫ ਵਾਪਸੀ 'ਤੇ ਵਿਚਾਰ ਕਰ ਰਹੇ ਪ੍ਰਵਾਸੀਆਂ ਦੇ ਇੱਕ ਛੋਟੇ ਜਿਹੇ ਹਿੱਸੇ ਨੂੰ ਹੀ ਉਤਸ਼ਾਹਿਤ ਕਰੇਗੀ, ਪਰ ਵੱਡੇ ਪੱਧਰ 'ਤੇ ਲੋਕਾਂ ਵੱਲੋਂ ਇਸ ਨੂੰ ਅਪਣਾਇਆ ਜਾਣਾ ਮੁਮਕਿਨ ਨਹੀਂ।

## ਅਮਰੀਕਾ ਨੇ ਗੈਰ-ਕਾਨੂੰਨੀ ਪ੍ਰਵਾਸ ਨੂੰ ਲੈ ਕੇ ਭਾਰਤੀ ਟਰੈਵਲ ਏਜੰਟਾਂ 'ਤੇ ਵੀਜ਼ਾ ਪਾਬੰਦੀਆਂ ਲਗਾਈਆਂ





**ਵਾਸ਼ਿੰਗਟਨ, (ਪੰਜਾਬ ਮੇਲ) -** ਅਮਰੀਕੀ ਵਿਦੇਸ਼ ਵਿਭਾਗ ਨੇ ਸੋਮਵਾਰ ਨੂੰ ਕਿਹਾ ਕਿ ਉਹ ਭਾਰਤ-ਆਧਾਰਿਤ ਟ੍ਰੈਵਲ ਏਜੰਸੀਆਂ ਦੇ ਮਾਲਕਾਂ ਅਤੇ ਹੋਰ ਸਟਾਫ 'ਤੇ ਵੀਜ਼ਾ ਪਾਬੰਦੀਆਂ ਲਗਾ ਰਿਹਾ ਹੈ, ਜਿਸ ਬਾਰੇ ਇਹ ਕਹਿੰਦਾ ਹੈ ਕਿ ਉਹ ਜਾਣਬੁੱਝ ਕੇ ਸੰਯੁਕਤ ਰਾਜ ਅਮਰੀਕਾ ਵਿਚ ਗੈਰ-ਕਾਨੂੰਨੀ ਪ੍ਰਵਾਸ ਨੂੰ ਸੁਚਾਰੂ ਬਣਾਉਂਦੇ ਹਨ।

ਭਾਰਤ 'ਚ ਅਮਰੀਕੀ ਮਿਸ਼ਨ ਦੁਆਰਾ ਇਕੱਠੀ ਕੀਤੀ ਗਈ ਜਾਣਕਾਰੀ ਦੇ ਆਧਾਰ 'ਤੇ ਭਾਰਤ ਵਿਚ ਟ੍ਰੈਵਲ ਏਜੰਸੀਆਂ ਨਾਲ ਜੁੜੇ ਅਣਪਛਾਤੇ ਲੋਕਾਂ ਨੂੰ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ ਦੇ ਤਹਿਤ ਵੀਜ਼ਾ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਵਿਭਾਗ ਦੇ ਬੁਲਾਰੇ ਟੈਮੀ ਬਰੂਸ ਨੇ ਇੱਕ ਬਿਆਨ ਵਿਚ ਕਿਹਾ। ਵਾਸ਼ਿੰਗਟਨ ਅਕਸਰ ਨਿਸ਼ਾਨਾ ਬਣਾਏ ਗਏ ਲੋਕਾਂ ਦੇ ਨਾਮ ਪ੍ਰਕਾਸ਼ਿਤ ਕੀਤੇ ਬਿਨਾਂ ਵੀਜ਼ਾ ਪਾਬੰਦੀਆਂ ਜਾਰੀ ਕਰਦਾ ਹੈ।

■ ਬਾਕੀ ਖਬਰ ਸਫਾ 14 'ਤੇ

## ਰਾਸ਼ਟਰਪਤੀ ਟਰੰਪ ਵੱਲੋਂ ਪੁਲਾੜ ਮਿਜ਼ਾਈਲ ਰੱਖਿਆ ਪ੍ਰੋਜੈਕਟ 'ਗੋਲਡਨ ਡੋਮ' ਦਾ ਐਲਾਨ





**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੁਲਾੜ ਮਿਜ਼ਾਈਲ ਰੱਖਿਆ ਪ੍ਰੋਜੈਕਟ 'ਗੋਲਡਨ ਡੋਮ' ਦਾ ਐਲਾਨ ਕੀਤਾ ਹੈ। ਇਸ ਪ੍ਰੋਜੈਕਟ ਦਾ ਐਲਾਨ ਕਰਦੇ ਹੋਏ ਟਰੰਪ ਨੇ ਕਿਹਾ ਕਿ ਅਸੀਂ ਗੋਲਡਨ ਡੋਮ ਮਿਜ਼ਾਈਲ ਡਿਫੈਂਸ ਸ਼ੀਲਡ ਬਾਰੇ ਇੱਕ ਇਤਿਹਾਸਕ ਐਲਾਨ ਕਰ ਰਹੇ ਹਾਂ। ਇਹ ਉਹ ਚੀਜ਼ ਹੈ, ਜੋ ਅਸੀਂ ਚਾਹੁੰਦੇ ਹਾਂ। ਗੋਲਡਨ ਡੋਮ ਦੀ ਕੀਮਤ ਅਰਬਾਂ ਡਾਲਰ ਹੋਣ ਦਾ ਅਨੁਮਾਨ ਹੈ। ਗੋਲਡਨ ਡੋਮ ਦਾ ਵਿਚਾਰ ਇਜ਼ਰਾਈਲ ਦੇ ਆਇਰਨ ਡੋਮ ਤੋਂ ਪ੍ਰੇਰਿਤ ਸੀ।

ਟਰੰਪ ਨੇ ਕਿਹਾ, ਅਸੀਂ ਆਪਣਾ ਵਾਅਦਾ ਪੂਰਾ ਕਰਨ ਜਾ ਰਹੇ ਹਾਂ। ਉਸਨੇ ਅੱਗੇ ਕਿਹਾ ਕਿ ਰੋਨਾਲਡ ਰੀਗਨ (40ਵੇਂ ਅਮਰੀਕੀ ਰਾਸ਼ਟਰਪਤੀ) ਇਹ ਬਹੁਤ ਸਾਲ ਪਹਿਲਾਂ ਚਾਹੁੰਦੇ ਸਨ, ਪਰ ਉਨ੍ਹਾਂ ਕੋਲ ਤਕਨਾਲੋਜੀ ਨਹੀਂ ਸੀ। ਪਰ ਇਹ ਕੁਝ ਅਜਿਹਾ ਹੈ, ਜੋ ਸਾਡੇ ਕੋਲ ਹੋਵੇਗਾ।

ਅਸੀਂ ਇਸਨੂੰ ਉੱਚਤਮ ਪੱਧਰ 'ਤੇ ਰੱਖਾਂਗੇ। ਟਰੰਪ ਨੇ ਇਹ ਵੀ ਕਿਹਾ ਕਿ ਚੋਣ ਪ੍ਰਚਾਰ ਦੌਰਾਨ, ਮੈਂ ਅਮਰੀਕੀ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਮੈਂ ਆਪਣੇ ਦੇਸ਼ ਨੂੰ ਵਿਦੇਸ਼ੀ ਮਿਜ਼ਾਈਲ ਹਮਲੇ ਦੇ ਖ਼ਤਰੇ ਤੋਂ ਬਚਾਉਣ ਲਈ ਇੱਕ ਅਤਿ-ਆਧੁਨਿਕ ਮਿਜ਼ਾਈਲ ਰੱਖਿਆ ਢਾਲ ਬਣਾਵਾਂਗਾ ਅਤੇ ਇਹੀ ਅਸੀਂ ਅੱਜ ਕਰ ਰਹੇ ਹਾਂ। ਮਿਜ਼ਾਈਲ ਦਾ ਪਤਾ ਲਗਾਉਣ ਅਤੇ ਟਰੈਕ ਕਰਨ ਲਈ ਸੈਂਕੜੇ ਉਪਗ੍ਰਹਿ ਤਾਇਨਾਤ ਕੀਤੇ ਜਾ ਸਕਦੇ ਹਨ। ਇਸਨੂੰ ਲਾਗੂ ਕਰਨ ਵਿਚ ਕਈ ਸਾਲ ਲੱਗਣਗੇ। ਡੈਮੋਕ੍ਰੇਟਿਕ ਕਾਨੂੰਨਸਾਜ਼ਾਂ ਨੇ ਟਰੰਪ ਦੇ ਸਹਿਯੋਗੀ ਐਲੋਨ ਮਸਕ ਦੀ ਕੰਪਨੀ ਸਪੇਸਐਕਸ ਦੀ ਇਸ ਪ੍ਰੋਜੈਕਟ ਵਿਚ ਸ਼ਮੂਲੀਅਤ ਬਾਰੇ ਚਿੰਤਾਵਾਂ ਜ਼ਾਹਰ ਕੀਤੀਆਂ ਹਨ।

## ਦਿੱਲੀ 'ਚ 'ਆਪ' ਨੂੰ ਝਟਕਾ: 15 ਕੌਂਸਲਰਾਂ ਵੱਲੋਂ ਪਾਰਟੀ ਛੱਡ ਨਵੀਂ ਜਥੇਬੰਦੀ ਬਣਾਉਣ ਦਾ ਐਲਾਨ



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮੁਕੇਸ਼ ਗੋਇਲ ਤੇ ਹੋਰ ਕੌਂਸਲਰ।

**ਨਵੀਂ ਦਿੱਲੀ, (ਪੰਜਾਬ ਮੇਲ)-** ਆਮ ਆਦਮੀ ਪਾਰਟੀ ਨੂੰ ਦਿੱਲੀ ਵਿਚ ਉਦੋਂ ਵੱਡਾ ਝਟਕਾ ਲੱਗਿਆ, ਜਦੋਂ ਕੌਂਸਲਰ ਮੁਕੇਸ਼ ਗੋਇਲ ਦੀ ਅਗਵਾਈ 'ਚ 15 ਕੌਂਸਲਰਾਂ ਨੇ ਅਸਤੀਫ਼ਾ ਦੇ ਦਿੱਤਾ ਅਤੇ ਇੰਦਰਪ੍ਰਸਥ ਵਿਕਾਸ ਪਾਰਟੀ ਬਣਾਈ। ਰਾਜਧਾਨੀ ਵਿਚ 'ਆਮ ਆਦਮੀ ਪਾਰਟੀ' (ਆਪ) ਨੂੰ ਇਕ ਵੱਡਾ ਝਟਕਾ ਦਿੰਦੇ ਹੋਏ 15 ਨਗਰ ਕੌਂਸਲਰਾਂ ਨੇ ਪਾਰਟੀ ਛੱਡ ਦਿੱਤੀ ਹੈ ਅਤੇ ਇਕ ਨਵੀਂ ਸਿਆਸੀ ਜਥੇਬੰਦੀ ਬਣਾਉਣ ਦਾ ਐਲਾਨ ਕੀਤਾ ਹੈ।

ਪਾਰਟੀ ਦੇ ਸੀਨੀਅਰ ਨੇਤਾ ਮੁਕੇਸ਼ ਗੋਇਲ ਦੀ ਅਗਵਾਈ ਵਾਲੇ ਧੜੇ ਨੇ ਇੰਦਰਪ੍ਰਸਥ ਵਿਕਾਸ ਪਾਰਟੀ ਬਣਾ ਲਈ ਹੈ। ਮੀਡੀਆ ਨੂੰ ਸੰਬੋਧਨ ਕਰਦੇ ਹੋਏ ਗੋਇਲ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਨਵੀਂ ਪਾਰਟੀ ਦਿੱਲੀ ਦੇ ਲੋਕਾਂ ਦੀ ਬਿਹਤਰੀ ਲਈ ਕੰਮ ਕਰੇਗੀ। ਗੋਇਲ ਨੇ ਇਸ ਸਾਲ ਦੇ ਸ਼ੁਰੂ 'ਚ ਆਦਰਸ਼ ਨਗਰ ਤੋਂ 'ਆਪ' ਦੀ ਟਿਕਟ 'ਤੇ ਦਿੱਲੀ ਵਿਧਾਨ ਸਭਾ ਚੋਣਾਂ ਲੜੀਆਂ ਸਨ ਪਰ ਹਾਰ ਗਏ ਸਨ। ਉਹ ਦਿੱਲੀ ਨਗਰ ਨਿਗਮ ਵਿਚ ਸਦਨ ਦੇ ਸਾਬਕਾ ਆਗੂ ਹਨ।

■ ਬਾਕੀ ਖਬਰ ਸਫਾ 14 'ਤੇ

## ਹਾਈਕੋਰਟ ਵੱਲੋਂ ਪੰਜਾਬ ਦੀਆਂ ਜੇਲ੍ਹਾਂ 'ਚ ਨਸ਼ਾ ਤਸਕਰੀ ਦੇ ਮਾਮਲੇ 'ਤੇ ਸਖਤੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੀਆਂ ਜੇਲ੍ਹਾਂ ਵਿਚ ਨਸ਼ਾ ਤਸਕਰੀ ਦੇ ਮਾਮਲਿਆਂ 'ਤੇ ਸਖ਼ਤ ਰੁਖ਼ ਅਪਨਾਉਂਦਿਆਂ ਸੂਬੇ ਭਰ ਵਿਚ ਵਿਸ਼ੇਸ਼ ਜਾਂਚ ਕਮੇਟੀਆਂ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

ਅਦਾਲਤ ਨੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀ.) ਨੂੰ ਕਿਹਾ ਸੀ ਕਿ ਉਹ ਐੱਨ.ਡੀ.ਪੀ.ਐੱਸ. ਐਕਟ ਤਹਿਤ ਜੇਲ੍ਹਾਂ ਨਾਲ ਜੁੜੇ ਸਾਰੇ ਮਾਮਲਿਆਂ ਦੀ ਜਾਂਚ ਲਈ ਇੱਕ ਵਿਸ਼ੇਸ਼ ਅਧਿਕਾਰੀ ਨਿਯੁਕਤ ਕਰਨ।

ਡੀ.ਜੀ.ਪੀ. ਦੇ 16 ਮਈ ਦੇ ਆਦੇਸ਼ ਤਹਿਤ ਹੁਣ ਰੇਂਜ ਪੱਧਰ 'ਤੇ ਏ.ਡੀ.ਜੀ.ਪੀ./ਆਈ.ਜੀ.ਪੀ./ਡੀ.ਆਈ.ਜੀ. ਅਤੇ ਕਮਿਸ਼ਨਰੇਟ ਪੱਧਰ

### ■ ਸੂਬੇ ਭਰ 'ਚ ਜਾਂਚ ਕਮੇਟੀਆਂ ਬਣਾਉਣ ਦੇ ਨਿਰਦੇਸ਼






'ਤੇ ਪੁਲਿਸ ਕਮਿਸ਼ਨਰ ਦੀ ਅਗਵਾਈ 'ਚ ਜਾਂਚ ਕਮੇਟੀਆਂ ਬਣਾ ਦਿੱਤੀਆਂ ਗਈਆਂ ਹਨ। ਇਨ੍ਹਾਂ ਕਮੇਟੀਆਂ ਦੀ ਜਾਂਚ ਪ੍ਰਕਿਰਿਆ ਦੀ ਨਿਗਰਾਨੀ ਆਈ.ਪੀ.ਐੱਸ. ਅਧਿਕਾਰੀ ਅਤੇ ਐਂਟੀ ਨਾਰਕੋਟਿਕਸ ਟਾਸਕ ਫੋਰਸ (ਏ.ਐੱਨ.ਟੀ.ਐੱਫ.) ਅਤੇ ਏ.ਡੀ.ਜੀ.ਪੀ. ਨਿਲਾਭ ਕਿਸ਼ੋਰ ਕਰਨਗੇ।

ਇਸ ਤੋਂ ਪਹਿਲਾਂ ਅਦਾਲਤ ਨੇ ਅੰਮ੍ਰਿਤਸਰ (ਦਿਹਾਤੀ) ਐੱਸ.ਐੱਸ.ਪੀ. ਦੀ ਜੇਲ੍ਹ ਅਧਿਕਾਰੀਆਂ ਦੀ ਮਿਲੀ-ਭੁਗਤ ਸਬੰਧੀ ਜਾਂਚ ਵਿਚ ਲਾਪ੍ਰਵਾਹੀ ਵਰਤਣ ਲਈ ਝਾੜ-ਝੰਬ ਕੀਤੀ। ਜਸਟਿਸ ਐੱਨ.ਐੱਸ. ਸ਼ੇਖਾਵਤ ਦੇ ਬੈਂਚ ਨੇ ਕਿਹਾ ਕਿ ਜਦੋਂ ਐੱਸ.ਐੱਸ.ਪੀ. ਨੂੰ ਖ਼ੁਦ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਗਏ ਸੀ, ਤਾਂ ਉਨ੍ਹਾਂ ਇਹ ਜ਼ਿੰਮੇਵਾਰੀ ਇੱਕ ਡੀ.ਐੱਸ.ਪੀ. ਨੂੰ ਕਿਵੇਂ ਸੌਂਪ ਦਿੱਤੀ?"

■ ਬਾਕੀ ਖਬਰ ਸਫਾ 14 'ਤੇ

# ਯੁਗਾਂਡਾ ਤੋਂ ਅਮਰੀਕਾ ਆ ਰਹੇ ਜਹਾਜ਼ 'ਚ ਵਿਅਕਤੀ ਨੂੰ ਹੋਇਆ ਹਾਰਟ ਅਟੈਕ; ਜਹਾਜ਼ 'ਚ ਮੌਜੂਦ ਡਾਕਟਰ ਨੇ ਬਚਾਈ ਜਾਨ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਯੁਗਾਂਡਾ ਤੋਂ ਅਮਰੀਕਾ ਆ ਰਹੇ ਜਹਾਜ਼ ਵਿਚ ਇਕ ਵਿਅਕਤੀ ਨੂੰ ਹਾਰਟ ਅਟੈਕ ਹੋ ਜਾਣ ਉਪਰੰਤ ਜਹਾਜ਼ ਵਿਚ ਹੀ ਮੌਜੂਦਾ ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰ ਵੱਲੋਂ ਉਸ ਦੀ ਜਾਨ ਬਚਾ ਲੈਣ ਦੀ ਖਬਰ ਹੈ। ਓਕਲਾਹੋਮਾ ਦੇ ਕਾਰਡੀਆਲੋਜਿਸਟ ਡਾ. ਟੀ.ਜੇ. ਟਰੈਡ ਯੁਗਾਂਡਾ ਵਿਚ ਇਕ ਮੈਡੀਕਲ ਮਿਸ਼ਨ 'ਤੇ ਗਏ ਸਨ। ਉਨ੍ਹਾਂ ਕੋਲ ਦਵਾਈ ਤੇ ਬਹੁਤ ਛੋਟੇ ਆਕਾਰ ਦੀ ਇਲੈਕਟਰੋਕਾਰਡੀਓਗਰਾਮ ਜਾਂ ਈ.ਸੀ.ਜੀ. ਮੌਜੂਦ ਸੀ। ਇਹ ਮਸ਼ੀਨ ਕਰੈਡਿਟ ਕਾਰਡ ਜਿੱਡੀ ਹੈ ਤੇ ਦਿਲ ਦੀ ਬਿਮਾਰੀ ਦਾ ਪਤਾ ਲਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ।



ਡਾਕਟਰ ਟੀ.ਜੇ. ਟਰੈਡ ਜਹਾਜ਼ ਵਿਚ ਪੀੜਤ ਵਿਅਕਤੀ ਦਾ ਇਲਾਜ ਕਰਦੇ ਹੋਏ।

ਉਨ੍ਹਾਂ ਨੂੰ ਖੁਦ ਹਾਰਟ ਅਟੈਕ ਹੋ ਜਾਣ ਕਾਰਨ ਉਹ ਹਮੇਸ਼ਾਂ ਇਹ ਮਸ਼ੀਨ ਆਪਣੇ ਕੋਲ ਰੱਖਦੇ ਹਨ। ਵਿਅਕਤੀ ਨੇ ਛਾਤੀ ਵਿਚ ਦਰਦ ਹੋਣ ਦੀ ਸ਼ਿਕਾਇਤ ਕੀਤੀ ਤੇ ਡਾਕਟਰ ਸਮਝ ਗਿਆ ਕਿ ਇਸ ਨੂੰ ਦਿਲ ਦੀ ਸਮੱਸਿਆ ਪੈਦਾ ਹੋ ਗਈ ਹੈ। ਪੀੜਤ ਵਿਅਕਤੀ ਨੇ ਡਾਕਟਰ ਨੂੰ ਕਿਹਾ ਕਿ ਕੀ ਉਹ ਮਰ ਰਿਹਾ ਹੈ, ਤਾਂ ਟਰੈਡ ਨੇ ਜਵਾਬ ਦਿੱਤਾ ਕਿ ਅੱਜ ਤੂੰ ਨਹੀਂ ਮਰੇਂਗਾ। ਇਸ ਉਪਰੰਤ ਜਹਾਜ਼ ਵਿਚ ਹੀ ਇਲਾਜ ਲਈ ਜਗ੍ਹਾ ਬਣਾਈ ਗਈ ਤੇ ਦਵਾਈ ਦੇਣ ਦੇ ਨਾਲ-ਨਾਲ ਉਸ ਦੇ ਦਿਲ ਵਲ ਨੂੰ ਖੂਨ ਦਾ ਵਹਾਅ ਤੇਜ਼ ਕਰਨ ਲਈ ਲੱਤਾਂ ਉਪਰ ਕਰ ਦਿੱਤੀਆਂ ਗਈਆਂ। ਡਾਕਟਰ ਟਰੈਡ ਅਨੁਸਾਰ ਦਵਾਈ ਤੇ ਹੋਰ ਲੋੜੀਂਦੀ ਡਾਕਟਰੀ ਸਹਾਇਤਾ ਦੇਣ ਉਪਰੰਤ ਤਕਰੀਬਨ 45 ਮਿੰਟ ਬਾਅਦ ਪੀੜਤ ਵਿਅਕਤੀ ਦੀ ਛਾਤੀ ਦਾ ਦਰਦ ਰੁੱਕ ਗਿਆ ਤੇ ਦਿਲ ਦੀ ਧੜਕਣ ਚੰਗੀ ਹਾਲਤ ਵਿਚ ਆ ਗਈ। ਇਸ ਨੂੰ ਕਹਿੰਦੇ ਹਨ 'ਜਾ ਕੋ ਰਾਖੇ ਸਾਈਆ ਮਾਰ ਸਕੈ ਨਾ ਕੋਇ'।

# ਭਾਰਤੀ ਨਾਗਰਿਕ ਵੱਲੋਂ ਅਮਰੀਕੀ ਰਾਜਾਂ 'ਚ ਇਮੀਗ੍ਰੇਸ਼ਨ ਧੋਖਾਧੜੀ ਦਾ ਦੋਸ਼ ਸਵੀਕਾਰ

**ਹਿਊਸਟਨ, (ਪੰਜਾਬ ਮੇਲ)**- ਅਮਰੀਕਾ 'ਚ ਰਹਿਣ ਵਾਲੇ ਇੱਕ ਭਾਰਤੀ ਨਾਗਰਿਕ ਨੇ ਕਈ ਅਮਰੀਕੀ ਰਾਜਾਂ ਵਿਚ ਪ੍ਰਚੂਨ ਸਟੋਰਾਂ 'ਤੇ ਹਥਿਆਰਬੰਦ ਡਕੈਤੀ ਨੂੰ ਅੰਜਾਮ ਦੇਣ ਦਾ ਅਪਰਾਧ ਕਬੂਲ ਕੀਤਾ ਹੈ। ਉਸਨੇ ਡਕੈਤੀ ਪੀੜਤਾਂ ਨੂੰ ਅਮਰੀਕੀ ਇਮੀਗ੍ਰੇਸ਼ਨ ਲਾਭ ਪ੍ਰਾਪਤ ਕਰਨ ਲਈ ਧੋਖਾਧੜੀ ਨਾਲ ਵੀਜ਼ਾ ਪ੍ਰਾਪਤ ਕਰਨ 'ਚ ਮਦਦ ਕੀਤੀ ਅਤੇ ਉਨ੍ਹਾਂ ਤੋਂ ਪੈਸੇ ਵਸੂਲੇ। ਨਿਊਯਾਰਕ ਨਿਵਾਸੀ ਰਾਮਭਾਈ ਪਟੇਲ (37) ਮੰਗਲਵਾਰ ਨੂੰ ਬੋਸਟਨ ਵਿਚ ਅਮਰੀਕੀ ਜ਼ਿਲ੍ਹਾ ਜੱਜ ਮਯੋਂਗ ਜੇ. ਸਿਲਵੇਰੀ ਦੇ ਸਾਹਮਣੇ ਪੇਸ਼ ਹੋਏ। ਜੌਨ ਨੇ ਵੀਜ਼ਾ ਧੋਖਾਧੜੀ ਦੀ ਸਾਜ਼ਿਸ਼ ਰਚਣ ਦੇ ਇੱਕ ਦੋਸ਼ ਦਾ ਦੋਸ਼ੀ ਮੰਨਿਆ। ਇਸ ਮਾਮਲੇ ਵਿਚ ਸਜ਼ਾ 20 ਅਗਸਤ ਨੂੰ ਸੁਣਾਈ ਜਾਵੇਗੀ। ਅਮਰੀਕੀ ਸੰਘੀ ਵਕੀਲਾਂ ਅਨੁਸਾਰ ਪਟੇਲ ਅਤੇ ਇੱਕ ਸਹਿ-ਸਾਜ਼ਿਸ਼ਕਰਤਾ ਨੇ ਮਾਰਚ 2023 ਵਿਚ ਇੱਕ ਅਪਰਾਧ ਦੀ ਸ਼ੁਰੂਆਤ ਕੀਤੀ, ਜਿਸ ਦੌਰਾਨ ਉਨ੍ਹਾਂ ਨੇ ਘੱਟੋ-ਘੱਟ ਨੌਂ ਸਟੋਰਾਂ ਅਤੇ ਰੈਸਟੋਰੈਂਟਾਂ ਵਿਚ ਡਕੈਤੀਆਂ ਕੀਤੀਆਂ। ਇਨ੍ਹਾਂ ਡਕੈਤੀਆਂ ਦਾ ਉਦੇਸ਼ ਹਿੰਸਕ ਅਪਰਾਧ ਦੇ ਦ੍ਰਿਸ਼ਾਂ ਨੂੰ ਘੜਨਾ ਸੀ, ਤਾਂ ਜੋ ਸਟੋਰ ਕਲਰਕ ਜਾਂ ਮਾਲਕ 'ਯੂ ਗੈਰ-ਪ੍ਰਵਾਸੀ ਸਥਿਤੀ' (ਯੂ ਵੀਜ਼ਾ) ਲਈ ਅਰਜ਼ੀ ਦੇ ਸਕਣ। ਯੂ ਵੀਜ਼ਾ ਇੱਕ ਵਿਸ਼ੇਸ਼ ਵੀਜ਼ਾ ਹੈ, ਜੋ ਗੰਭੀਰ ਅਪਰਾਧਾਂ ਦੇ ਪੀੜਤਾਂ ਨੂੰ ਦਿੱਤਾ ਜਾਂਦਾ ਹੈ, ਜੋ ਕਾਨੂੰਨ ਲਾਗੂ ਕਰਨ ਵਾਲਿਆਂ ਦੀ ਸਹਾਇਤਾ ਕਰਦੇ ਹਨ। ਇਸ ਪੂਰੀ ਕਹਾਣੀ ਵਿਚ, ਪੀੜਤਾਂ ਨੇ ਪਟੇਲ ਨੂੰ ਵੱਡੀ ਰਕਮ ਅਦਾ ਕੀਤੀ ਸੀ। ਇਨ੍ਹਾਂ ਨਾਟਕੀ ਘਟਨਾਵਾਂ ਦੇ ਆਧਾਰ 'ਤੇ ਘੱਟੋ-ਘੱਟ ਦੋ ਵਿਅਕਤੀਆਂ ਨੇ 'ਯੂ ਵੀਜ਼ਾ' ਅਰਜ਼ੀਆਂ ਜਮ੍ਹਾਂ ਕਰਵਾਈਆਂ। ਪਟੇਲ 'ਤੇ ਦਸੰਬਰ 2023 ਵਿਚ ਦੋਸ਼ ਲਗਾਇਆ ਜਾਵੇਗਾ ਅਤੇ ਉਸਦੇ ਸਹਿ-ਸਾਜ਼ਿਸ਼ਕਰਤਾ ਸਿੰਘ ਨੂੰ 22 ਮਈ ਨੂੰ ਦੋਸ਼ੀ ਠਹਿਰਾਏ ਜਾਣ ਦੀ ਸੰਭਾਵਨਾ ਹੈ।

## ਸਿਆਟਲ ਨੇੜੇ ਗੋਲੀਬਾਰੀ ਕਾਰਨ ਇਕ ਔਰਤ ਸਮੇਤ 3 ਮੌਤਾਂ; ਇਕ ਦੀ ਹਾਲਤ ਗੰਭੀਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਡਾਊਨਟਾਊਨ ਸਿਆਟਲ ਨੇੜੇ ਹੋਈ ਗੋਲੀਬਾਰੀ 'ਚ ਇਕ ਔਰਤ ਸਮੇਤ 3 ਵਿਅਕਤੀਆਂ ਦੇ ਮਾਰੇ ਜਾਣ ਤੇ ਇਕ ਹੋਰ ਦੇ ਗੰਭੀਰ ਜ਼ਖਮੀ ਹੋ ਜਾਣ ਦੀ ਖਬਰ ਹੈ। ਸਿਆਟਲ ਪੁਲਿਸ ਵਿਭਾਗ ਵੱਲੋਂ ਜਾਰੀ ਇਕ ਪ੍ਰੈੱਸ ਬਿਆਨ ਅਨੁਸਾਰ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਪਾਇਓਨੀਰ ਸਕੁਏਅਰ ਨੇੜੇ ਘਟਨਾ ਸਥਾਨ 'ਤੇ ਅੱਧੀ ਰਾਤ ਬਾਅਦ 1 ਵਜੇ ਪੁੱਜੇ। ਮੌਕੇ ਉਪਰ ਇਕ ਔਰਤ ਸਮੇਤ 4 ਵਿਅਕਤੀ ਬੇਸੁੱਧ ਹਾਲਤ ਵਿਚ ਮਿਲੇ, ਜਿਨ੍ਹਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਜਿਨ੍ਹਾਂ ਵਿਚੋਂ ਇਕ ਔਰਤ ਸਮੇਤ 3 ਜਣਿਆਂ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ, ਜਦਕਿ ਚੌਥੇ ਵਿਅਕਤੀ ਨੂੰ ਗੰਭੀਰ ਹਾਲਤ ਵਿਚ ਹਾਰਬੋਰਵਿਊ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਵਿਭਾਗ ਦੇ ਬਰੀਅਨ ਪ੍ਰਿਚਰਡ ਨੇ ਈ ਮੇਲ 'ਤੇ ਭੇਜੇ ਇਕ ਬਿਆਨ ਵਿਚ ਕਿਹਾ ਹੈ ਕਿ ਗੋਲੀਬਾਰੀ ਦੇ ਕਾਰਨ ਬਾਰੇ ਜਾਂਚ ਕੀਤੀ ਜਾ ਰਹੀ ਤੇ ਅਜੇ ਤੱਕ ਇਸ ਮਾਮਲੇ ਵਿਚ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਕੀਮਤਾਂ 'ਚ ਵਾਧੇ ਦਾ ਦੋਸ਼ ਟੈਰਿਫ਼ 'ਤੇ ਲਾਉਣ ਦੀ ਕੋਸ਼ਿਸ਼ ਬੰਦ ਹੋਵੇ; ਡੋਨਾਲਡ ਟਰੰਪ ਵੱਲੋਂ ਤਾੜਨਾ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਦਿਓਕੱਦ ਪ੍ਰਚੂਨ ਵਿਕ੍ਰੇਤਾ ਵਾਲਮਾਰਟ ਵੱਲੋਂ ਕੀਮਤਾਂ ਵਿਚ ਹੋਰ ਵਾਧਾ ਹੋ ਜਾਣ ਦਾ ਐਲਾਨ ਕਰਨ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਖਤ ਤਾੜਨਾ ਕਰਦਿਆਂ ਕਿਹਾ ਹੈ ਕਿ ਕੀਮਤਾਂ ਵਿਚ ਵਾਧੇ ਦਾ ਦੋਸ਼ ਟੈਰਿਫ ਉਪਰ ਮੜਨ ਦੀ ਕੋਸ਼ਿਸ਼ ਬੰਦ ਕਰਨ ਦੀ ਲੋੜ ਹੈ। ਵਾਲਮਾਰਟ ਦੇ ਸੀ.ਈ.ਓ. ਡੋਗਲਸ ਮੈਕਮਿਲਨ ਨੇ ਕਿਹਾ ਹੈ ਕਿ ਟਰੰਪ ਦੇ ਟੈਰਿਫ਼ ਖਾਸ ਤੌਰ 'ਤੇ ਚੀਨੀ ਵਸਤਾਂ ਉਪਰ ਬਹੁਤ ਜ਼ਿਆਦਾ ਹੋਣ ਕਾਰਨ ਕੀਮਤਾਂ ਵਧ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਸੀਂ ਕੀਮਤਾਂ ਨੂੰ ਘੱਟ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ ਪਰੰਤੂ ਇਸ ਹਫਤੇ ਟੈਰਿਫ਼ ਘਟਾਉਣ ਦਾ ਐਲਾਨ ਕਰਨ ਦੇ ਬਾਵਜੂਦ ਟੈਰਿਫ਼ ਜ਼ਿਆਦਾ ਹਨ, ਜਿਸ ਕਾਰਨ ਅਸੀਂ ਦਬਾਅ ਝਲ ਨਹੀਂ ਸਕਾਂਗੇ ਕਿਉਂਕਿ ਪਹਿਲਾਂ ਹੀ ਸਮਾਨ ਬਹੁਤ ਘੱਟ ਮੁਨਾਫ਼ੇ 'ਤੇ ਵੇਚਿਆ ਜਾ ਰਿਹਾ ਹੈ। ਟਰੰਪ ਨੇ ਇਸ ਦੇ ਜਵਾਬ 'ਚ ਸੋਸ਼ਲ ਮੀਡੀਆ ਟਰੁੱਥ ਉਪਰ ਕਿਹਾ ਹੈ ਕਿ "ਜਿਥੋਂ ਤੱਕ ਵਾਲਮਾਰਟ ਤੇ ਚੀਨ ਦਾ ਸਬੰਧ ਹੈ, ਟੈਰਿਫ਼ ਨੂੰ ਭੁੱਲਣਾ ਪਵੇਗਾ ਤੇ ਗਾਹਕ ਕੋਲੋਂ ਵਾਧੂ ਪੈਸਾ ਨਹੀਂ ਲਿਆ ਜਾਵੇਗਾ। ਮੈਂ ਨਜ਼ਰ ਰੱਖ ਰਿਹਾ ਹਾਂ ਤੇ ਮੈਂ ਤੁਹਾਡਾ ਗਾਹਕ ਵੀ ਹਾਂ।" ਦੂਸਰੇ ਪਾਸੇ ਆਰਥਿਕ ਮਾਹਿਰਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਟੈਰਿਫ਼ ਦਾ ਬੋਝ ਗਰੀਬ ਤੇ ਮੱਧ ਵਰਗ ਅਮਰੀਕੀਆਂ ਉਪਰ ਪਵੇਗਾ, ਜੋ ਵਾਲਮਾਰਟ ਦੇ ਮੂਲ ਗਾਹਕ ਹਨ। ਇਹ ਗਾਹਕ ਵਾਲਮਾਰਟ ਕੋਲੋਂ ਬਿਨਾਂ ਕੋਈ ਬਹਿਸ ਕੀਤਿਆਂ ਚੁੱਪਚਾਪ ਖਰੀਦਦਾਰੀ ਕਰਦੇ ਹਨ। ਖਾਸ ਤੌਰ 'ਤੇ ਕਰਿਆਨੇ ਦੀ ਖਰੀਦਦਾਰੀ ਇਨ੍ਹਾਂ ਵੱਲੋਂ ਕੀਤੀ ਜਾਂਦੀ ਹੈ। ਕੰਪਨੀ ਦੇ ਵਿੱਤ ਵਿਭਾਗ ਦੇ ਮੁਖੀ ਜੌਹਨ ਡੇਵਿਡ ਰੇਨੀ ਨੇ ਕਿਹਾ ਹੈ ਕਿ ਮਈ ਦੇ ਅੰਤ ਵਿਚ ਵਾਲਮਾਰਟ ਵੱਲੋਂ ਕੀਮਤਾਂ ਵਿਚ ਵਾਧਾ ਲਾਗੂ ਹੋਣ ਦੀ ਸੰਭਾਵਨਾ ਹੈ ਤੇ ਜੂਨ ਵਿਚ ਕੀਮਤਾਂ ਹੋਰ ਵਧ ਜਾਣਗੀਆਂ। ਹਾਲ ਹੀ ਵਿਚ ਅਮਰੀਕਾ ਤੇ ਚੀਨ ਵਿਚਾਲੇ 90 ਦਿਨਾਂ ਲਈ ਹੋਈ ਸਹਿਮਤੀ ਤਹਿਤ ਚੀਨੀ ਦਰਾਮਦ ਉਪਰ 30% ਟੈਰਿਫ਼ ਲੱਗੇਗਾ ਤੇ ਅਮਰੀਕੀ ਵਸਤਾਂ ਉਪਰ ਚੀਨ 10% ਟੈਰਿਫ਼ ਵਸੂਲੇਗਾ। ਇਥੇ ਜ਼ਿਕਰਯੋਗ ਹੈ ਕਿ ਵਾਲਮਾਰਟ ਦੇ ਅਮਰੀਕਾ ਵਿਚ 4600 ਤੋਂ ਵਧ ਸੋਟਰ ਹਨ ਤੇ ਉਹ ਕੈਨੇਡਾ, ਚੀਨ, ਮੈਕਸੀਕੋ ਤੇ ਵਿਅਤਨਾਮ ਸਮੇਤ ਹੋਰ ਦੇਸ਼ਾਂ ਤੋਂ ਦਰਾਮਦ ਕਰਦਾ ਹੈ।

Global Allianz
LAW FIRM LLP
ਕਾਨੂੰਨੀ ਸਲਾਹਾਂ
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਗ੍ਰੀਨ ਕਾਰਡ ਲਈ ਵਿਆਹ ਦਾ ਝੂਠਾ ਦਾਅਵਾ ਕਰਨ ਵਾਲਾ ਭਾਰਤੀ-ਗੁਜਰਾਤੀ ਗ੍ਰਿਫ਼ਤਾਰ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕਾ ਦੇ ਸ਼ਿਕਾਗੋ ਵਿਚ ਰਹਿਣ ਵਾਲੇ ਮੇਹਸਾਣਾ ਗੁਜਰਾਤ ਦੇ ਇੱਕ ਨੌਜਵਾਨ ਨੇ ਗ੍ਰੀਨ ਕਾਰਡ ਲਈ ਫਰਜ਼ੀ ਵਿਆਹ ਕਰਵਾਇਆ ਸੀ। ਪਰ ਗ੍ਰੀਨ ਕਾਰਡ ਮਿਲਣ ਦੇ ਮੁੱਦੇ ਨੂੰ ਛੱਡ ਕੇ, ਉਸ ਨੇ ਇੱਕ ਜਾਅਲੀ ਵਿਆਹ ਕਰਵਾ ਕੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਮੁਸੀਬਤ ਵਿਚ ਪਾ ਲਿਆ ਹੈ। ਜਿਸ ਕੁੜੀ ਨਾਲ ਉਸ ਨੇ ਵਿਆਹ ਕੀਤਾ ਸੀ, ਉਹ ਹੁਣ ਉਸ ਨੂੰ ਬਲੈਕਮੇਲ ਕਰਨ ਲੱਗ ਪਈ ਹੈ। ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਜਾਣ ਵਾਲੇ ਗੁਜਰਾਤੀਆਂ ਲਈ ਕਾਨੂੰਨੀ ਬਣਨ ਦੇ ਵਿਕਲਪ ਬਹੁਤ ਘੱਟ ਹਨ ਅਤੇ ਹੁਣ ਟਰੰਪ ਪ੍ਰਸ਼ਾਸਨ ਦੇ ਅਧੀਨ ਵਧੇ ਜਾਂ ਘਟੇ ਤਿੰਨ ਵਿਕਲਪ ਵੀ ਲਗਭਗ ਬੰਦ ਹੋ ਗਏ ਹਨ।

ਗ੍ਰੀਨ ਕਾਰਡ ਲਈ ਨਕਲੀ ਵਿਆਹਾਂ ਵਿਚ ਵੀ ਕੁਝ ਅਜਿਹਾ ਹੀ ਹੋਇਆ ਹੈ ਅਤੇ ਇੱਕ ਭਾਰਤੀ-ਗੁਜਰਾਤੀ ਜਿਸ ਨੇ ਆਪਣੀ ਬੁੱਧੀ ਦੀ ਵਰਤੋਂ ਕਰਕੇ ਇੱਕ ਅਮਰੀਕੀ ਨਾਗਰਿਕ ਕੁੜੀ ਨਾਲ ਵਿਆਹ ਕਰਵਾਇਆ ਸੀ, ਹੁਣ ਲੰਬੇ ਸਮੇਂ ਤੋਂ ਜੇਲ੍ਹ 'ਚ ਫਸਿਆ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਮਹਿਸਾਣਾ ਗੁਜਰਾਤ ਦਾ ਇਹ ਵਿਅਕਤੀ ਪਹਿਲਾਂ ਨਿਊਯਾਰਕ ਵਿਚ ਰਹਿੰਦਾ ਸੀ ਅਤੇ ਹੁਣ ਸ਼ਿਕਾਗੋ ਸ਼ਿਫਟ ਹੋ ਗਿਆ ਹੈ। ਸੰਨ 2023 ਵਿਚ ਆਪਣੀ ਜ਼ਮੀਨ ਵੇਚ ਕੇ ਅਮਰੀਕਾ ਆ ਗਿਆ। ਭਾਰਤ ਵਿਚ ਨਿਯਮਤ ਨੌਕਰੀ ਕਰਨ ਵਾਲਾ ਜਿਸ ਦਾ ਨਾਂ ਰੌਣਕ ਦੱਸਿਆ ਜਾਂਦਾ ਹੈ, ਉਸ ਕੋਲ ਅਮਰੀਕਾ ਜਾਣ ਤੋਂ ਇਲਾਵਾ ਕੋਈ ਹੋਰ ਵਿਕਲਪ ਨਹੀਂ ਸੀ, ਕਿਉਂਕਿ ਉਸਦਾ 27 ਸਾਲ ਦੀ ਉਮਰ ਵਿਚ ਵੀ ਵਿਆਹ ਨਹੀਂ ਹੋਇਆ ਸੀ। ਉਸਨੇ ਸੋਚਿਆ ਕਿ ਅਮਰੀਕਾ ਵਿਚ ਕਿਸੇ ਕਿਸਮ ਦੀ ਨੌਕਰੀ ਸ਼ੁਰੂ ਕਰਨ ਤੋਂ ਬਾਅਦ, ਇੱਕ ਵਾਰ ਜਦੋਂ ਉਸਦੇ ਕੋਲ ਕੁਝ ਪੂੰਜੀ ਆ ਜਾਂਦੀ ਹੈ, ਤਾਂ ਉਹ ਆਪਣਾ ਕਾਰੋਬਾਰ ਸ਼ੁਰੂ ਕਰ ਸਕਦਾ ਹੈ ਅਤੇ ਜ਼ਿੰਦਗੀ ਵਿਚ ਅਮਰੀਕਾ ਵਿਚ ਸੈਟਲ ਹੋ ਸਕਦਾ ਹੈ।

ਗੁਜਰਾਤੀ-ਭਾਰਤੀ ਰੌਣਕ ਨੇ ਸਖ਼ਤ ਮਿਹਨਤ ਕਰਕੇ 50,000 ਡਾਲਰ ਬਚਾਏ ਸਨ, ਪਰ 2024 ਵਿਚ ਅਮਰੀਕਾ ਦੀ ਸਥਿਤੀ ਕਿਵੇਂ ਬਦਲ ਗਈ ਸੀ, ਇਹ ਦੇਖ ਕੇ ਰੌਣਕ ਨੂੰ ਲੱਗਾ ਕਿ ਜੇਕਰ ਉਹ ਇਸ ਦੇਸ਼ ਵਿਚ ਸ਼ਾਂਤੀ ਨਾਲ ਰਹਿਣਾ ਚਾਹੁੰਦਾ ਹੈ ਅਤੇ ਆਪਣਾ ਕਾਰੋਬਾਰ ਚਲਾਉਣਾ ਚਾਹੁੰਦਾ ਹੈ, ਤਾਂ ਉਸਨੂੰ ਕਾਨੂੰਨੀ ਬਣਨਾ ਜ਼ਰੂਰੀ ਹੋਣਾ ਪਵੇਗਾ। ਇਸ ਲਈ ਉਸਨੇ ਸ਼ੁਰੂ ਵਿਚ ਯੂ ਵੀਜ਼ਾ ਲਈ ਡਕੈਤੀ ਦਾ ਜਾਅਲੀ ਸਬੂਤ ਬਣਾਉਣ ਦੀ ਯੋਜਨਾ ਬਣਾਈ, ਪਰ ਕਿਉਂਕਿ ਉਸਦੀ ਨੌਕਰੀ ਉਸ ਸਮੇਂ ਨਿਊਯਾਰਕ ਸਿਟੀ ਵਿਚ ਸੀ, ਇਸ ਲਈ ਉੱਥੇ ਡਕੈਤੀ ਦਾ ਜਾਅਲੀ ਸਬੂਤ ਬਣਾਉਣਾ ਮੁਸ਼ਕਲ ਸੀ ਅਤੇ ਜੇਕਰ ਉਹ ਚੋਰੀ ਕਰਦਾ ਫੜਿਆ ਜਾਂਦਾ, ਤਾਂ ਰੌਣਕ ਨੂੰ ਸਿੱਧਾ ਜੇਲ੍ਹ ਜਾਣਾ ਪੈਂਦਾ। ਇਸ ਲਈ ਕਿਸੇ ਨੇ ਰੌਣਕ ਨੂੰ ਨਿਊਯਾਰਕ ਸ਼ਹਿਰ ਛੱਡ ਕੇ ਕਿਸੇ ਪੇਂਡੂ ਖੇਤਰ ਜਾਂ ਛੋਟੇ ਕਸਬੇ ਵਿਚ ਨੌਕਰੀ ਲੱਭਣ ਲਈ ਵੀ ਕਿਹਾ, ਪਰ ਕਿਉਂਕਿ ਨਿਊਯਾਰਕ ਵਿੱਚ ਚੰਗੀ ਤਨਖਾਹ ਉਸ ਨੂੰ ਮਿਲਦੀ ਸੀ, ਇਸ ਲਈ ਰੌਣਕ ਆਪਣੀ ਮੌਜੂਦਾ ਨੌਕਰੀ ਛੱਡ ਕੇ ਕਿਤੇ ਹੋਰ ਜਾਣ ਲਈ ਤਿਆਰ ਨਹੀਂ ਸੀ। ਇਸ ਤੋਂ ਇਲਾਵਾ ਯੂ ਵੀਜ਼ਾ ਦੀ ਇੱਕ ਹੋਰ ਸਮੱਸਿਆ ਇਹ ਸੀ ਕਿ ਇਸ ਲਈ ਅਰਜ਼ੀ ਦੇਣ ਤੋਂ ਬਾਅਦ ਗ੍ਰੀਨ ਕਾਰਡ ਲਈ ਪੰਦਰਾਂ ਸਾਲ ਦੀ ਉਡੀਕ ਕਰਨੀ ਪੈਂਦੀ ਸੀ ਅਤੇ ਉਦੋਂ ਤੱਕ ਅਮਰੀਕਾ ਛੱਡਣਾ ਅਸੰਭਵ ਸੀ ਕਿਉਂਕਿ ਰੌਣਕ ਦਾ ਸ਼ਰਣ ਕੇਸ ਵੀ ਚੱਲ ਰਿਹਾ ਸੀ। ਪਰ ਫਰਜੀ ਵਿਆਹ ਦੇ ਚੱਕਰ ਵਿਚ ਹੁਣ ਉਹ ਜੇਲ੍ਹ ਵਿਚ ਨਜ਼ਰਬੰਦ ਹੈ।

# ਪ੍ਰਵਾਸੀ ਨੂੰ ਗ੍ਰਿਫ਼ਤਾਰੀ ਤੋਂ ਬਚਾਉਣ ਦੇ ਮਾਮਲੇ 'ਚ ਜੱਜ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ; ਦਰਖਾਸਤ ਦਾਇਰ



ਜੱਜ ਹਨਾਹ ਡੂਗਨ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਮਿਲਵਾਕੀ ਕਾਊਂਟੀ ਸਰਕਟ ਜੱਜ ਹਨਾਹ ਡੂਗਨ ਨੇ ਦਾਇਰ ਦਰਖਾਸਤ ਵਿਚ ਕਿਹਾ ਹੈ ਕਿ ਉਹ ਦੋਸ਼ੀ ਨਹੀਂ ਹੈ। ਸੰਘੀ ਦੋਸ਼ਾਂ ਅਨੁਸਾਰ ਜੱਜ ਨੇ ਇਕ ਗੈਰ ਕਾਨੂੰਨੀ ਪ੍ਰਵਾਸੀ ਦੀ ਇਮੀਗ੍ਰੇਸ਼ਨ ਏਜੰਟਾਂ ਦੀ ਗਿਫਤਾਰੀ ਤੋਂ ਬਚਣ ਵਿਚ ਮਦਦ ਕੀਤੀ। ਡਾਊਨ ਟਾਊਨ ਮਿਲਵਾਕੀ ਵਿਚ ਸੁਣਵਾਈ ਮੌਕੇ ਅਦਾਲਤ ਦੇ ਬਾਹਰ ਲੋਕਾਂ ਨੇ ਜੱਜ ਦੇ ਹੱਕ ਵਿਚ ਪ੍ਰਦਰਸ਼ਨ ਕੀਤਾ। ਸੁਣਵਾਈ ਕੇਵਲ 5 ਮਿੰਟ ਤੋਂ ਵੀ ਘੱਟ ਸਮੇਂ ਵਿਚ ਮੁਕੰਮਲ ਹੋ ਗਈ। ਡੂਗਨ ਦੇ ਪ੍ਰਮੁੱਖ ਵਕੀਲ ਸਾਬਕਾ ਯੂ.ਐੱਸ. ਅਟਾਰਨੀ ਸਟੀਵ ਬਿਸਕੂਪਿਕ ਨੇ ਉਸ ਦੀ ਤਰਫੋਂ ਦਰਖਾਸਤ ਦਾਇਰ ਕੀਤੀ, ਜਿਸ ਵਿਚ ਕਿਹਾ ਗਿਆ ਹੈ ਕਿ ਉਹ ਨਿਰਦੋਸ਼ ਹੈ। ਬਕਾਇਦਾ ਮੁਕੱਦਮੇ ਦੀ ਸ਼ੁਰੂਆਤ 21 ਜੁਲਾਈ ਤੋਂ ਹੋਵੇਗੀ। ਯੂ.ਐੱਸ. ਡਿਸਟ੍ਰਿਕਟ ਜੱਜ ਲਿਨ ਐਡਲਮੈਨ ਮਾਮਲੇ ਦੀ ਸੁਣਵਾਈ ਕਰਨਗੇ, ਹਾਲਾਂਕਿ ਹੋਰ ਜੱਜ ਵੀ ਉਨ੍ਹਾਂ ਦੀ ਮਦਦ ਕਰਨਗੇ।

# ਅਮਰੀਕਾ 'ਚ ਭਾਰਤੀ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਮਨਾਉਣ ਲਈ ਮਤਾ ਪਾਸ

**ਨਿਊਯਾਰਕ, (ਪੰਜਾਬ ਮੇਲ)**- ਅਮਰੀਕਾ ਵਿਖੇ ਨਿਊਯਾਰਕ ਸਟੇਟ ਸੈਨੇਟ ਨੇ ਪਹਿਲੀ ਵਾਰ ਰਸਮੀ ਤੌਰ 'ਤੇ ਭਾਰਤੀ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਦੇ ਸਨਮਾਨ ਵਿਚ ਇੱਕ ਮਤਾ ਅਪਣਾਇਆ ਹੈ। ਨਿਊਯਾਰਕ ਸਟੇਟ ਸੈਨੇਟਰ ਜੇਰੇਮੀ ਕੂਨੀ, ਜੋ ਕਿ ਇਸ ਸਮੇਂ ਨਿਊਯਾਰਕ ਸਟੇਟ ਸੈਨੇਟ ਵਿਚ ਸੇਵਾ ਨਿਭਾ ਰਹੇ ਭਾਰਤੀ ਮੂਲ ਦੇ ਇਕਲੌਤੇ ਮੈਂਬਰ ਹਨ, ਨੇ ਇਹ ਇਤਿਹਾਸਕ ਮਤਾ ਪੇਸ਼ ਕੀਤਾ, ਜਿਸ ਨੂੰ ਇੱਕ ਸਮਾਰੋਹ ਵਿਚ ਅਪਣਾਇਆ ਗਿਆ। ਇਸ ਸਮਾਗਮ ਵਿਚ ਨਿਊਯਾਰਕ ਵਿਚ ਭਾਰਤ ਦੇ ਕੌਂਸਲ ਜਨਰਲ ਬਿਨੈ ਪ੍ਰਧਾਨ ਤੋਂ ਇਲਾਵਾ ਭਾਰਤੀ-ਅਮਰੀਕੀ ਭਾਈਚਾਰੇ ਦੇ ਪ੍ਰਮੁੱਖ ਮੈਂਬਰਾਂ ਨੇ ਵੀ ਸ਼ਿਰਕਤ ਕੀਤੀ।

ਕੂਨੀ ਨੇ ਕਿਹਾ, "ਮੈਂ ਇਹ ਮਤਾ ਭਾਰਤ ਦੇ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਦੇ ਸਨਮਾਨ 'ਚ ਭਾਰਤ ਦੀ ਆਜ਼ਾਦੀ ਦਾ ਜਸ਼ਨ ਮਨਾਉਣ ਅਤੇ ਉਨ੍ਹਾਂ ਬਹਾਦਰ ਭਾਰਤੀਆਂ ਦਾ ਸਨਮਾਨ ਕਰਨ ਲਈ ਪੇਸ਼ ਕਰ ਰਿਹਾ ਹਾਂ, ਜਿਨ੍ਹਾਂ ਨੇ ਆਪਣੇ ਦੇਸ਼ ਵਾਸੀਆਂ ਦੀ ਭਲਾਈ ਲਈ ਆਪਣੀਆਂ ਜਾਨਾਂ ਜ਼ੋਖਮ ਵਿਚ ਪਾ ਦਿੱਤੀਆਂ।" ਇਹ ਇੱਕ ਮਹੱਤਵਪੂਰਨ ਘਟਨਾਕ੍ਰਮ ਹੈ ਕਿਉਂਕਿ ਇਹ ਪਹਿਲੀ ਵਾਰ ਹੈ ਕਿ ਭਾਰਤੀ ਸੰਵਿਧਾਨ ਦਾ ਸਨਮਾਨ ਕਰਨ ਵਾਲਾ ਮਤਾ ਅਮਰੀਕਾ ਦੇ ਕਿਸੇ ਵੀ ਵਿਧਾਨ ਸਭਾ ਵਿਚ ਪੇਸ਼ ਅਤੇ ਅਪਣਾਇਆ ਗਿਆ ਹੈ। ਭਾਰਤ ਦੇ ਸੁਤੰਤਰਤਾ ਦਿਵਸ, ਗਣਤੰਤਰ ਦਿਵਸ ਪ੍ਰਮੁੱਖ ਤਿਉਹਾਰਾਂ ਅਤੇ ਹੋਰ ਮੌਕਿਆਂ ਨੂੰ ਮਨਾਉਣ ਲਈ ਪਹਿਲਾਂ ਵੀ ਕਈ ਪ੍ਰਸਤਾਵ ਪੇਸ਼ ਕੀਤੇ ਗਏ ਹਨ।

ਨਿਊਯਾਰਕ 'ਚ ਭਾਰਤ ਦੇ ਕੌਂਸਲੇਟ ਜਨਰਲ ਨੇ 'ਐਕਸ' 'ਤੇ ਇੱਕ ਪੋਸਟ ਵਿਚ ਕਿਹਾ, "ਭਾਰਤੀ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਮਨਾ ਰਹੇ ਹਾਂ! ਨਿਊਯਾਰਕ ਸਟੇਟ ਸੈਨੇਟ ਨੇ ਸੈਨੇਟਰ ਜੇਰੇਮੀ ਕੂਨੀ ਦੁਆਰਾ ਭਾਰਤੀ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਦੀ ਯਾਦ ਵਿਚ ਪੇਸ਼ ਕੀਤੇ ਗਏ ਇੱਕ ਮਤੇ ਨੂੰ ਅਪਣਾਇਆ। "ਇਹ ਮਤਾ ਭਾਰਤ ਦੇ ਲੋਕਤੰਤਰੀ ਮੁੱਲਾਂ ਅਤੇ ਆਜ਼ਾਦੀ, ਨਿਆਂ ਅਤੇ ਸਮਾਨਤਾ ਪ੍ਰਤੀ ਸੰਯੁਕਤ ਰਾਜ ਅਮਰੀਕਾ ਨਾਲ ਇਸਦੀ ਸਾਂਝੀ ਵਚਨਬੱਧਤਾ ਦਾ ਜਸ਼ਨ ਮਨਾਉਂਦਾ ਹੈ," ਇਸ ਵਿਚ ਕਿਹਾ ਗਿਆ ਹੈ। ਬਿਨੈ ਸ਼੍ਰੀਕਾਂਤ ਨੇ ਭਾਰਤੀ-ਅਮਰੀਕੀ ਭਾਈਚਾਰੇ ਦੇ ਮੈਂਬਰਾਂ ਨਾਲ ਸਮਾਰੋਹ ਵਿਚ ਸ਼ਿਰਕਤ ਕੀਤੀ। ਇਹ ਸਾਂਝੇ ਲੋਕਤੰਤਰੀ ਆਦਰਸ਼ਾਂ ਅਤੇ ਸੱਭਿਆਚਾਰਕ ਸਬੰਧਾਂ ਦਾ ਜਸ਼ਨ ਸੀ।"

# ਟਰੰਪ ਨੇ ਪਾਕਿਸਤਾਨ ਦੇ ਆਸਿਮ ਮੁਨੀਰ ਨਾਲ ਕੀਤੀ ਕ੍ਰਿਪਟੋ ਡੀਲ!



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਭਾਰਤ ਅਤੇ ਪਾਕਿਸਤਾਨ ਵਿਚਕਾਰ ਹੋਈ ਜੰਗਬੰਦੀ ਦਾ ਸਿਹਰਾ ਆਪਣੇ ਸਿਰ ਲੈਣ ਦੀ ਕੋਸ਼ਿਸ਼ ਕਰ ਰਹੇ ਹਨ। ਟਰੰਪ ਨੇ ਦਾਅਵਾ ਕੀਤਾ ਕਿ ਉਸਨੇ ਦੋਵਾਂ ਦੇਸ਼ਾਂ ਨੂੰ ਯੁੱਧ ਦੀ ਬਜਾਏ ਕਾਰੋਬਾਰ ਦੀ ਪੇਸ਼ਕਸ਼ ਕੀਤੀ ਸੀ। ਹਾਲ ਹੀ ਵਿਚ ਹੋਏ ਖੁਲਾਸੇ ਮੁਤਾਬਕ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਅਤੇ ਭਾਰਤ ਦੇ ਫੌਜੀ ਜਵਾਬ ਆਪ੍ਰੇਸ਼ਨ ਸਿੰਦੂਰ ਤੋਂ ਕੁਝ ਦਿਨ ਪਹਿਲਾਂ ਪਾਕਿਸਤਾਨ ਵਿਚ ਇੱਕ ਹਾਈ-ਪ੍ਰੋਫਾਈਲ ਕ੍ਰਿਪਟੋ ਸੌਦੇ 'ਤੇ ਹਸਤਾਖਰ ਕੀਤੇ ਗਏ ਸਨ। ਇਸ ਸੌਦੇ ਦੀ ਹੁਣ ਭਾਰਤ ਅਤੇ ਅਮਰੀਕਾ ਦੋਵਾਂ ਵਿਚ ਜਾਂਚ ਚੱਲ ਰਹੀ ਹੈ ਕਿਉਂਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਰਿਵਾਰ ਅਤੇ ਪਾਕਿਸਤਾਨੀ ਫੌਜ ਮੁਖੀ ਅਸੀਮ ਮੁਨੀਰ ਦੀ ਸ਼ਮੂਲੀਅਤ ਸਾਹਮਣੇ ਆਈ ਹੈ।

ਅਮਰੀਕੀ ਕੰਪਨੀ ਵਰਲਡ ਲਿਬਰਟੀ ਫਾਈਨੈਂਸ਼ੀਅਲ (ਡਬਲਯੂ.ਐੱਲ.ਐੱਫ.) ਦੇ ਪਾਕਿਸਤਾਨ ਨਾਲ ਹੋਏ ਸੌਦੇ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਡਬਲਯੂ.ਐੱਲ.ਐੱਫ. ਇੱਕ ਕ੍ਰਿਪਟੋਕਰੰਸੀ ਫਰਮ ਹੈ, ਜਿਸ ਵਿਚ ਡੋਨਾਲਡ ਟਰੰਪ ਦੇ ਪਰਿਵਾਰ ਦੀ 60 ਪ੍ਰਤੀਸ਼ਤ ਹਿੱਸੇਦਾਰੀ ਹੈ। ਇਸ ਸੌਦੇ ਵਿਚ ਟਰੰਪ ਦੇ ਪਰਿਵਾਰ ਅਤੇ ਪਾਕਿਸਤਾਨੀ ਫੌਜ ਮੁਖੀ ਅਸੀਮ ਮੁਨੀਰ ਦੀ ਸ਼ਮੂਲੀਅਤ ਨੇ ਅਮਰੀਕੀ ਰਾਸ਼ਟਰਪਤੀ ਦੀ ਹਾਲੀਆ ਸਰਗਰਮੀ 'ਤੇ ਸਵਾਲ ਖੜ੍ਹੇ ਕੀਤੇ ਹਨ। ਇਹ ਸੌਦਾ ਅਮਰੀਕੀ ਕ੍ਰਿਪਟੋ ਫਰਮ ਵਰਲਡ ਲਿਬਰਟੀ ਫਾਈਨੈਂਸ਼ੀਅਲ ਅਤੇ ਪਾਕਿਸਤਾਨ ਦੀ ਨਵੀਂ ਬਣੀ ਸੰਸਥਾ, ਪਾਕਿਸਤਾਨ ਕ੍ਰਿਪਟੋ ਕੌਂਸਲ ਵਿਚਕਾਰ ਹੋਇਆ ਸੀ। ਇਸ ਸੌਦੇ ਦੀ ਜਾਣਕਾਰੀ ਸਾਹਮਣੇ ਆਉਣ ਤੋਂ ਬਾਅਦ ਰਾਜਨੀਤਿਕ ਅਤੇ ਸੁਰੱਖਿਆ ਮਾਹਿਰਾਂ ਵਿਚ ਡੂੰਘੀ ਚਿੰਤਾ ਦੇਖੀ ਜਾ ਰਹੀ ਹੈ।

ਨਿੱਜੀ ਮਾਲਕੀ ਵਾਲੀ ਅਮਰੀਕੀ ਕ੍ਰਿਪਟੋਕਰੰਸੀ ਫਰਮ ਅਤੇ ਪਾਕਿਸਤਾਨ ਦੀ ਕ੍ਰਿਪਟੋ ਕੌਂਸਲ ਵਿਚਕਾਰ ਲਗਭਗ ਇੱਕ ਮਹੀਨਾ ਪੁਰਾਣੇ ਸੌਦੇ ਵਿਚ ਕੁਝ ਉੱਚ-ਪ੍ਰੋਫਾਈਲ ਵਿਅਕਤੀਆਂ ਦੀਆਂ ਗਤੀਵਿਧੀਆਂ ਵਿਚ ਵਾਧਾ ਦੇਖਿਆ ਗਿਆ ਹੈ। ਡਬਲਯੂ.ਐੱਲ.ਐੱਫ. ਇੱਕ ਵਿੱਤੀ ਤਕਨੀਕੀ ਉੱਦਮ ਜੋ ਕਿ ਕ੍ਰਿਪਟੋਕਰੰਸੀ ਅਤੇ ਬਲਾਕਚੈਨ 'ਤੇ ਕੇਂਦ੍ਰਿਤ ਹੈ, ਰਾਸ਼ਟਰਪਤੀ ਟਰੰਪ ਦੇ ਪੁੱਤਰਾਂ ਏਰਿਕ ਅਤੇ ਡੋਨਾਲਡ ਜੂਨੀਅਰ ਦੇ ਨਾਲ-ਨਾਲ ਉਨ੍ਹਾਂ ਦੇ ਜਵਾਈ ਜੇਰੇਡ ਕੁਸ਼ਨਰ ਦੀ ਬਹੁਗਿਣਤੀ ਮਲਕੀਅਤ ਹੈ। ਉਹ ਸਮੂਹਿਕ ਤੌਰ 'ਤੇ ਕੰਪਨੀ ਦੇ ਲਗਭਗ 60 ਪ੍ਰਤੀਸ਼ਤ ਦੇ ਮਾਲਕ ਹਨ। ਅਮਰੀਕੀ ਫਰਮ ਨੇ ਪਹਿਲਗਾਮ ਹਮਲੇ ਤੋਂ ਕੁਝ ਦਿਨ ਪਹਿਲਾਂ ਅਪ੍ਰੈਲ ਵਿਚ ਪਾਕਿਸਤਾਨ ਕ੍ਰਿਪਟੋ ਕੌਂਸਲ ਨਾਲ ਇੱਕ ਇਰਾਦਾ ਪੱਤਰ 'ਤੇ ਦਸਤਖ਼ਤ ਕੀਤੇ ਸਨ। ਦਿਲਚਸਪ ਗੱਲ ਇਹ ਹੈ ਕਿ ਪਾਕਿਸਤਾਨ ਕ੍ਰਿਪਟੋ ਕੌਂਸਲ ਨੂੰ ਹੋਂਦ ਵਿਚ ਆਇਆਂ ਸਿਰਫ਼ ਇੱਕ ਮਹੀਨਾ ਹੋਇਆ ਹੈ। ਟਾਈਮਜ਼ ਆਫ਼ ਇੰਡੀਆ ਅਨੁਸਾਰ ਡਬਲਯੂ.ਐੱਲ.ਐੱਫ. ਨੇ ਆਪਣੇ ਉੱਚ ਅਧਿਕਾਰੀਆਂ ਨੂੰ ਇਸਲਾਮਾਬਾਦ ਭੇਜਿਆ, ਜਿਸ ਵਿਚ ਟਰੰਪ ਦੇ ਗੋਲਫ ਦੋਸਤ ਸਟੀਵ ਦਾ ਪੁੱਤਰ ਜ਼ੈਕਰੀ ਵਿਟਕੌਫ ਵੀ ਸ਼ਾਮਲ ਸੀ। ਪਾਕਿਸਤਾਨ ਵਿਚ ਉਨ੍ਹਾਂ ਦਾ ਸਵਾਗਤ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਅਤੇ ਫੌਜ ਮੁਖੀ ਜਨਰਲ ਅਸੀਮ ਮੁਨੀਰ ਨੇ ਕੀਤਾ, ਜੋ ਪਰਦੇ ਪਿੱਛੇ ਰਹਿ ਕੇ ਦੇਸ਼ 'ਤੇ ਰਾਜ ਕਰਦੇ ਹਨ। ਇਸ ਸੌਦੇ ਵਿਚ ਅਸੀਮ ਮੁਨੀਰ ਦੀ ਮਹੱਤਵਪੂਰਨ ਭੂਮਿਕਾ ਦੱਸੀ ਜਾ ਰਹੀ ਹੈ। ਡਬਲਯੂ.ਐੱਲ.ਐੱਫ. ਦੀ ਪਾਕਿਸਤਾਨ ਨਾਲ ਭਾਈਵਾਲੀ ਨੇ ਭਾਰਤ-ਪਾਕਿਸਤਾਨ ਤਣਾਅ ਵਿਚ ਅਮਰੀਕੀ ਰਾਸ਼ਟਰਪਤੀ ਦੀ ਸ਼ਮੂਲੀਅਤ ਬਾਰੇ ਸਵਾਲ ਖੜ੍ਹੇ ਕੀਤੇ ਹਨ। ਹਾਲ ਹੀ ਦੇ ਸਮੇਂ ਵਿਚ ਅਮਰੀਕੀ ਰਾਸ਼ਟਰਪਤੀ ਤਣਾਅ ਘਟਾਉਣ ਬਾਰੇ ਲਗਾਤਾਰ ਬਿਆਨ ਦੇ ਰਹੇ ਹਨ, ਜਦੋਂ ਕਿ ਪਹਿਲਾਂ ਉਹ ਦੋਵਾਂ ਦੇਸ਼ਾਂ ਵਿਚਕਾਰ ਵਿਵਾਦ ਨੂੰ ਉਨ੍ਹਾਂ ਦਾ ਆਪਸੀ ਮੁੱਦਾ ਦੱਸਦੇ ਸਨ।

# ਟਰੰਪ ਦੀ ਸਲਾਹ ਦੇ ਬਾਵਜੂਦ ਐਪਲ ਵੱਲੋਂ ਭਾਰਤ 'ਚ ਨਿਵੇਸ਼ ਯੋਜਨਾਵਾਂ ਜਾਰੀ ਰੱਖਣ ਦਾ ਫੈਸਲਾ

**ਨਵੀਂ ਦਿੱਲੀ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਪਲ ਦੇ ਸੀ.ਈ.ਓ. ਟਿਮ ਕੁੱਕ ਨੂੰ ਭਾਰਤ ਵਿਚ 'ਐਪਲ' ਨਿਰਮਾਣ ਘਟਾਉਣ ਦੀ ਸਲਾਹ ਦਿੱਤੀ ਸੀ। ਟਰੰਪ ਨੇ ਕਿਹਾ ਸੀ ਕਿ ਐਪਲ ਭਾਰਤ 'ਚ ਨਿਰਮਾਣ ਨਾ ਕਰੇ, ਸਗੋਂ 'ਮੇਕ ਇਨ ਅਮੈਰਿਕਾ' ਤਹਿਤ ਅਮਰੀਕਾ 'ਚ ਹੀ ਫ਼ੋਨ ਬਣਾਵੇ।

ਟਰੰਪ ਦੀ ਇਸ ਸਲਾਹ ਦੇ ਬਾਵਜੂਦ ਐਪਲ ਕੰਪਨੀ ਨੇ ਭਾਰਤ ਵਿਚ ਆਪਣੀਆਂ ਨਿਵੇਸ਼ ਯੋਜਨਾਵਾਂ ਨੂੰ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਐਪਲ ਨੇ ਭਾਰਤ ਸਰਕਾਰ ਨੂੰ ਭਰੋਸਾ ਦਿਵਾਇਆ ਹੈ ਕਿ ਉਹ ਭਾਰਤ ਨੂੰ ਆਪਣੇ ਪ੍ਰੋਡਕਟਸ ਲਈ ਇਕ ਮੇਨ ਪ੍ਰੋਡਕਸ਼ਨ ਹੱਬ ਬਣਾਉਣ ਦੀ ਯੋਜਨਾ 'ਤੇ ਕਾਇਮ ਹੈ। ਜ਼ਿਕਰਯੋਗ ਹੈ ਕਿ ਟਰੰਪ ਨੇ ਐਪਲ ਦੇ ਸੀ.ਈ.ਓ. ਟਿਮ ਕੁਕ ਨੂੰ ਭਾਰਤ ਵਿਚ ਨਿਰਮਾਣ ਨਾ ਕਰਨ ਦੀ ਸਲਾਹ ਦਿੱਤੀ ਸੀ, ਕਿਉਂਕਿ ਉਨ੍ਹਾਂ ਦੇ ਅਨੁਸਾਰ ਭਾਰਤ ਜ਼ਿਆਦਾ ਟੈਰਿਫ਼ ਵਾਲਾ ਦੇਸ਼ ਹੈ ਅਤੇ ਐਪਲ ਨੂੰ ਅਮਰੀਕਾ ਵਿਚ ਨਿਰਮਾਣ 'ਤੇ ਧਿਆਨ ਦੇਣਾ ਚਾਹੀਦਾ ਹੈ। ਭਾਰਤ 'ਚ ਐਪਲ ਦੀ ਨਿਰਮਾਣ ਯੋਜਨਾ ਵਿਚ ਤਮਿਲਨਾਡੂ ਵਿਚ ਫੌਕਸਕਾਨ, ਪੈਗਾਟਰਾਨ ਅਤੇ ਟਾਟਾ ਇਲੈਕਟ੍ਰੋਨਿਕਸ ਵਰਗੀਆਂ ਕੰਪਨੀਆਂ ਸ਼ਾਮਿਲ ਹਨ, ਜੋ ਕਿ ਭਾਰਤ ਵਿਚ ਬਣ ਰਹੇ ਆਈਫੋਨਾਂ ਦਾ 70-80 ਫ਼ੀਸਦੀ ਹਿੱਸੇ ਦਾ ਨਿਰਮਾਣ ਕਰ ਰਹੀਆਂ ਹਨ। ਭਾਰਤ ਸਰਕਾਰ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਐਪਲ ਵਰਗੀਆਂ ਕੰਪਨੀਆਂ ਲਈ ਭਾਰਤ ਵਿਚ ਨਿਰਮਾਣ ਕਰਨਾ ਫ਼ਾਇਦੇਮੰਦ ਹੈ ਅਤੇ ਉਨ੍ਹਾਂ ਦੀਆਂ ਨਿਵੇਸ਼ ਯੋਜਨਾਵਾਂ ਉਨ੍ਹਾਂ ਦੀ ਮੁਕਾਬਲੇਦਾਰੀ ਅਤੇ ਲਾਗਤ 'ਤੇ ਆਧਾਰਤ ਹੋਣਗੀਆਂ। ਇਸ ਤਰ੍ਹਾਂ ਐਪਲ ਨੇ ਭਾਰਤ ਵਿਚ ਆਪਣੇ ਨਿਵੇਸ਼ ਅਤੇ ਨਿਰਮਾਣ ਯੋਜਨਾਵਾਂ ਨੂੰ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ, ਜੋ ਕਿ ਭਾਰਤ ਨੂੰ ਇੱਕ ਮਹੱਤਵਪੂਰਨ ਨਿਰਮਾਣ ਕੇਂਦਰ ਬਣਾਉਣ ਵੱਲ ਇਕ ਹੋਰ ਕਦਮ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

**Editorial Board**

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Sanjeev Khanna

**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਨਿਊਜਰਸੀ 'ਚ ਇਕ ਜੋੜਾ ਨਾਬਾਲਗ ਲੜਕੀ ਨੂੰ ਕਈ ਸਾਲ ਕੈਦ 'ਚ ਰੱਖ ਕੇ ਤਸ਼ੱਦਦ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਨਿਊਜਰਸੀ ਦੇ ਇਕ ਘਰ ਵਿਚ ਇਕ ਜੋੜੇ ਵੱਲੋਂ ਇਕ ਨਾਬਾਲਗ ਲੜਕੀ ਨੂੰ ਉਸ ਦੀ ਛੋਟੀ ਭੈਣ ਸਮੇਤ ਕਈ ਸਾਲ ਕੁੱਤੇ ਵਾਲੇ ਖੁੱਡੇ ਵਿਚ ਕੈਦ ਕਰਕੇ ਰੱਖਣ ਦੀ ਖਬਰ ਹੈ, ਜਿਸ ਦੌਰਾਨ ਉਸ ਉਪਰ ਤਸ਼ੱਦਦ ਵੀ ਕੀਤਾ ਗਿਆ। ਇਹ ਪ੍ਰਗਟਾਵਾ ਵਕੀਲਾਂ ਨੇ ਜਾਰੀ ਇਕ ਬਿਆਨ ਵਿਚ ਕੀਤਾ ਹੈ। ਪੁਲਿਸ ਨੇ ਜੋੜੇ ਨੂੰ ਗ੍ਰਿਫਤਾਰ ਕਰ ਲਿਆ ਹੈ। ਬਿਆਨ ਅਨੁਸਾਰ ਇਹ ਮਾਮਲਾ ਉਸ ਸਮੇਂ ਸਾਹਮਣੇ ਆਇਆ, ਜਦੋਂ ਲੜਕੀ ਜੋ ਹੁਣ 18 ਸਾਲਾਂ ਦੀ ਹੋ ਚੁੱਕੀ ਹੈ, ਇਕ ਗੁਆਂਢੀ ਦੀ ਮਦਦ ਨਾਲ ਕੈਦ ਵਿਚੋਂ ਫਰਾਰ ਹੋਣ ਵਿਚ ਸਫਲ ਹੋ ਗਈ। ਗਲੂਸੈਸਟਰ ਟਾਊਨਸ਼ਿੱਪ ਪੁਲਿਸ ਮੁਖੀ ਡੇਵਿਡ ਹਾਰਕਿਨਸ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਬਹੁਤ ਹੀ ਘਿਣਾਉਣਾ ਮਾਮਲਾ ਹੈ, ਜਿਸ ਦੀ ਕਲਪਨਾ ਕਰਨੀ ਵੀ ਮੁਸ਼ਕਿਲ ਹੈ। ਹਾਰਕਿਨਸ ਨੇ ਕਿਹਾ ਕਿ ਸੂਚਨਾ ਮਿਲਣ 'ਤੇ ਪੁਲਿਸ ਨੇ ਲੜਕੀ ਨੂੰ ਇਕ ਗਰੋਸਰੀ ਸਟੋਰ ਵਿਚੋਂ ਬਰਾਮਦ ਕਰ ਲਿਆ, ਜਿਥੇ ਗੁਆਂਢੀ ਵੀ ਉਸ ਦੇ ਨਾਲ ਸੀ। ਪੁਲਿਸ ਨੇ ਕਿਹਾ ਹੈ ਕਿ ਬਰੈਂਡਾ ਸਪੈਨਸਰ (38) ਤੇ ਉਸ ਦੇ ਪਤੀ ਬਰੈਂਡਾ ਮੋਸਲੀ (41) ਨੂੰ ਗਲੂਸੈਸਟਰ ਟਾਊਨਸ਼ਿੱਪ ਵਿਚ ਉਨ੍ਹਾਂ ਦੇ ਘਰ ਵਿਚੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਉਨ੍ਹਾਂ ਵਿਰੁੱਧ ਅਗਵਾ ਕਰਨ ਸਮੇਤ ਅਣਮਨੁੱਖੀ ਤਸ਼ੱਦਦ ਦੇ ਦੋਸ਼ ਲਾਏ ਗਏ ਹਨ। ਲੜਕੀ ਨੇ ਪੁਲਿਸ ਨੂੰ ਦੱਸਿਆ ਕਿ 2018 'ਚ ਸਕੂਲ ਵਿਚੋਂ ਹਟਾਉਣ ਉਪਰੰਤ ਉਸ ਉਪਰ ਤਸ਼ੱਦਦ ਸ਼ੁਰੂ ਹੋ ਗਿਆ ਸੀ। ਉਸ ਨੂੰ ਅੰਦਾਜ਼ਨ ਇਕ ਸਾਲ ਕੁੱਤੇ ਵਾਲੇ ਖੁੱਡੇ ਵਿਚ ਰੱਖਿਆ ਗਿਆ ਤੇ ਉਪਰੰਤ ਤਾਲਾਬੰਦ ਬਾਥਰੂਮ ਵਿਚ ਰਹਿਣ ਲਈ ਮਜਬੂਰ ਕੀਤਾ ਗਿਆ।


# ਅਮਰੀਕਾ 'ਚ ਸੜਕ ਹਾਦਸੇ ਦੌਰਾਨ ਪੰਜਾਬੀ ਨੌਜਵਾਨ ਦੀ ਮੌਤ



ਮਾਛੀਵਾੜਾ ਸਾਹਿਬ (ਪੰਜਾਬ ਮੇਲ)- ਚੰਗੇ ਭਵਿੱਖ ਲਈ ਅਮਰੀਕਾ ਆਏ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ ਵਿਚ ਮੌਤ ਹੋ ਜਾਣ ਦਾ ਦੁੱਖਦ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਦੇ ਪਿੰਡ ਸਹਿਜੋ ਮਾਜਰਾ ਵਾਸੀ ਭੁਪਿੰਦਰ ਸਿੰਘ ਅਮਰੀਕਾ ਦੇ ਕੈਲੀਫੋਰਨੀਆ ਸ਼ਹਿਰ 'ਚ ਟਰਾਲਾ ਚਲਾਉਂਦਾ ਸੀ।

ਭੁਪਿੰਦਰ ਸਿੰਘ ਟਰਾਲਾ ਲੈ ਕੇ ਅਮਰੀਕਾ ਦੇ 81-ਗ੍ਰੀਨੀ ਕਾਊਂਟੀ ਰੋਡ 'ਤੇ ਜਾ ਰਿਹਾ ਸੀ ਕਿ ਰਸਤੇ ਵਿਚ ਇੱਕ ਜੀਪ ਕਾਰ ਨਾਲ ਉਸਦੀ ਟੱਕਰ ਹੋ ਗਈ ਅਤੇ ਉਸਦਾ ਟਰਾਲਾ ਦਰੱਖਤ ਵਿਚ ਜਾ ਵੱਜਿਆ। ਹਾਦਸੇ ਤੋਂ ਬਾਅਦ ਟਰਾਲੇ ਨੂੰ ਅੱਗ ਲੱਗ ਗਈ ਪਰ ਉੱਥੇ ਰੈਸਕਿਊ ਟੀਮ ਨੇ ਉਸ ਨੂੰ ਟਰਾਲੇ 'ਚੋਂ ਬਾਹਰ ਕੱਢਿਆ ਪਰ ਉਦੋਂ ਤੱਕ ਉਸਦੀ ਮੌਤ ਹੋ ਚੁੱਕੀ ਸੀ। ਭੁਪਿੰਦਰ ਸਿੰਘ ਦੀ ਮੌਤ ਦੀ ਖ਼ਬਰ ਜਦੋਂ ਪਿੰਡ ਸਹਿਜੋ ਮਾਜਰਾ ਵਿਖੇ ਪਹੁੰਚੀ ਤਾਂ ਘਰ ਵਿਚ ਮਾਤਮ ਛਾ ਗਿਆ ਅਤੇ ਪਿੰਡ ਵਿਚ ਸੋਗ ਦੀ ਲਹਿਰ ਫੈਲ ਗਈ। ਮ੍ਰਿਤਕ ਭੁਪਿੰਦਰ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਅਤੇ ਉਸ ਦਾ ਪਿਤਾ ਹਜ਼ਾਰਾ ਸਿੰਘ ਸਪੇਨ ਵਿਖੇ ਰਹਿੰਦਾ ਹੈ। ਜਦੋਂ ਉਸ ਨੂੰ ਆਪਣੇ ਪੁੱਤਰ ਦੀ ਮੌਤ ਬਾਰੇ ਪਤਾ ਲੱਗਾ ਤਾਂ ਉਹ ਵਾਪਸ ਪਿੰਡ ਲਈ ਰਵਾਨਾ ਹੋ ਗਿਆ। ਉਕਤ ਹਾਦਸੇ 'ਚ ਜੀਪ ਸਵਾਰ ਦਾ ਬਚਾਅ ਹੋ ਗਿਆ।

## ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਨੂੰ ਹੋਇਆ ਪ੍ਰੋਸਟੇਟ ਕੈਂਸਰ



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਸਾਬਕਾ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਪ੍ਰੋਸਟੇਟ ਕੈਂਸਰ ਹੋ ਜਾਣ ਦੀ ਖਬਰ ਹੈ। ਉਨ੍ਹਾਂ ਦੇ ਇਕ ਬੁਲਾਰੇ ਨੇ ਇਹ ਜਾਣਕਾਰੀ ਦਿੱਤੀ ਹੈ। ਬੁਲਾਰੇ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਬਾਇਡਨ ਦੀ ਡਾਕਟਰੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਨੂੰ ਇਕ ਬਹੁਤ ਹੀ ਭਿਆਨਕ ਕਿਸਮ ਦਾ ਪ੍ਰੋਸਟੇਟ ਕੈਂਸਰ ਹੈ, ਜੋ ਹੱਡੀਆਂ ਤੱਕ ਫੈਲ ਚੁੱਕਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬਾਇਡਨ ਦੇ ਛੇਤੀ ਸਿਹਤਯਾਬ ਹੋਣ ਦੀ ਕਾਮਨਾ ਕੀਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਬਾਇਡਨ ਨੂੰ ਪ੍ਰੋਸਟੇਟ ਕੈਂਸਰ ਹੋਣ ਬਾਰੇ ਪਤਾ ਲੱਗਣ 'ਤੇ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ ਹੈ। ਮੈਂ ਬਾਈਡਨ ਦੇ ਛੇਤੀ ਸਫਲ ਇਲਾਜ ਦੀ ਆਸ ਕਰਦਾ ਹਾਂ। ਬਾਇਡਨ ਜਨਵਰੀ 2021 ਤੋਂ ਜਨਵਰੀ 2025 ਤੱਕ ਅਮਰੀਕਾ ਦੇ ਰਾਸ਼ਟਰਪਤੀ ਰਹੇ ਹਨ। ਨਵੰਬਰ 2024 ਦੀਆਂ ਆਮ ਚੋਣ ਮੁਹਿੰਮ ਦੌਰਾਨ ਭੁੱਲ ਜਾਣ ਦੀ ਸਮੱਸਿਆ ਕਾਰਨ ਉਨ੍ਹਾਂ ਨੂੰ ਮੁਕਾਬਲੇ ਵਿਚੋਂ ਹਟਣਾ ਪਿਆ ਸੀ ਤੇ ਉਨ੍ਹਾਂ ਦੀ ਜਗ੍ਹਾ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਚੋਣ ਲੜੀ ਸੀ।

# ਐੱਨ.ਆਰ.ਆਈ. ਸਮੇਤ ਸਾਰੇ ਵਿਦੇਸ਼ੀ ਨਾਗਰਿਕਾਂ ਲਈ ਪੈਸੇ ਟਰਾਂਸਫਰ ਕਰਨੇ ਹੋਣਗੇ ਮਹਿੰਗੇ

**ਅਮਰੀਕੀ ਸੰਸਦ 'ਚ ਨਵਾਂ ਪ੍ਰਸਤਾਵਿਤ ਬਿੱਲ ਪੇਸ਼**

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਸੰਸਦ 'ਚ ਇੱਕ ਨਵਾਂ ਪ੍ਰਸਤਾਵਿਤ ਬਿੱਲ ਪੇਸ਼ ਕੀਤਾ ਗਿਆ ਹੈ, ਜਿਸ 'ਚ ਪ੍ਰਵਾਸੀ ਭਾਰਤੀਆਂ ਸਮੇਤ ਸਾਰੇ ਵਿਦੇਸ਼ੀ ਨਾਗਰਿਕਾਂ ਲਈ ਪੈਸੇ ਦੇ ਟ੍ਰਾਂਸਫਰ 'ਤੇ 5 ਫੀਸਦੀ ਵਾਧੂ ਟੈਕਸ ਲਗਾਉਣ ਦੀ ਵਿਵਸਥਾ ਹੈ। ਇਸ ਪ੍ਰਸਤਾਵ ਦੇ ਲਾਗੂ ਹੋਣ ਨਾਲ ਐੱਚ-1ਬੀ ਵੀਜ਼ਾ ਧਾਰਕਾਂ, ਗ੍ਰੀਨ ਕਾਰਡ ਧਾਰਕਾਂ ਤੇ ਹੋਰ ਗੈਰ-ਨਿਵਾਸੀ ਭਾਰਤੀਆਂ ਦੀਆਂ ਜੇਬਾਂ 'ਤੇ ਸਿੱਧਾ ਅਸਰ ਪੈ ਸਕਦਾ ਹੈ।

ਇਸ ਬਿੱਲ ਦਾ ਨਾਮ 'ਦਿ ਵਨ ਬਿਗ ਬਿਊਟੀਫੁੱਲ ਬਿੱਲ' ਹੈ, ਜਿਸਨੂੰ ਹਾਲ ਹੀ 'ਚ ਅਮਰੀਕੀ ਸੰਸਦ ਦੀ ਹਾਊਸ ਵੇਜ਼ ਐਂਡ ਮੀਨਜ਼ ਕਮੇਟੀ ਦੁਆਰਾ ਜਾਰੀ ਕੀਤਾ ਗਿਆ ਹੈ। ਇਸ 389 ਪੰਨਿਆਂ ਦੇ ਦਸਤਾਵੇਜ਼ ਦੇ ਪੰਨਾ 327 'ਤੇ ਦੱਸਿਆ ਗਿਆ ਹੈ ਕਿ ਅਮਰੀਕਾ ਤੋਂ ਦੂਜੇ ਦੇਸ਼ਾਂ 'ਚ ਪੈਸੇ ਭੇਜਣ 'ਤੇ 5 ਫੀਸਦੀ ਟਰਾਂਸਫਰ ਟੈਕਸ ਲਗਾਇਆ ਜਾਵੇਗਾ।

ਭਾਰਤ ਤੋਂ ਪ੍ਰਾਪਤ ਅੰਕੜੇ ਦਰਸਾਉਂਦੇ ਹਨ ਕਿ ਇਹ ਫੈਸਲਾ ਲੱਖਾਂ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸ ਸਮੇਂ ਅਮਰੀਕਾ 'ਚ ਲਗਭਗ 45 ਲੱਖ ਭਾਰਤੀ ਰਹਿੰਦੇ ਹਨ। ਇਨ੍ਹਾਂ ਵਿਚੋਂ ਲਗਭਗ 32 ਲੱਖ ਭਾਰਤੀ ਮੂਲ ਦੇ ਹਨ, ਜਿਨ੍ਹਾਂ ਵਿਚੋਂ ਵੱਡੀ ਗਿਣਤੀ ਨਿਯਮਿਤ ਤੌਰ 'ਤੇ ਭਾਰਤ ਪੈਸੇ ਭੇਜਦੇ ਹਨ।

ਆਰ.ਬੀ.ਆਈ. ਦੀ ਰਿਪੋਰਟ ਅਨੁਸਾਰ, ਸਾਲ 2023-24 ਵਿਚ ਅਮਰੀਕਾ ਤੋਂ ਭਾਰਤ ਨੂੰ 32 ਬਿਲੀਅਨ ਡਾਲਰ ਦੀ ਰਕਮ ਭੇਜੀ ਗਈ ਸੀ।

ਇਹ ਟੈਕਸ ਉਸ ਜਗ੍ਹਾ 'ਤੇ ਲਗਾਇਆ ਜਾਵੇਗਾ, ਜਿੱਥੋਂ ਪੈਸਾ ਭੇਜਿਆ ਜਾ ਰਿਹਾ ਹੈ, ਯਾਨੀ ਕਿ ਟੈਕਸ ਅਮਰੀਕਾ 'ਚ ਹੀ ਕੱਟਿਆ ਜਾਵੇਗਾ।

ਬਿੱਲ ਵਿਚ ਕੋਈ ਘੱਟੋ-ਘੱਟ ਸੀਮਾ ਨਿਰਧਾਰਤ ਨਹੀਂ ਹੈ, ਜਿਸਦਾ ਮਤਲਬ ਹੈ ਕਿ ਇਹ ਟੈਕਸ ਥੋੜ੍ਹੀ ਜਿਹੀ ਰਕਮ ਭੇਜੇ ਜਾਣ 'ਤੇ ਵੀ ਲਾਗੂ ਹੋਵੇਗਾ।

ਜਿਹੜੇ ਭਾਰਤੀ ਅਮਰੀਕਾ ਵਿਚ ਕੰਮ ਕਰਦੇ ਹਨ ਅਤੇ ਆਪਣੇ ਪਰਿਵਾਰਾਂ ਦੀ ਮਦਦ ਕਰਦੇ ਹਨ, ਉਨ੍ਹਾਂ ਦੀ ਆਮਦਨ ਸਿੱਧੇ ਤੌਰ 'ਤੇ ਪ੍ਰਭਾਵਿਤ ਹੋਵੇਗੀ। ਛੋਟੇ ਪੈਸੇ ਟਰਾਂਸਫਰ ਕਰਨ ਵਾਲਿਆਂ 'ਤੇ ਵੀ ਵਾਧੂ ਬੋਝ ਵਧੇਗਾ।

ਇੱਕ ਵਾਰ ਬਿੱਲ ਪਾਸ ਹੋ ਜਾਣ ਤੋਂ ਬਾਅਦ, ਭਾਰਤ ਵਰਗੇ ਦੇਸ਼ਾਂ ਨੂੰ ਭੇਜੇ ਜਾਣ ਵਾਲੇ ਪੈਸੇ ਵਿਚ ਗਿਰਾਵਟ ਦਾ ਖ਼ਤਰਾ ਵੱਧ ਸਕਦਾ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

# ਡੀਟੈਨਸ਼ਨ ਸੈਂਟਰਾਂ 'ਚ ਪ੍ਰਵਾਸੀਆਂ ਦੀ ਭੀੜ ਵਧਣ ਕਾਰਨ ਹੋਈਆਂ ਮੌਤਾਂ ਨੂੰ ਲੈ ਕੇ ਡੈਮੋਕਰੈਟਸ ਨੇ ਟਰੰਪ ਪ੍ਰਸ਼ਾਸਨ ਨੂੰ ਘੇਰਿਆ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਸਰੇ ਕਾਰਜਕਾਲ ਦੌਰਾਨ ਸਭ ਤੋਂ ਵਧ ਤਰਜੀਹ ਵਾਲੇ ਮੁੱਦੇ ਗੈਰ ਕਾਨੂੰਨੀ ਜਾਂ ਬਿਨਾਂ ਕਾਗਜ਼ ਪੱਤਰਾਂ ਵਾਲੇ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਨੂੰ ਲੈ ਕੇ ਡੈਮੋਕਰੈਟਿਕ ਕਾਂਗਰਸ ਮੈਂਬਰਾਂ ਨੇ ਸਵਾਲ ਖੜ੍ਹੇ ਕੀਤੇ ਹਨ। ਡੈਮੋਕਰੈਟਸ ਦਾ ਦੋਸ਼ ਹੈ ਕਿ ਫੰਡਾਂ ਦੀ ਘਾਟ ਕਾਰਨ ਡੀਟੈਨਸ਼ਨ ਕੇਂਦਰਾਂ 'ਚ ਪ੍ਰਵਾਸੀਆਂ ਦੀ ਭੀੜ ਵਧ ਗਈ ਹੈ, ਜਿਸ ਕਾਰਨ ਹਾਲਾਤ ਬਹੁਤ ਖਰਾਬ ਹੋ ਗਏ ਹਨ ਤੇ ਮੌਤਾਂ ਹੋ ਰਹੀਆਂ ਹਨ। ਡੈਮੋਕਰੈਟ ਸਾਂਸਦ ਲੌਰੇਨ ਅੰਡਰਵੁੱਡ ਜੋ ਸਦਨ ਦੀ ਹੋਮਲੈਂਡ ਸਕਿਉਰਿਟੀ ਬਾਰੇ ਸਬ ਕਮੇਟੀ ਦੇ ਅਹਿਮ ਮੈਂਬਰ ਹਨ, ਨੇ ਦੋਸ਼ ਲਾਇਆ ਹੈ ਕਿ ਏਜੰਸੀ ਉਸ ਫੰਡ ਦੀ ਵਰਤੋਂ ਕਰ ਰਹੀ ਹੈ, ਜੋ ਉਸ ਕੋਲ ਹੈ ਹੀ ਨਹੀਂ। ਉਨ੍ਹਾਂ ਕਿਹਾ ਕਿ ਕਾਂਗਰਸ ਨੇ 41500 ਪ੍ਰਵਾਸੀਆਂ ਨੂੰ ਰੱਖਣ ਲਈ ਫੰਡ ਦੀ ਪ੍ਰਵਾਨਗੀ ਦਿੱਤੀ ਸੀ, ਜਦ ਕਿ ਆਈ.ਸੀ.ਈ. ਨੇ 52000 ਲੋਕਾਂ ਨੂੰ ਹਿਰਾਸਤ 'ਚ ਲਿਆ ਹੈ, ਜਿਸ ਕਾਰਨ ਏਜੰਸੀ ਕੋਲ 2 ਮਹੀਨਿਆਂ ਵਿਚ ਹੀ ਫੰਡ ਖਤਮ ਹੋ ਜਾਵੇਗਾ। ਅੰਡਰਵਰਲਡ ਨੇ ਕਿਹਾ ਹੈ ਕਿ ਹਰ ਸਾਲ 10 ਲੱਖ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਦਾ ਪ੍ਰੋਗਰਾਮ ਇਕ ਬਹੁਤ ਹੀ ਜ਼ੋਖਮ ਵਾਲੀ ਰਣਨੀਤੀ ਹੈ ਤੇ ਇਹ ਫੇਲ ਹੋਣ ਜਾ ਰਹੀ ਹੈ। ਦੂਸਰੇ ਪਾਸੇ ਆਈ.ਸੀ.ਈ. ਦੇ ਕਾਰਜਕਾਰੀ ਡਾਇਰੈਕਟਰ ਟੌਡ ਲਿਓਨਜ ਨੇ ਕਿਹਾ ਹੈ ਕਿ ਏਜੰਸੀ ਕੋਲ ਫੰਡਾਂ ਦੀ ਘਾਟ ਨਹੀਂ ਹੋਵੇਗੀ ਕਿਉਂਕਿ ਹੋਰ ਏਜੰਸੀਆਂ ਜਿਵੇਂ ਫੈਡਰਲ ਐਮਰਜੰਸੀ ਮੈਨੇਜਮੈਂਟ ਏਜੰਸੀ ਜਾਂ ਸਾਈਬਰ ਸਕਿਉਰਿਟੀ ਐਂਡ ਇਨਫਰਾਸਟਰਕਚਰ ਸਕਿਉਰਿਟੀ ਏਜੰਸੀ ਦੇ ਫੰਡ ਵਰਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਹੋਰ ਏਜੰਸੀਆਂ ਦੇ ਫੰਡ ਆਉਣ ਕਾਰਨ ਏਜੰਸੀ ਦਾ 60000 ਡੀਟੈਨਸ਼ਨ ਬੈੱਡਜ ਦੀ ਵਿਵਸਥਾ ਕਰਨ ਦਾ ਟੀਚਾ ਹੈ। ਇਥੇ ਜ਼ਿਕਰਯੋਗ ਹੈ ਕਿ 9 ਮਈ ਨੂੰ ਨਿਊਜਰਸੀ ਵਿਚ ਆਈ.ਸੀ.ਈ. ਡੀਟੈਨਸ਼ਨ ਸੈਂਟਰ ਦੇ ਨਿਰੀਖਣ ਲਈ ਪੁੱਜੇ ਨਿਊਆਰਕ ਦੇ ਡੈਮੋਕਰੈਟਿਕ ਮੇਅਰ ਰਸ ਬਰਾਕਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਉਸ ਦੀ ਗ੍ਰਿਫਤਾਰੀ ਉਸ ਸਮੇਂ ਹੋਈ ਸੀ, ਜਦੋਂ ਨਿਊਜਰਸੀ ਦੇ ਡੈਮੋਕਰੈਟਿਕ ਸੰਸਦ ਮੈਂਬਰ ਬੋਨੀ ਵਾਟਸਨ ਕੋਲਮੈਨ, ਲਾਮੋਨਿਕਾ ਮੈਕਲਵਰ ਤੇ ਰਾਬ ਮੈਨਨਡੇਜ਼ ਨੇ ਨਿੱਜੀ ਤੌਰ 'ਤੇ ਚਲਾਏ ਜਾ ਰਹੇ ਡੀਟੈਨਸ਼ਨ ਸੈਂਟਰ ਡੀਲੇਨੀ ਹਾਲ ਦੇ ਨਿਰੀਖਣ ਲਈ ਅਣਐਲਾਨਿਆ ਦੌਰਾ ਕੀਤਾ ਸੀ। ਅੰਡਰਵੁੱਡ ਤੇ ਟੈਕਸਾਸ ਤੋਂ ਡੈਮਕਰੈਟਿਕ ਸਾਂਸਦ ਵੇਰੋਨਿਕਾ ਐਸਕੋਬਰ ਨੇ ਮੰਗ ਕੀਤੀ ਹੈ ਕਿ ਡੋਨਾਲਡ ਟਰੰਪ ਵੱਲੋਂ 20 ਜਨਵਰੀ ਨੂੰ ਅਹੁਦਾ ਸੰਭਾਲਣ ਉਪਰੰਤ ਡੀਟੈਨਸ਼ਨ ਸੈਂਟਰਾਂ ਵਿਚ ਹੋਈਆਂ ਮੌਤਾਂ ਬਾਰੇ ਜਾਣਕਾਰੀ ਦਿੱਤੀ ਜਾਵੇ। ਐਸਕੋਬਰ ਨੇ ਕਿਹਾ ਕਿ ਡੀਟੈਨਸ਼ਨ ਸੈਂਟਰਾਂ ਵਿਚ ਭੀੜ ਵਧਣ ਕਾਰਨ ਹਾਲਾਤ ਬਹੁਤ ਮਾੜੇ ਹੋ ਗਏ ਹਨ। ਇਸ ਦੇ ਜਵਾਬ 'ਚ ਡਾਇਰੈਕਟਰ ਟੌਡ ਲਿਓਨਜ ਨੇ ਕਿਹਾ ਹੈ ਕਿ ਹਿਰਾਸਤ ਵਿਚ 9 ਮੌਤਾਂ ਹੋਈਆਂ ਹਨ। ਉਨ੍ਹਾਂ ਵਾਅਦਾ ਕੀਤਾ ਹੈ ਕਿ ਏਜੰਸੀ ਦੀ ਵੈੱਬਸਾਈਟ 'ਤੇ ਮੌਤਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੌਤਾਂ ਬਾਰੇ ਮੁਕੰਮਲ ਜਾਂਚ ਕੀਤੀ ਜਾਵੇਗੀ।

# ਟਰੰਪ ਵੱਲੋਂ ਅਮਰੀਕਾ 'ਚ ਰਹਿ ਰਹੇ ਭਾਰਤੀ ਪ੍ਰਵਾਸੀਆਂ ਲਈ ਨਵੀਂ ਚਿਤਾਵਨੀ ਜਾਰੀ

**ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਵਿਚ ਰਹਿ ਰਹੇ ਭਾਰਤੀ ਪ੍ਰਵਾਸੀਆਂ ਲਈ ਨਵੀਂ ਚਿਤਾਵਨੀ ਜਾਰੀ ਕੀਤੀ ਹੈ। ਅਸਲ ਵਿਚ ਭਾਰਤ ਵਿਚ ਅਮਰੀਕੀ ਦੂਤਘਰ ਨੇ ਸ਼ਨੀਵਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜਿਹੜੇ ਲੋਕ ਆਪਣੀ ਅਧਿਕਾਰਤ ਮਿਆਦ ਤੋਂ ਵੱਧ ਸਮੇਂ ਲਈ ਅਮਰੀਕਾ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਭਵਿੱਖ ਵਿਚ ਦੇਸ਼ ਨਿਕਾਲਾ ਦਿੱਤਾ ਜਾਵੇਗਾ ਜਾਂ ਉਨ੍ਹਾਂ ਨੂੰ ਅਮਰੀਕਾ ਯਾਤਰਾ 'ਤੇ ਸਥਾਈ ਪਾਬੰਦੀ ਦਾ ਸਾਹਮਣਾ ਕਰਨਾ ਪਵੇਗਾ।

■ **ਅਧਿਕਾਰਤ ਮਿਆਦ ਤੋਂ ਵੱਧ ਸਮੇਂ ਲਈ ਅਮਰੀਕਾ 'ਚ ਰਹਿਣ ਵਾਲਿਆਂ ਨੂੰ ਦਿੱਤਾ ਜਾਵੇਗਾ ਦੇਸ਼ ਨਿਕਾਲਾ**

ਐਕਸ 'ਤੇ ਸਾਂਝੀ ਕੀਤੀ ਗਈ ਇੱਕ ਪੋਸਟ ਵਿਚ ਭਾਰਤ ਵਿਚ ਅਮਰੀਕੀ ਦੂਤਘਰ ਨੇ ਕਿਹਾ, "ਜੇਕਰ ਤੁਸੀਂ ਆਪਣੀ ਅਧਿਕਾਰਤ ਮਿਆਦ ਤੋਂ ਵੱਧ ਸਮੇਂ ਲਈ ਅਮਰੀਕਾ ਵਿਚ ਰਹਿੰਦੇ ਹੋ, ਤਾਂ ਤੁਹਾਨੂੰ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ ਅਤੇ ਤੁਹਾਨੂੰ ਭਵਿੱਖ ਵਿਚ ਸੰਯੁਕਤ ਰਾਜ ਅਮਰੀਕਾ ਦੀ ਯਾਤਰਾ 'ਤੇ ਸਥਾਈ ਪਾਬੰਦੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।"

ਸੀ.ਐੱਨ.ਐੱਨ. ਦੀ ਰਿਪੋਰਟ ਅਨੁਸਾਰ ਸ਼ੁੱਕਰਵਾਰ ਨੂੰ ਇੱਕ ਸੰਘੀ ਅਪੀਲ ਅਦਾਲਤ ਨੇ ਟਰੰਪ ਪ੍ਰਸ਼ਾਸਨ ਨੂੰ ਬਿਨਾਂ ਕਿਸੇ ਪੂਰਵ ਸੂਚਨਾ ਜਾਂ ਅੱਤਿਆਚਾਰ ਜਾਂ ਤਸ਼ੱਦਦ ਤੋਂ ਸੁਰੱਖਿਆ ਪ੍ਰਾਪਤ ਕਰਨ ਦੇ ਮੌਕੇ ਦੇ ਆਪਣੇ ਦੇਸ਼ਾਂ ਤੋਂ ਇਲਾਵਾ ਹੋਰ ਦੇਸ਼ਾਂ ਵਿਚ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣਾ ਮੁੜ ਸ਼ੁਰੂ ਕਰਨ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ। ਯੂ.ਐੱਸ. ਫਸਟ ਸਰਕਟ ਕੋਰਟ ਆਫ਼ ਅਪੀਲਜ਼ ਨੇ ਨੀਤੀ ਨੂੰ ਰੋਕਣ ਵਾਲੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਰੋਕਣ ਲਈ ਟਰੰਪ ਪ੍ਰਸ਼ਾਸਨ ਦੀ ਬੇਨਤੀ ਨੂੰ ਰੱਦ ਕਰ ਦਿੱਤਾ। ਇੱਥੇ ਦੱਸ ਦਈਏ ਕਿ 20 ਜਨਵਰੀ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਾਰਜਕਾਰੀ ਆਦੇਸ਼ 14159 'ਤੇ ਦਸਤਖਤ ਕੀਤੇ, ਜੋ ਕਿ ਅਮਰੀਕੀ ਲੋਕਾਂ ਨੂੰ ਹਮਲੇ ਤੋਂ ਬਚਾਉਂਦਾ ਹੈ, ਨੇ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਨੂੰ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਵਿਵਸਥਾ ਅਤੇ ਜਵਾਬਦੇਹੀ ਬਹਾਲ ਕਰਨ ਦਾ ਨਿਰਦੇਸ਼ ਦਿੱਤਾ। ਇਸ ਵਿਚ ਏਲੀਅਨ ਰਜਿਸਟ੍ਰੇਸ਼ਨ ਐਕਟ ਨੂੰ ਲਾਗੂ ਕਰਨਾ ਸ਼ਾਮਲ ਹੈ।

# ਟਰੰਪ ਪ੍ਰਸ਼ਾਸਨ ਵੱਲੋਂ ਰਿਐਲਿਟੀ ਸ਼ੋਅ ਰਾਹੀਂ ਪ੍ਰਵਾਸੀਆਂ ਨੂੰ ਅਮਰੀਕੀ ਨਾਗਰਿਕਤਾ ਦੇਣ ਦੀ ਯੋਜਨਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਉਂਝ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ 'ਤੇ ਜ਼ੋਰ ਦੇ ਰਹੇ ਹਨ। ਪਰ ਹੁਣ ਟਰੰਪ ਸਰਕਾਰ ਇਕ ਰਿਐਲਿਟੀ ਸ਼ੋਅ ਰਾਹੀਂ ਪ੍ਰਵਾਸੀਆਂ ਨੂੰ ਅਮਰੀਕੀ ਨਾਗਰਿਕਤਾ ਦੇਣ ਦੀ ਯੋਜਨਾ ਬਣਾ ਰਹੀ ਹੈ। ਯੂ.ਐੱਸ. ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ ਇੱਕ ਟੀ.ਵੀ. ਸ਼ੋਅ ਸ਼ੁਰੂ ਕਰਨ 'ਤੇ ਵਿਚਾਰ ਕਰ ਰਿਹਾ ਹੈ, ਜਿਸ ਵਿਚ ਪ੍ਰਵਾਸੀਆਂ ਨੂੰ ਅਮਰੀਕੀ ਨਾਗਰਿਕਤਾ ਲਈ ਮੁਕਾਬਲਾ ਕਰਨ ਲਈ ਕਈ ਚੁਣੌਤੀਆਂ ਵਿਚੋਂ ਲੰਘਣਾ ਪਏਗਾ।

ਇੱਕ ਅਜਿਹਾ ਰਿਐਲਿਟੀ ਸ਼ੋਅ, ਜਿਸ ਵਿਚ ਵੱਖ-ਵੱਖ ਦੇਸ਼ਾਂ ਦੇ ਪ੍ਰਵਾਸੀ ਇੱਕ ਘਰ ਸਾਂਝਾ ਕਰਨਗੇ। ਇੱਥੇ ਮੁਕਾਬਲੇ ਲਈ ਵੱਖ-ਵੱਖ ਚੁਣੌਤੀਆਂ ਦਿੱਤੀਆਂ ਜਾਣਗੀਆਂ, ਜੋ ਦੇਸ਼ ਭਗਤੀ ਅਤੇ ਵੱਖ-ਵੱਖ ਅਮਰੀਕੀ ਪ੍ਰੰਪਰਾਵਾਂ ਅਤੇ ਰੀਤੀ-ਰਿਵਾਜ਼ਾਂ 'ਤੇ ਆਧਾਰਿਤ ਹੋਣਗੀਆਂ। ਜਿਹੜਾ ਆਦਮੀ ਜਾਂ ਔਰਤ ਅਖੀਰ ਤੱਕ ਟਿੱਕਿਆ ਰਹੇਗਾ, ਉਸ ਨੂੰ ਅਮਰੀਕੀ ਨਾਗਰਿਕਤਾ ਮਿਲੇਗੀ। ਅਜਿਹਾ ਸੰਭਵ ਹੋ ਸਕਦਾ ਹੈ ਡੋਨਾਲਡ ਟਰੰਪ ਦੇ 'ਬਿੱਗ ਬੌਸ' ਸੰਸਕਰਣ ਵਿਚ। ਹਾਲਾਂਕਿ ਇਹ ਯੋਜਨਾ ਹਾਲੇ ਸ਼ੁਰੂਆਤੀ ਪੜਾਅ ਵਿਚ ਹੈ ਪਰ ਹੋਮਲੈਂਡ ਸਿਕਓਰਿਟੀ ਦੇ ਬੁਲਾਰੇ ਨੇ ਕਿਹਾ ਕਿ ਇਸ ਤਰ੍ਹਾਂ ਦੇ ਅਨੋਖੇ ਪ੍ਰਸਤਾਵ ਖਾਸ ਕਰਕੇ ਜੋ ਅਮਰੀਕੀ

■ **'ਬਿਗ ਬੌਸ' ਜ਼ਰੀਏ ਮਿਲੇਗੀ ਅਮਰੀਕੀ ਨਾਗਰਿਕਤਾ!**

ਹੋਣ ਦਾ ਅਰਥ ਦੱਸਦੇ ਹਨ, ਹਮੇਸ਼ਾ ਤਰਜੀਹੀ ਸੂਚੀ ਵਿਚ ਰਹੇ ਹਨ। ਅਜਿਹੀ ਪ੍ਰਕਿਰਿਆ ਛੇਤੀ ਹੀ ਇੱਕ ਹਕੀਕਤ ਬਣ ਸਕਦੀ ਹੈ।

'ਦਿ ਅਮੈਰੀਕਨਜ਼' ਸਿਰਲੇਖ ਵਾਲਾ ਇਹ ਸੰਕਲਪ ਰਿਐਲਿਟੀ ਟੀ.ਵੀ. ਦੇ ਦਿੱਗਜ ਕਲਾਕਾਰ ਰੌਬ ਵਾਰਸੌਫ ਦੁਆਰਾ ਪੇਸ਼ ਕੀਤਾ ਗਿਆ ਸੀ, ਜੋ ਡਕ ਡਾਇਨੈਸਟੀ ਅਤੇ ਦ ਮਿਲੀਅਨੇਅਰ ਮੈਚਮੇਕਰ ਵਰਗੇ ਸ਼ੋਅ ਲਈ ਜਾਣੇ ਜਾਂਦੇ ਹਨ। ਵਾਰਸੌਫ, ਜੋ ਕਿ ਖੁਦ ਇੱਕ ਕੈਨੇਡੀਅਨ ਪ੍ਰਵਾਸੀ ਹੈ, ਨੇ ਕਿਹਾ ਕਿ ਇਹ ਵਿਚਾਰ ਉਸਨੂੰ ਆਪਣੀ ਨਾਗਰਿਕਤਾ ਪ੍ਰਕਿਰਿਆ ਦੌਰਾਨ ਆਇਆ ਸੀ। ਵਾਰਸੋਫ ਦੇ ਪ੍ਰਸਤਾਵ ਵਿੱਚ ਇੱਕ ਫਾਰਮੈਟ ਸ਼ਾਮਲ ਹੈ, ਜਿਸ ਵਿਚ ਪ੍ਰਵਾਸੀ ਅਮਰੀਕਾ ਵਿਚ ਯਾਤਰਾ ਕਰਨਗੇ ਅਤੇ ਖੇਤਰ-ਵਿਸ਼ੇਸ਼ ਸੱਭਿਆਚਾਰਕ ਚੁਣੌਤੀਆਂ ਦਾ ਸਾਹਮਣਾ ਕਰਨਗੇ। ਹੋਰ ਟਾਸਕ ਵਿਚ ਡੈਟ੍ਰੋਇਟ ਵਿਚ ਮਾਡਲ ਟੀ.ਐੱਸ. ਨੂੰ ਇਕੱਠਾ ਕਰਨਾ ਅਤੇ ਕਨਸਾਸ ਵਿਚ ਘੋੜੇ 'ਤੇ ਡਾਕ ਪਹੁੰਚਾਉਣਾ ਸ਼ਾਮਲ ਹੋ ਸਕਦਾ ਹੈ। ਇਸ ਤੋਂ ਇਲਾਵਾ ਆਮ ਗਿਆਨ ਅਤੇ ਨਾਗਰਿਕ ਸ਼ਾਸਤਰ ਦੀਆਂ ਚੁਣੌਤੀਆਂ ਵੀ ਹੋਣਗੀਆਂ। ਹਾਲਾਂਕਿ ਉਸਨੇ ਜ਼ੋਰ ਦੇ ਕੇ ਕਿਹਾ ਕਿ ਸ਼ੋਅ ਵਿਚ ਹਾਰਨ ਵਾਲਿਆਂ ਨੂੰ ਸਜ਼ਾ ਨਹੀਂ ਮਿਲਣੀ ਚਾਹੀਦੀ।



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਬੇਸਹਾਰਾ ਲੋਕਾਂ ਨੂੰ ਦਿੱਤੀ ਸਹਾਇਤਾ ਰਾਸ਼ੀ



**ਸਹਾਇਤਾ ਰਾਸ਼ੀ ਦੇਣ ਸਮੇਂ ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰ।**

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ’ਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਬੇਸਹਾਰਾ ਲੋਕਾਂ ਨੂੰ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਸਹਾਇਤਾ ਰਾਸ਼ੀ ਲੈਣ ਵਾਲਿਆਂ ਵਿਚ ਬੇਸਹਾਰਾ ਬੱਚੇ ਜਿਨ੍ਹਾਂ ਦੇ ਮਾਂ-ਬਾਪ ਨਹੀਂ ਹਨ, ਦਾਦੇ-ਦਾਦੀ ਕੋਲ ਰਹਿ ਰਹੇ ਹਨ, ਕੁੱਝ ਵਡੇਰੀ ਉਮਰ ਦੀਆਂ ਵਿਧਵਾਵਾਂ ਜੋ ਇਕੱਲੀਆਂ ਰਹਿੰਦੀਆਂ ਹਨ, ਕੁਝ ਵਡੇਰੀ ਉਮਰ ਦੇ ਬਜ਼ੁਰਗ ਜੋ ਕੰਮ ਕਰਨ ਤੋਂ ਅਸਮਰਥ ਹਨ, ਨੂੰ ਦਿੱਤੀ ਗਈ, ਤਾਂ ਜੋ ਇਹ ਲੋੜਵੰਦ ਲੋਕ ਅਪਣੀਆਂ ਲੋੜਾਂ ਨੂੰ ਪੂਰੀਆਂ ਕਰ ਸਕਣ। ਸਹਾਇਤਾ ਰਾਸ਼ੀ ਲੈਣ ਉਪਰੰਤ ਇਨ੍ਹਾਂ ਲੋੜਵੰਦ ਲੋਕਾਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਜਤਿੰਦਰ ਸਿੰਘ ਕੈਂਥ, ਗੁਰਚਰਨ ਸਿੰਘ ਭੋਣ, ਸੁਖਬੀਰ ਸਿੰਘ ਜੈਲਦਾਰ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰ ਹਾਜ਼ਰ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਕੂਲ ’ਚ ਲਗਾਏ ਮੁਫ਼ਤ ਆਰ.ਓ. ਸਿਸਟਮ ਦਾ ਐੱਮ.ਐੱਲ.ਏ. ਵੱਲੋਂ ਉਦਘਾਟਨ

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਬੱਚਿਆਂ ਨੂੰ ਸਾਫ਼ ਪਾਣੀ ਦੇਣ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੋਖਰ ਵਿਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਮੁਫ਼ਤ ਆਰ.ਓ. ਸਿਸਟਮ ਲਗਾਇਆ ਗਿਆ ਸੀ, ਜਿਸ ਦਾ ਉਦਘਾਟਨ ਅੱਜ ਸ. ਜਗਦੀਪ ਸਿੰਘ ਬਰਾੜ ਐੱਮ.ਐੱਲ.ਏ. ਹਲਕਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਆਪਣੇ ਕਰ-ਕਮਲਾਂ ਨਾਲ ਕੀਤਾ ਗਿਆ ਅਤੇ ਆਪਣੇ ਭਾਸ਼ਣ ਵਿਚ ਉਨ੍ਹਾਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਟਰੱਸਟ ਵੱਲੋਂ ਦੁਨੀਆਂ ਭਰ ਵਿਚ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਮਾਲਵਾ ਖੇਤਰ ਦਾ ਪਾਣੀ ਬਹੁਤ ਹੀ ਮਾੜਾ ਹੈ, ਜਿਸ ਕਾਰਨ ਲੋਕ ਵੱਖ-ਵੱਖ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਸਕੂਲ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਨੂੰ ਸਕੂਲ ਵਿਚ ਆਰ.ਓ. ਸਿਸਟਮ ਲਗਾਉਣ ਲਈ ਬੇਨਤੀ ਕੀਤੀ ਗਈ ਸੀ, ਤਾਂ ਬੱਚਿਆਂ ਦੀ ਸਿਹਤ ਨੂੰ ਧਿਆਨ ਵਿਚ ਰੱਖਦੇ ਹੋਏ ਡਾਕਟਰ ਓਬਰਾਏ ਵਲੋਂ ਤੁਰੰਤ ਆਰ.ਓ. ਸਿਸਟਮ ਭੇਜਿਆ ਗਿਆ ਸੀ। ਬੱਚਿਆਂ ਦੇ ਮਾਪਿਆਂ ਵੱਲੋਂ ਅਤੇ ਨਗਰ ਪੰਚਾਇਤ ਵੱਲੋਂ ਡਾਕਟਰ ਐੱਸ.ਪੀ. ਸਿੰਘ ਉਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਸਕੂਲ ਵਿਚ ਪੜ੍ਹਾਈ ਕਰ ਰਹੇ ਬੱਚਿਆਂ ਵੱਲੋਂ ਵੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਡਾਕਟਰ ਓਬਰਾਏ ਦਾ ਸਪੈਸ਼ਲ ਧੰਨਵਾਦ ਕੀਤਾ ਗਿਆ। ਇਸ ਮੌਕੇ ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ ਮੀਤ ਪ੍ਰਧਾਨ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਸੁਖਬੀਰ ਸਿੰਘ ਜੈਲਦਾਰ, ਪਰਮਜੀਤ ਕੌਰ ਬਰਾੜ, ਪਿੰਡ ਦੇ ਸਰਪੰਚ, ਮੈਂਬਰ , ਸਕੂਲ ਦੇ ਅਧਿਆਪਕ ਆਦਿ ਹਾਜ਼ਰ ਸਨ।




**ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਕੂਲ ਵਿਚ ਲਗਾਏ ਮੁਫ਼ਤ ਆਰ.ਓ. ਸਿਸਟਮ ਦਾ ਉਦਘਾਟਨ ਕਰਦੇ ਹੋਏ ਜਗਦੀਪ ਸਿੰਘ ਬਰਾੜ ਐੱਮ.ਐੱਲ.ਏ. ਹਲਕਾ ਸ੍ਰੀ ਮੁਕਤਸਰ ਸਾਹਿਬ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸੇਵਾਦਾਰ ਅਤੇ ਪਿੰਡ ਵਾਸੀ।**



# EXPO
## Furniture Gallery



**We offer 0% interest financing and carry all major brands.**

ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ

In business for over 30 years

New Year Special Sale

*Best price guaranteed.*



7310 HOME LEISURE PLAZA, SACRAMENTO, CA 95823

(916) 392-3233

www.expofurnituregallery.com

# ਪੰਜਾਬ ’ਚ ਵੱਡੇ ਅੱਤਵਾਦੀ ਹਮਲੇ ਦਾ ਖ਼ਤਰਾ!

- ਐੱਫ.ਬੀ.ਆਈ. ਵੱਲੋਂ ਐੱਨ.ਆਈ.ਏ. ਨੂੰ ਸੌਂਪਿਆ ਗਿਆ ਬਲੂਪ੍ਰਿੰਟ
- ਪੰਜਾਬ ’ਚ ਘੁੰਮ ਰਹੇ ਨੇ 32 ਅੱਤਵਾਦੀ

ਚੰਡੀਗੜ੍ਹ, (ਪੰਜਾਬ ਮੇਲ)- ਅਮਰੀਕੀ ਏਜੰਸੀ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਐੱਫ.ਬੀ.ਆਈ. ਨੇ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਫ.ਬੀ.ਆਈ.) ਦੇ ਨਾਲ ਅੱਤਵਾਦੀ ਹਰਪ੍ਰੀਤ ਸਿੰਘ ਉਰਫ਼ ਹੈਪੀ ਪਾਸੀਆਂ ਦੇ ਪੰਜਾਬ ਵਿਚ ਅੱਤਵਾਦੀ ਮਾਡੀਊਲ ਦਾ ਬਲੂਪ੍ਰਿੰਟ ਸਾਂਝਾ ਕੀਤਾ ਹੈ। ਐੱਫ.ਬੀ.ਆਈ. ਨੇ ਦੱਸਿਆ ਹੈ ਕਿ ਫ਼ਿਲਹਾਲ ਪੰਜਾਬ ਵਿਚ ਅੱਤਵਾਦੀ ਸੰਗਠਨ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ 32 ਅੱਤਵਾਦੀ ਐਕਟਿਵ ਹਨ, ਜੋ ਪਾਸੀਆਂ ਦੇ ਨਾਲ ਸਿੱਧੇ ਕੁਨੈਕਸ਼ਨ ਵਿਚ ਸਨ।

ਦੱਸ ਦਈਏ ਕਿ ਅੱਤਵਾਦੀ ਹੈਪੀ ਪਾਸੀਆਂ ਨੂੰ ਕੁਝ ਦਿਨ ਪਹਿਲਾਂ ਅਮਰੀਕਾ ’ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਦੌਰਾਨ ਉਸ ਕੋਲੋਂ ਹੋਈ ਪੁੱਛਗਿੱਛ ’ਚ ਇਹ ਇਨਪੁਟ ਸਾਹਮਣੇ ਆਏ ਹਨ, ਜਿਸ ਦਾ ਬਲੂਪ੍ਰਿੰਟ ਐੱਫ.ਬੀ.ਆਈ. ਵੱਲੋਂ ਐੱਨ.ਆਈ.ਏ. ਨੂੰ ਸੌਂਪਿਆ ਗਿਆ ਹੈ। ਐੱਫ.ਬੀ.ਆਈ. ਨੇ ਦੱਸਿਆ ਹੈ ਕਿ ਅੱਤਵਾਦੀ ਪਾਸੀਆਂ ਤੇ ਬੀ.ਕੇ.ਆਈ. ਦੇ ਇਹ 32 ਅੱਤਵਾਦੀ ਗੁਰਗੇ ਪੰਜਾਬ ’ਚ ਆਪਰੇਟ ਕਰ ਰਹੇ ਹਨ। ਐੱਨ.ਆਈ.ਏ. ਦਿੱਲੀ ਦੇ ਇਕ ਸੀਨੀਅਰ ਅਧਿਕਾਰੀ ਮੁਤਾਬਕ ਇਹ ਸਾਰੇ ਬੀ.ਕੇ.ਆਈ. ਤੇ ਪਾਕਿਸਤਾ ਦੀ ਖੁਫ਼ੀਆ ਏਜੰਸੀ ਆਈ.ਐੱਸ.ਆਈ. ਦੇ ਕੁਨੈਕਸ਼ਨ ਵਿਚ ਹਨ।

ਇਹ ਸਾਰੇ ਅੱਤਵਾਦੀ ਪੰਜਾਬ ਦੇ ਸਰਹੱਦੀ ਇਲਾਕਿਆਂ ਵਿਚ ਪੁਲਿਸ ਥਾਣਿਆਂ ’ਤੇ ਗ੍ਰਨੇਡ ਹਮਲਿਆਂ ਤੇ ਟਾਰਗੇਟ ਕਿਲਿੰਗ ਤੋਂ ਇਲਾਵਾ ਕਿਸੇ ਵੱਡੇ ਅੱਤਵਾਦੀ ਹਮਲੇ ਦੀ ਤਿਆਰੀ ਕਰ ਰਹੇ ਸਨ। ਜਲੰਧਰ ਵਿਚ ਭਾਜਪਾ ਆਗੂ ਮਨੋਰੰਜਨ ਕਾਲੀਆ ਦੇ ਘਰ ’ਤੇ ਹੋਏ ਗ੍ਰਨੇਡ ਹਮਲੇ ਨੂੰ ਵੀ ਇਨ੍ਹਾਂ ਗੁਰਗਿਆਂ ਨੇ ਹੀ ਅੰਜਾਮ ਦਿੱਤਾ ਸੀ।

ਮੀਡੀਆ ਰਿਪੋਰਟਾਂ ਮੁਤਾਬਕ ਬੱਬਰ ਖ਼ਾਲਸਾ ਇੰਟਰਨੈਸ਼ਨਲ ਤੇ ਆਈ.ਐੱਸ.ਆਈ. ਵੱਲੋਂ ਪੰਜਾਬ ਦੀਆਂ ਕਈ ਪ੍ਰਾਈਵੇਟ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਆਪਣੇ ਝਾਂਸੇ ਵਿਚ ਲੈ ਕੇ ਭਰਤੀ ਕੀਤਾ ਜਾ ਰਿਹਾ ਹੈ। ਬੀ.ਕੇ.ਆਈ. ਤੇ ਆਈ.ਐੱਸ.ਆਈ. ਵੱਲੋਂ ਹੈਪੀ ਪਾਸੀਆਂ ਦੀ ਮਦਦ ਨਾਲ ਪੰਜਾਬ ਦੇ ਟੈਰਰ ਮਾਡੀਊਲ ਵਿਚ ਨਵੇਂ ਮੁੰਡਿਆਂ ਦੀ ਭਰਤੀ ਵੀ ਕੀਤੀ ਜਾ ਰਹੀ ਸੀ। ਦੱਸਿਆ ਜਾ ਰਿਹਾ ਹੈ ਕਿ ਐੱਨ.ਆਈ.ਏ. ਵੱਲੋਂ ਹੁਣ ਪੰਜਾਬ ਵਿਚ ਵੱਡੇ ਐਕਸ਼ਨ ਦੀ ਤਿਆਰੀ ਹੈ, ਤਾਂ ਜੋ ਇਨ੍ਹਾਂ ਅੱਤਵਾਦੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਸਕੇ।

ਐੱਨ.ਆਈ.ਏ. ਮੁਤਾਬਕ ਪਾਕਿਸਤਾਨ ਬੈਠਾ ਬੱਬਰ ਖ਼ਾਲਸਾ ਇੰਟਰਨੈਸ਼ਨਲ ਦਾ ਮੁਖੀ ਹਰਵਿੰਦਰ ਸਿੰਘ ਉਰਫ਼ ਰਿੰਦਾ ਜੀਵਨ ਫ਼ੌਜੀ ਰਾਹੀਂ ਆਪਣਾ ਮਾਡੀਊਲ ਚਲਾ ਰਿਹਾ ਹੈ। ਪਾਸੀਆਂ ਦੇ ਤਿਆਰ ਕੀਤੇ 32 ਅੱਤਵਾਦੀ ਹੁਣ ਪੰਜਾਬ ਵਿਚ ਸਾਜ਼ਿਸ਼ਾਂ ਰਚ ਰਹੇ ਹਨ। ਇਨ੍ਹਾਂ ਵੱਲੋਂ ਪੁਲਿਸ ਥਾਣਿਆਂ ’ਤੇ ਗ੍ਰਨੇਡ ਹਮਲੇ, ਟਾਰਗੇਟ ਕਿਲਿੰਗ ਤੋਂ ਇਲਾਵਾ ਪੰਜਾਬ ਵਿਚ ਵੱਡੇ ਅੱਤਵਾਦੀ ਹਮਲੇ ਦੀ ਪਲਾਨਿੰਗ ਕੀਤੀ ਜਾ ਰਹੀ ਸੀ। ਇਨ੍ਹਾਂ ਨੇ ਪੰਜਾਬ, ਉੱਤਰ ਪ੍ਰਦੇਸ਼ ਤੇ ਹਰਿਆਣਾ ਵਿਚ ਕਈ ਟਿਕਾਣੇ ਬਣਾਏ ਹੋਏ ਹਨ। ਐੱਨ.ਆਈ.ਏ. ਵੱਲੋਂ ਇਨ੍ਹਾਂ ਸਾਰਿਆਂ ਦੀ ਗ੍ਰਿਫ਼ਤਾਰੀ ਦੇ ਲਈ ਵੱਡੇ ਪੱਧਰ ’ਤੇ ਯੋਜਨਾਬੰਦੀ ਕੀਤੀ ਜਾ ਰਹੀ ਹੈ।

# ਹਾਈਕੋਰਟ ਵੱਲੋਂ ਪੰਜਾਬ ’ਚ ਸਿਹਤ ਸੇਵਾਵਾਂ ’ਤੇ ਗੰਭੀਰ ਚਿੰਤਾ ਦਾ ਪ੍ਰਗਟਾਵਾ

- ਸਿਹਤ ਵਿਭਾਗ ਤੋਂ ਮੰਗਿਆ ਵਿਸਥਾਰਿਤ ਹਲਫ਼ਨਾਮਾ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਸਰਕਾਰੀ ਹਸਪਤਾਲਾਂ, ਖ਼ਾਸ ਕਰਕੇ ਮਾਲੇਰਕੋਟਲਾ ਜ਼ਿਲ੍ਹੇ ਵਿਚ ਡਾਕਟਰੀ ਸਹੂਲਤਾਂ ਦੀ ਮਾੜੀ ਹਾਲਤ ’ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੁਮਿਤ ਗੋਇਲ ਦੇ ਡਵੀਜ਼ਨ ਬੈਂਚ ਨੇ ਕਿਹਾ ਕਿ ਮਾਲੇਰਕੋਟਲਾ ਜ਼ਿਲ੍ਹੇ ਅੰਦਰ ਸਿਹਤ ਬੁਨਿਆਦੀ ਢਾਂਚੇ ਵਿਚ ਕੋਈ ਮਹੱਤਵਪੂਰਨ ਸੁਧਾਰ ਦਿਖਾਈ ਨਹੀਂ ਦੇ ਰਿਹਾ ਹੈ। ਅਦਾਲਤ ਨੇ ਸੂਬੇ ਦੇ ਸਿਹਤ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਇਕ ਵਿਸਤ੍ਰਿਤ ਹਲਫ਼ਨਾਮਾ ਦਾਇਰ ਕਰਨ ਦੇ ਨਿਰਦੇਸ਼ ਦਿੱਤੇ।

ਅਦਾਲਤ ਨੇ ਇਹ ਟਿੱਪਣੀ ਭੀਸ਼ਮ ਕਿੰਗਰ ਵੱਲੋਂ ਦਾਇਰ ਜਨਹਿੱਤ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਕੀਤੀ। ਸੂਬਾ ਸਰਕਾਰ ਵੱਲੋਂ ਦਾਇਰ ਕੀਤੇ ਗਏ ਪਹਿਲਾਂ ਦੇ ਹਲਫ਼ਨਾਮੇ ਦੀ ਸਮੀਖਿਆ ਕਰਦਿਆਂ ਅਦਾਲਤ ਨੇ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਕੁਝ ਡਾਕਟਰਾਂ ਨੂੰ ਮਾਲੇਰਕੋਟਲਾ ਵਿਖੇ ਨਿਯੁਕਤ ਕੀਤਾ ਗਿਆ ਹੈ ਪਰ ਇਹ ਸਪੱਸ਼ਟ ਨਹੀਂ ਹੈ ਕਿ ਉਹ ਨਵੇਂ ਭਰਤੀ ਹੋਏ ਹਨ ਜਾਂ ਹੋਰ ਥਾਵਾਂ ਤੋਂ ਤਬਦੀਲ ਕੀਤੇ ਗਏ ਹਨ। ਸੂਬਾ ਸਰਕਾਰ ਵੱਲੋਂ ਇਹ ਵੀ ਦੱਸਿਆ ਗਿਆ ਕਿ 25 ਅਪ੍ਰੈਲ 2025 ਨੂੰ ਜਾਰੀ ਇਸ਼ਤਿਹਾਰ ਰਾਹੀਂ ਮੈਡੀਕਲ ਅਫ਼ਸਰ (ਜਨਰਲ) ਦੀਆਂ 1000 ਅਸਾਮੀਆਂ ਲਈ ਭਰਤੀ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਪਟੀਸ਼ਨਕਰਤਾ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਮਾਲੇਰਕੋਟਲਾ ਦੇ ਸਰਕਾਰੀ ਹਸਪਤਾਲ ਵਿਚ ਗਾਇਨੀਕੋਲੋਜੀ, ਨੇਤਰ ਵਿਗਿਆਨ, ਖ਼ੂਨ ਚੜ੍ਹਾਉਣ, ਰੇਡਿਓਲੋਜੀ ਅਤੇ ਚਮੜੀ ਰੋਗ ਮਾਹਿਰਾਂ ਲਈ ਕੋਈ ਸਹੂਲਤਾਂ ਨਹੀਂ ਹਨ।


## MATRIMONIAL

South Indian man, 65, (Look's 50) , 5'-7", transportation business. looking a good loving girl of any age. Down to earth, anyone interested to living together. Pls send a photograph and little information with phone number. He can live anywhere in USA.

855

## ਮੈਟਰੀਮੋਨੀਅਲ

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5’-9”, ਦਸਤਾਰਧਾਰੀ, ਯੂ.ਐੱਸ.ਏ. ਵਿਚ ਸਟੱਡੀ ਵੀਜ਼ੇ ’ਤੇ PhD ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ।

ਵਟਸਐਪ ਨੰਬਰ : (706) 206-2516

845

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com



# ਟਰੰਪ ਦਾ ਝੂਠ ਬੋਲਣ ਦਾ ਰਿਕਾਰਡ ਸੁਰਖੀਆਂ 'ਚ!

**■ 4 ਸਾਲਾਂ 'ਚ ਬੋਲੇ 30 ਹਜ਼ਾਰ ਤੋਂ ਵੱਧ ਝੂਠ**

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਕ ਵਾਰ ਫਿਰ ਚਰਚਾ ਵਿਚ ਹਨ। ਇਸ ਵਾਰ ਟਰੰਪ ਦਾ ਝੂਠ ਬੋਲਣ ਦਾ ਰਿਕਾਰਡ ਸੁਰਖੀਆਂ ਵਿਚ ਹੈ। ਤਾਜ਼ਾ ਮਾਮਲਾ ਭਾਰਤ ਅਤੇ ਪਾਕਿਸਤਾਨ ਵਿਚਾਲੇ ਜੰਗਬੰਦੀ ਦਾ ਹੈ। 10 ਮਈ ਨੂੰ ਡੋਨਾਲਡ ਟਰੰਪ ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਜੰਗਬੰਦੀ ਦਾ ਐਲਾਨ ਕਰਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਸੀ। ਹੈਰਾਨੀ ਦੀ ਗੱਲ ਹੈ ਕਿ ਜੰਗਬੰਦੀ ਦਾ ਐਲਾਨ ਨਾ ਤਾਂ ਭਾਰਤ ਵੱਲੋਂ ਕੀਤਾ ਗਿਆ ਅਤੇ ਨਾ ਹੀ ਪਾਕਿਸਤਾਨ ਵੱਲੋਂ, ਪਰ ਅਮਰੀਕੀ ਰਾਸ਼ਟਰਪਤੀ ਨੇ ਇਸ ਦੀ ਜਾਣਕਾਰੀ ਦਿੱਤੀ। ਪਰ ਕੁਝ ਹੀ ਦਿਨਾਂ ਵਿਚ ਉਹ ਜੰਗਬੰਦੀ ਦੇ ਆਪਣੇ ਦਾਅਵੇ ਤੋਂ ਪਿੱਛੇ ਹਟ ਗਿਆ।

ਵਾਸ਼ਿੰਗਟਨ ਪੋਸਟ ਦੀ ਰਿਪੋਰਟ ਮੁਤਾਬਕ ਟਰੰਪ ਨੇ 20 ਜਨਵਰੀ ਨੂੰ ਅਮਰੀਕੀ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ ਸੀ। ਆਪਣੇ ਕਾਰਜਕਾਲ ਦੇ 100 ਦਿਨ ਪੂਰੇ ਹੋਣ 'ਤੇ ਉਨ੍ਹਾਂ ਨੇ ਟਾਈਮਜ਼ ਮੈਗਜ਼ੀਨ ਨੂੰ ਇੰਟਰਵਿਊ ਦਿੱਤਾ ਸੀ। ਇਸ ਇੰਟਰਵਿਊ ਤੋਂ ਬਾਅਦ ਰਿਪੋਰਟ 'ਚ ਦੱਸਿਆ ਗਿਆ ਕਿ ਇਸ ਦੌਰਾਨ ਟਰੰਪ ਨੇ 32 ਅਜਿਹੇ ਦਾਅਵੇ ਕੀਤੇ ਸਨ ਜੋ ਪੂਰੀ ਤਰ੍ਹਾਂ ਨਾਲ ਝੂਠੇ ਅਤੇ ਗੁੰਮਰਾਹਕੁੰਨ ਸਨ। ਰਾਸ਼ਟਰਪਤੀ ਵਜੋਂ ਡੋਨਾਲਡ



ਟਰੰਪ ਦਾ ਪਹਿਲਾ ਕਾਰਜਕਾਲ ਵੀ ਝੂਠ ਨਾਲ ਭਰਿਆ ਹੋਇਆ ਸੀ। ਵਾਸ਼ਿੰਗਟਨ ਪੋਸਟ ਨੇ ਇਸ ਸਬੰਧੀ ਰਿਪੋਰਟ ਜਾਰੀ ਕੀਤੀ ਹੈ। ਇਸ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ 30,573 ਝੂਠੇ ਜਾਂ ਗੁੰਮਰਾਹਕੁੰਨ ਦਾਅਵੇ ਕੀਤੇ। ਇਸ ਤਰ੍ਹਾਂ ਉਸ ਨੇ ਹਰ ਰੋਜ਼ ਔਸਤਨ 21 ਝੂਠੇ ਦਾਅਵੇ ਕੀਤੇ।

- **ਪਹਿਲਾ ਸਾਲ:** ਇੱਕ ਦਿਨ ਵਿਚ 6 ਝੂਠ
- **ਦੂਜਾ ਸਾਲ:** 16 ਪ੍ਰਤੀ ਦਿਨ
- **ਤੀਜਾ ਸਾਲ:** 22 ਪ੍ਰਤੀ ਦਿਨ
- **ਪਿਛਲੇ ਸਾਲ:** ਹਰ ਰੋਜ਼ 39 ਝੂਠੇ ਦਾਅਵੇ!

2020 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਟਰੰਪ ਦੇ ਝੂਠਾਂ ਦੀ ਰਫ਼ਤਾਰ ਵੱਧ ਗਈ। ਅਕਤੂਬਰ 2020 ਦੀਆਂ ਚੋਣਾਂ ਦੌਰਾਨ ਟਰੰਪ ਨੇ ਇੱਕ ਮਹੀਨੇ ਵਿਚ 3,917 ਝੂਠੇ ਜਾਂ ਗੁੰਮਰਾਹਕੁੰਨ ਦਾਅਵੇ ਕੀਤੇ। ਇਸ ਤੋਂ ਪਹਿਲਾਂ ਸਤੰਬਰ ਵਿਚ ਉਸਨੇ 2,239 ਝੂਠੇ ਦਾਅਵੇ ਕੀਤੇ ਸਨ। ਇਸ ਦੇ ਨਾਲ ਹੀ ਰਾਸ਼ਟਰਪਤੀ ਚੋਣ ਲਈ ਵੋਟਿੰਗ ਤੋਂ ਇੱਕ ਦਿਨ ਪਹਿਲਾਂ 2 ਨਵੰਬਰ ਨੂੰ ਟਰੰਪ ਨੇ 539 ਝੂਠੇ ਅਤੇ ਗੁੰਮਰਾਹਕੁੰਨ ਦਾਅਵੇ ਕੀਤੇ ਸਨ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 10 ਮਈ ਨੂੰ ਇੱਕ ਸੋਸ਼ਲ ਮੀਡੀਆ ਪੋਸਟ ਵਿਚ ਐਲਾਨ ਕੀਤਾ ਸੀ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਕਰਵਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਵਿਚੋਲਗੀ ਕਾਰਨ ਦੋਵੇਂ ਦੇਸ਼ ਯੁੱਧ ਤੋਂ ਬਚ ਗਏ, ਜਿਸ ਨਾਲ ਲੱਖਾਂ ਲੋਕਾਂ ਦੀ ਜਾਨ ਬਚ ਗਈ। ਪਰ 15 ਮਈ ਨੂੰ ਟਰੰਪ ਆਪਣੇ ਬਿਆਨ ਤੋਂ ਪਿੱਛੇ ਹਟ ਗਏ, ਇਹ ਕਹਿੰਦੇ ਹੋਏ, "ਮੈਂ ਕਦੇ ਨਹੀਂ ਕਿਹਾ ਕਿ ਮੈਂ ਵਿਚੋਲਗੀ ਕੀਤੀ ਹੈ। ਮੈਂ ਹੁਣੇ ਹੀ ਭਾਰਤ ਅਤੇ ਪਾਕਿਸਤਾਨ ਨੂੰ ਜੰਗਬੰਦੀ 'ਤੇ ਪਹੁੰਚਣ ਵਿਚ ਮਦਦ ਕੀਤੀ ਹੈ।"

ਪਰ ਭਾਰਤ ਨੇ ਟਰੰਪ ਦੇ ਦਾਅਵੇ ਨੂੰ ਰੱਦ ਕਰ ਦਿੱਤਾ ਅਤੇ ਸਪੱਸ਼ਟ ਕੀਤਾ ਕਿ ਜੰਗਬੰਦੀ ਕਿਸੇ ਤੀਜੀ ਧਿਰ ਦੀ ਵਿਚੋਲਗੀ ਦਾ ਨਤੀਜਾ ਨਹੀਂ ਸੀ, ਸਗੋਂ ਭਾਰਤ ਦੀ ਫੌਜੀ ਤਿਆਰੀ ਅਤੇ ਕੂਟਨੀਤਕ ਯਤਨਾਂ ਦਾ ਨਤੀਜਾ ਸੀ। ਭਾਰਤ ਨੇ ਇਹ ਵੀ ਸਪੱਸ਼ਟ ਕੀਤਾ ਕਿ 7 ਤੋਂ 10 ਮਈ ਤੱਕ ਅਮਰੀਕੀ ਅਧਿਕਾਰੀਆਂ ਨਾਲ ਕਿਸੇ ਵੀ ਤਰ੍ਹਾਂ ਦੇ 'ਵਪਾਰਕ ਖਤਰੇ' ਬਾਰੇ ਕੋਈ ਗੱਲਬਾਤ ਨਹੀਂ ਹੋਈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com







# ਅਮਰੀਕਾ 'ਚ ਯੂ-ਵੀਜ਼ਾ ਹਾਸਲ ਕਰਨ ਲਈ ਰਚਿਆ ਝੂਠੀ ਡਕੈਤੀ ਦਾ ਡਰਾਮਾ!

**■ 2 ਭਾਰਤੀ ਹੋਏ ਗ੍ਰਿਫ਼ਤਾਰ**

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਅਮਰੀਕਾ ਦੇ ਰਾਜ ਦੱਖਣੀ ਕੈਰੋਲੀਨਾ ਵਿਚ ਯੂ ਵੀਜ਼ਾ ਲਈ ਡਕੈਤੀ ਦਾ ਜਾਅਲਸਾਜ਼ੀ ਕਰਨ ਵਾਲੇ ਦੋ ਗੁਜਰਾਤੀ-ਭਾਰਤੀ ਫੜੇ ਗਏ ਹਨ। ਫੇਅਰਫੀਲਡ ਕਾਉਂਟੀ ਵਿਚ ਹੋਈ ਇਸ ਘਟਨਾ ਵਿਚ ਬੀਰੇਨ ਪਟੇਲ ਨਾਂ ਦੇ ਇੱਕ ਗੁਜਰਾਤੀ, ਜੋ ਮੋਂਟੀਸੇਲੋ ਨਾਮਕ ਇੱਕ ਗੈਸ ਸਟੇਸ਼ਨ ਕਮ ਸਟੋਰ ਚਲਾਉਂਦਾ ਹੈ, ਨੇ 9 ਮਾਰਚ ਨੂੰ ਇੱਕ ਪੁਲਿਸ ਰਿਪੋਰਟ ਦਰਜ ਕਰਵਾਈ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਉਸ ਨੂੰ ਇੱਕ ਅਣਪਛਾਤੇ ਵਿਅਕਤੀ ਨੇ ਬੰਦੂਕ ਦੀ ਨੋਕ 'ਤੇ ਲੁੱਟ ਲਿਆ ਹੈ ਅਤੇ ਸਟੋਰ ਵਿਚੋਂ 379 ਡਾਲਰ ਲੁੱਟ ਲਏ ਹਨ।

ਉਸ ਨੇ ਅੱਗੇ ਦਾਅਵਾ ਕੀਤਾ ਕਿ ਇਹ ਘਟਨਾ ਰਾਤ ਦੇ ਨੌਂ ਵਜੇ ਦੇ ਕਰੀਬ ਵਾਪਰੀ। ਹਾਲਾਂਕਿ ਪੁਲਿਸ ਨੂੰ ਸ਼ੁਰੂ ਤੋਂ ਹੀ ਇਹ ਮਾਮਲਾ ਸ਼ੱਕੀ ਲੱਗਿਆ ਅਤੇ ਇਸ ਗੱਲ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕੀਤੀ ਗਈ ਕਿ ਡਕੈਤੀ ਅਸਲ ਵਿਚ ਹੋਈ ਸੀ ਜਾਂ ਕੋਈ ਹੋਰ ਗੱਲ ਸੀ। ਇਸ ਦੌਰਾਨ ਪੁਲਿਸ ਨੂੰ ਕੁਝ ਪੱਕੇ ਸਬੂਤ ਮਿਲੇ ਕਿ ਇਹ ਡਕੈਤੀ ਜਾਅਲੀ ਸੀ।

ਬੀਤੀ 14 ਮਈ ਨੂੰ ਬੀਰੇਨ ਪਟੇਲ ਤੋਂ ਪੁਲਿਸ ਨੇ ਇਸ ਮਾਮਲੇ ਵਿਚ ਡੂੰਘਾਈ ਨਾਲ ਪੁੱਛਗਿੱਛ ਕੀਤੀ, ਜਿਸ ਵਿਚ ਉਸ ਨੇ ਸੱਚਾਈ ਦੱਸੀ ਅਤੇ ਕਬੂਲ ਕੀਤਾ ਕਿ ਉਸ ਨੇ ਲਕਸ਼ਿਤ ਪਟੇਲ, ਜੋ ਉਸ ਦੇ ਸਟੋਰ ਵਿਚ ਕੰਮ ਕਰਦਾ ਸੀ, ਲਈ ਯੂ ਵੀਜ਼ਾ ਪ੍ਰਾਪਤ ਕਰਨ ਲਈ ਡਕੈਤੀ ਦਾ ਝੂਠਾ ਡਰਾਮਾ ਕੀਤਾ ਸੀ।

ਜ਼ਿਕਰਯੋਗ ਹੈ ਕਿ ਲਕਸ਼ਿਤ ਪਟੇਲ ਸਤੰਬਰ 2024 ਵਿਚ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਆਇਆ ਸੀ। ਮਾਰਚ 2025 ਵਿਚ ਉਸਦੀ ਇਮੀਗ੍ਰੇਸ਼ਨ ਸੁਣਵਾਈ ਹੋਈ ਸੀ ਤੇ ਇਹ ਜਾਅਲੀ ਡਕੈਤੀ ਉਸ ਤੋਂ ਕੁਝ ਦਿਨ ਪਹਿਲਾਂ ਹੀ ਕੀਤੀ ਗਈ ਸੀ। ਇਸ ਮਾਮਲੇ ਵਿਚ ਬੀਰੇਨ ਪਟੇਲ ਨੂੰ ਅਪਰਾਧਿਕ ਸਾਜ਼ਿਸ਼ ਦੇ ਦੋਸ਼ਾਂ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦੋਂ ਕਿ ਲਕਸ਼ਿਤ ਪਟੇਲ ਨੂੰ ਝੂਠੀ ਪੁਲਿਸ ਰਿਪੋਰਟ ਦਰਜ ਕਰਨ ਅਤੇ ਅਪਰਾਧਿਕ ਸਾਜ਼ਿਸ਼ ਦੇ ਦੋਸ਼ਾਂ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਲਕਸ਼ਿਤ ਪਟੇਲ ਇਸ ਸਮੇਂ ਆਪਣੀ ਇਮੀਗ੍ਰੇਸ਼ਨ ਸਥਿਤੀ ਦੇ ਕਾਰਨ ਸੰਘੀ ਸਰਕਾਰ ਦੇ ਹੁਕਮ 'ਤੇ ਹਿਰਾਸਤ ਵਿਚ ਹੈ, ਜਿਸ ਦਾ ਅਰਥ ਹੈ ਕਿ ਉਸ ਨੂੰ ਹੁਣ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ। ਫੇਅਰਫੀਲਡ ਕਾਉਂਟੀ ਸ਼ੈਰਿਫ਼ ਦੇ ਦਫ਼ਤਰ ਵੱਲੋਂ ਇਹ ਮਾਮਲਾ ਹੋਮਲੈਂਡ ਸਕਿਓਰਿਟੀ ਵਿਭਾਗ ਨੂੰ ਸੌਂਪ ਦਿੱਤਾ ਗਿਆ।

# ਅਮਰੀਕਾ 'ਚ ਪ੍ਰਚੂਨ ਕੰਪਨੀ ਨੇ ਗੋਲਡ ਦੀ ਖ਼ਰੀਦ 'ਤੇ ਲਾਈ ਪਾਬੰਦੀ

**ਵਾਸ਼ਿੰਗਟਨ, (ਪੰਜਾਬ ਮੇਲ)**- ਸੋਨੇ ਦੀ ਭਾਰੀ ਵਿਕਰੀ ਨੂੰ ਦੇਖਦੇ ਹੋਏ, ਅਮਰੀਕਾ ਦੀ ਵੱਡੀ ਪ੍ਰਚੂਨ ਕੰਪਨੀ 'ਕੋਸਟਕੋ ਹੋਲਸੇਲ' ਨੇ ਹੁਣ ਇਸਦੀ ਖਰੀਦ 'ਤੇ ਇੱਕ ਸੀਮਾ ਲਗਾ ਦਿੱਤੀ ਹੈ। 16 ਮਈ ਤੋਂ ਲਾਗੂ ਹੋਏ ਨਵੇਂ ਨਿਯਮ ਅਨੁਸਾਰ, ਗਾਹਕ ਹੁਣ ਹਰ 24 ਘੰਟਿਆਂ ਵਿਚ ਸਿਰਫ਼ ਦੋ 1-ਔਂਸ ਸੋਨੇ ਦੀਆਂ ਬਾਰਾਂ ਹੀ ਖਰੀਦ ਸਕਣਗੇ। ਜੇਕਰ ਕੋਈ ਗਾਹਕ ਇਸ ਤੋਂ ਵੱਧ ਖਰੀਦਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸਨੂੰ ਵੈੱਬਸਾਈਟ 'ਤੇ ਇਹ ਸੁਨੇਹਾ ਮਿਲੇਗਾ: "ਪ੍ਰਤੀ ਮੈਂਬਰਸ਼ਿਪ 1 ਲੈਣ-ਦੇਣ ਦੀ ਸੀਮਾ, ਪ੍ਰਤੀ 24 ਘੰਟਿਆਂ ਵਿਚ ਵੱਧ ਤੋਂ ਵੱਧ 2 ਯੂਨਿਟ।"

ਇਸ ਤੋਂ ਪਹਿਲਾਂ, ਕੋਸਟਕੋ ਗਾਹਕ ਇੱਕ ਦਿਨ ਵਿਚ 5 ਸੋਨੇ ਦੀਆਂ ਬਾਰਾਂ ਤੱਕ ਖਰੀਦ ਸਕਦੇ ਸਨ। ਜਦੋਂ ਕੰਪਨੀ ਨੇ 2023 'ਚਿ ਸੋਨਾ ਵੇਚਣਾ ਸ਼ੁਰੂ ਕੀਤਾ, ਤਾਂ ਹਰ ਰੋਜ਼ 2 ਵਾਰ ਖਰੀਦਣ ਦੀ ਆਗਿਆ ਸੀ।

ਕੋਸਟਕੋ ਨੇ ਦੋ ਸਾਲਾਂ ਵਿਚ 100 ਮਿਲੀਅਨ ਡਾਲਰ (ਲਗਭਗ 833 ਕਰੋੜ ਰੁਪਏ) ਤੋਂ ਵੱਧ ਮੁੱਲ ਦੀਆਂ ਸੋਨੇ ਦੀਆਂ ਛੜਾਂ ਵੇਚੀਆਂ ਹਨ। ਜਦੋਂ ਕੰਪਨੀ ਨੇ 2023 ਵਿਚ ਇਸਨੂੰ ਵੇਚਣਾ ਸ਼ੁਰੂ ਕੀਤਾ ਸੀ, ਤਾਂ ਸੋਨੇ ਦੀ ਕੀਮਤ 1,810 ਡਾਲਰ ਪ੍ਰਤੀ ਔਂਸ ਸੀ, ਜੋ ਹੁਣ ਵੱਧ ਕੇ ਲਗਭਗ 3,500 ਡਾਲਰ ਪ੍ਰਤੀ ਔਂਸ ਹੋ ਗਈ ਹੈ।

ਗੋਲਡ ਦੀ ਸਫਲਤਾ ਤੋਂ ਬਾਅਦ, ਕੰਪਨੀ ਨੇ ਪਲੈਟੀਨਮ ਬਾਰ ਵੀ ਲਾਂਚ ਕੀਤਾ ਹੈ। ਇਸਦਾ ਭਾਰ ਵੀ 1 ਔਂਸ ਹੈ ਅਤੇ ਇਹ 999.5 ਸ਼ੁੱਧਤਾ ਦਾ ਹੈ। ਇਹ ਬਾਰ ਸਵਿਟਜ਼ਰਲੈਂਡ ਦੀ ਐੱਮ.ਕੇ.ਐੱਸ. ਪੀ.ਏ.ਐੱਮ.ਪੀ. ਕੰਪਨੀ ਦੁਆਰਾ ਤਿਆਰ ਕੀਤਾ ਗਿਆ ਹੈ। ਗਾਹਕ ਇੱਕ ਸਮੇਂ ਵਿਚ ਸਿਰਫ਼ 1 ਪਲੈਟੀਨਮ ਬਾਰ ਖਰੀਦ ਸਕਦੇ ਹਨ ਅਤੇ ਹਰੇਕ ਗਾਹਕ ਵੱਧ ਤੋਂ ਵੱਧ 5 ਬਾਰ ਤੱਕ ਲੈ ਸਕਦਾ ਹੈ।


## ਸੋਨੇ ਦੀ ਕੀਮਤ 'ਚ ਆਇਆ ਵੱਡਾ ਉਛਾਲ

**ਨਵੀਂ ਦਿੱਲੀ, (ਪੰਜਾਬ ਮੇਲ)**- ਮੰਗਲਵਾਰ ਨੂੰ ਹੋਏ ਵਾਧੇ ਤੋਂ ਬਾਅਦ, ਬੁੱਧਵਾਰ, 21 ਮਈ 2025 ਨੂੰ ਸੋਨੇ ਦੀ ਕੀਮਤ ਵਿਚ ਵੱਡਾ ਉਛਾਲ ਆਇਆ ਹੈ। ਐੱਮ.ਸੀ.ਐਕਸ 'ਤੇ 10 ਗ੍ਰਾਮ ਸੋਨੇ ਦੀ ਕੀਮਤ 95,372 ਰੁਪਏ ਪ੍ਰਤੀ 10 ਗ੍ਰਾਮ ਹੈ, ਇਹ ਕੱਲ੍ਹ 92,920 ਰੁਪਏ ਸੀ। ਇਸੇ ਤਰ੍ਹਾਂ ਚਾਂਦੀ ਵੀ 0.42 ਪ੍ਰਤੀਸ਼ਤ ਮਹਿੰਗੀ ਹੋ ਗਈ ਹੈ, ਇਹ 97,700 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਹੈ। ਅੰਤਰਰਾਸ਼ਟਰੀ ਬਾਜ਼ਾਰ ਵਿਚ ਸੋਨੇ ਅਤੇ ਚਾਂਦੀ ਦੀਆਂ ਫਿਊਚਰ ਕੀਮਤਾਂ ਵਿਚ ਵਾਧਾ ਹੋ ਰਿਹਾ ਹੈ। ਕਾਮੈਕਸ 'ਤੇ ਸੋਨਾ 3,293 ਡਾਲਰ ਪ੍ਰਤੀ ਔਂਸ 'ਤੇ ਖੁੱਲ੍ਹਿਆ। ਪਿਛਲੀ ਬੰਦ ਕੀਮਤ 3,284.60 ਡਾਲਰ ਪ੍ਰਤੀ ਔਂਸ ਸੀ। ਖ਼ਬਰ ਲਿਖੇ ਜਾਣ ਤੱਕ, ਇਹ 24.10 ਡਾਲਰ ਦੇ ਵਾਧੇ ਨਾਲ



3,308.70 ਡਾਲਰ ਪ੍ਰਤੀ ਔਂਸ 'ਤੇ ਵਪਾਰ ਕਰ ਰਿਹਾ ਸੀ। ਪਿਛਲੇ ਮਹੀਨੇ ਸੋਨੇ ਦੇ ਵਾਅਦੇ ਦੀਆਂ ਕੀਮਤਾਂ 3,509.90 ਰੁਪਏ ਦੇ ਸਰਬੋਤਮ ਉੱਚ ਪੱਧਰ 'ਤੇ ਪਹੁੰਚ ਗਈਆਂ। ਕਾਮੈਕਸ 'ਤੇ ਚਾਂਦੀ ਦੇ ਫਿਊਚਰਜ਼ 33.27 ਡਾਲਰ 'ਤੇ ਖੁੱਲ੍ਹੇ, ਪਿਛਲੀ ਬੰਦ ਕੀਮਤ 33.17 ਡਾਲਰ ਸੀ। ਖ਼ਬਰ ਲਿਖੇ ਜਾਣ ਤੱਕ, ਇਹ 0.08 ਡਾਲਰ ਦੇ ਵਾਧੇ ਨਾਲ 33.25 ਡਾਲਰ ਪ੍ਰਤੀ ਔਂਸ 'ਤੇ ਵਪਾਰ ਕਰ ਰਿਹਾ ਸੀ।

# ਅਮਰੀਕਾ 'ਚ ਜੇਲ੍ਹ ਤੋੜ ਕੇ ਫਰਾਰ ਹੋਏ 10 ਕੈਦੀਆਂ 'ਚੋਂ 4 ਅਜੇ ਵੀ ਨਹੀਂ ਆਏ ਕਾਬੂ



ਫਰਾਰ 7 ਕੈਦੀ ਜਿਨ੍ਹਾਂ ਦੀ ਵੱਡੀ ਪੱਧਰ ਉਪਰ ਭਾਲ ਜਾਰੀ ਹੈ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੀ ਨਿਊ ਓਰਲੀਨਜ ਜੇਲ ਵਿਚੋਂ ਬੀਤੇ ਸ਼ੁੱਕਰਵਾਰ ਟਾਇਲਟ ਪਿਛਲੀ ਕੰਧ ਤੋੜ ਕੇ ਫਰਾਰ ਹੋਏ 10 ਕੈਦੀਆਂ ਵਿਚੋਂ 6 ਨੂੰ ਪੁਲਿਸ ਕਾਬੂ ਕਰਨ 'ਚ ਕਾਮਯਾਬ ਰਹੀ ਹੈ, ਜਦਕਿ 4 ਅਜੇ ਵੀ ਫਰਾਰ ਹਨ ਤੇ ਉਨ੍ਹਾਂ ਦੀ ਕੋਈ ਉੱਗ-ਸੁੱਗ ਨਹੀਂ ਹੈ। ਪੁਲਿਸ ਉਨ੍ਹਾਂ ਨੂੰ ਕਾਬੂ ਕਰਨ ਲਈ ਵੱਡੀ ਪੱਧਰ 'ਤੇ ਕਾਰਵਾਈ ਕਰ ਰਹੀ ਹੈ। ਇਨ੍ਹਾਂ ਵਿਚ ਕੋਰੀ ਬਾਇਡ, ਜਰਮੇਨ ਡੋਨਾਲਡ, ਡੈਰਿਕ ਗਰੋਵਸ, ਐਨਟੋਇਨ ਮੈਸੀ, ਗੈਰੀ ਪ੍ਰਾਈਸ, ਲਿਓ ਟੇਟ ਤੇ ਲੈਨਟਨ ਵੈਨਬਰਨ ਸ਼ਾਮਲ ਹਨ। ਪੁਲਿਸ ਅਨੁਸਾਰ ਕੈਦੀ ਨੁਕਸਦਾਰ "ਲਾਕਿੰਗ ਸਿਸਟਮ" ਦਾ ਫਾਇਦਾ ਉਠਾ ਕੇ ਫਰਾਰ ਹੋਣ ਵਿਚ ਸਫਲ ਹੋਏ ਹਨ। ਕੈਦੀ ਜੇਲ੍ਹ ਦੇ ਇਕ ਮੁਲਾਜ਼ਮ ਵੱਲੋਂ ਖਾਣਾ ਲੈਣ ਲਈ ਜਾਣ ਸਮੇਂ ਫਰਾਰ ਹੋਏ ਹਨ। ਅਧਿਕਾਰੀਆਂ ਅਨੁਸਾਰ ਇਹ ਮੁਲਾਜ਼ਮ ਕੈਦੀਆਂ ਦੀ ਫਰਾਰ ਯੋਜਨਾ 'ਚ ਸ਼ਾਮਲ ਹੋ ਸਕਦਾ ਹੈ। ਇਸ ਸਬੰਧੀ ਜਾਂਚ ਅਜੇ ਮੁਕੰਮਲ ਨਹੀਂ ਹੋਈ, ਜਿਸ ਤੋਂ ਬਾਅਦੀ ਹੀ ਕੋਈ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਭਾਰਤੀ ਸ਼ਰਧਾਲੂਆਂ ਵੱਲੋਂ ਪੰਜਵੇਂ ਪਾਤਿਸ਼ਾਹ ਦਾ ਸ਼ਹੀਦੀ ਪੁਰਬ ਲਾਹੌਰ ਜਾ ਕੇ ਮਨਾਉਣ ਦੀ ਸੰਭਾਵਨਾ ਘੱਟ

**ਅੰਮ੍ਰਿਤਸਰ, (ਪੰਜਾਬ ਮੇਲ)**- ਪਹਿਲਗਾਮ ਵਿਖੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਵੱਲੋਂ ਕੀਤੇ ਗਏ 'ਆਪ੍ਰੇਸ਼ਨ ਸਿੰਧੂਰ' ਨੂੰ ਲੈ ਕੇ ਭਾਰਤ-ਪਾਕਿ ਦੇਸ਼ਾਂ ਦਰਮਿਆਨ ਪੈਦਾ ਹੋਏ ਤਣਾਅ ਅਤੇ ਜੰਗ ਵਰਗੇ ਹਾਲਾਤ ਅਤੇ ਅਟਾਰੀ-ਵਾਹਗਾ ਸਰਹੱਦ ਆਵਾਜਾਈ ਲਈ ਬੰਦ ਕੀਤੇ ਜਾਣ ਦੇ ਮੱਦੇਨਜ਼ਰ ਹਰ ਸਾਲ ਵਾਂਗ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਜਾ ਕੇ ਮਨਾਉਣ ਲਈ ਇਸ ਵਾਰ ਭਾਰਤ ਤੋਂ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਜਾਣ ਦੀ ਅਜੇ ਦੂਰ-ਦੂਰ ਤੱਕ ਕੋਈ ਸੰਭਾਵਨਾ ਨਜ਼ਰ ਨਹੀਂ ਆ ਰਹੀ।

ਇਸੇ ਦੌਰਾਨ ਭਾਵੇਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪਾਕਿਸਤਾਨ ਓਕਾਫ਼ ਬੋਰਡ ਵੱਲੋਂ ਭਾਰਤੀ ਸਿੱਖ ਜਥੇਬੰਦੀਆਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ ਅਤੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਜੂਨ ਮਹੀਨੇ ਜਥੇ ਲੈ ਕੇ ਪਾਕਿਸਤਾਨ ਆਉਣ ਤੇ ਇਸ ਲਈ ਭਾਰਤੀ ਸ਼ਰਧਾਲੂਆਂ ਲਈ ਵੀਜ਼ੇ ਜਾਰੀ ਕਰਨ ਦੀ ਪੇਸ਼ਕਸ਼ ਕੀਤੀ ਗਈ ਹੈ, ਪਰ ਦੋਵਾਂ ਮੁਲਕਾਂ 'ਚ ਗੋਲੀਬੰਦੀ ਦੀ ਸਹਿਮਤੀ ਦੇ ਬਾਵਜੂਦ ਅਜੇ ਤੱਕ ਸਰਹੱਦਾਂ 'ਤੇ ਜਾਰੀ ਭਾਰੀ ਤਣਾਅ ਕਾਰਨ ਭਾਰਤੀ ਸਿੱਖ ਜਥੇਬੰਦੀਆਂ ਇਸ ਵਾਰ ਜਥੇ ਭੇਜਣ ਨੂੰ ਲੈ ਕੇ ਦੁਚਿੱਤੀ ਵਿਚ ਹਨ।

# ਪੰਜਾਬ 'ਚ ਗਰਮੀ ਨੇ ਕੱਢੇ ਲੋਕਾਂ ਦੇ ਵੱਟ

**■ ਅਗਲੇ ਕੁੱਝ ਦਿਨਾਂ 'ਚ ਪੂਰੇ ਸੂਬੇ 'ਚ ਮੀਂਹ ਪੈਣ ਦਾ ਯੈਲੋ ਅਲਰਟ ਜਾਰੀ**



**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ 'ਚ ਇਸ ਵੇਲੇ ਗਰਮੀ ਨੇ ਪੂਰੀ ਤਰ੍ਹਾਂ ਲੋਕਾਂ ਦੇ ਵੱਟ ਕੱਢੇ ਹੋਏ ਹਨ ਅਤੇ ਰਾਤ ਨੂੰ ਵੀ ਚੈਨ ਨਹੀਂ ਮਿਲ ਰਿਹਾ। ਪੰਜਾਬ 'ਚ ਸਭ ਤੋਂ ਜ਼ਿਆਦਾ ਤਾਪਮਾਨ ਬਠਿੰਡਾ 'ਚ ਦੇਖਿਆ ਗਿਆ ਹੈ। ਇੱਥੇ ਤਾਪਮਾਨ 45 ਡਿਗਰੀ ਤੋਂ ਪਾਰ ਹੋ ਗਿਆ ਹੈ ਅਤੇ ਬਾਕੀ ਜ਼ਿਲ੍ਹਿਆਂ 'ਚ 40 ਡਿਗਰੀ ਤੋਂ ਪਾਰ ਤਾਪਮਾਨ ਪਾਇਆ ਜਾ ਰਿਹਾ ਹੈ। ਗਰਮੀ ਦਾ ਕਹਿਰ ਇੰਨਾ ਜ਼ਿਆਦਾ ਹੈ ਕਿ ਲੋਕਾਂ ਦਾ ਦੁਪਹਿਰ ਵੇਲੇ ਘਰੋਂ ਬਾਹਰ ਨਿਕਲਣਾ ਮੁਸ਼ਕਲ ਹੋ ਗਿਆ ਹੈ।

ਇਸ ਦਰਮਿਆਨ ਪੰਜਾਬ ਵਾਸੀਆਂ ਲਈ ਰਾਹਤ ਭਰੀ ਖ਼ਬਰ ਸਾਹਮਣੇ ਆਈ ਹੈ। ਮੌਸਮ ਵਿਭਾਗ ਵਲੋਂ 23, 24, 25 ਅਤੇ 26 ਤਾਰੀਖ਼ ਤੋਂ ਸੂਬੇ 'ਚ ਮੀਂਹ ਪੈਣ ਦਾ ਯੈਲੋ ਅਲਰਟ ਜਾਰੀ ਕੀਤਾ ਹੈ। ਇਸ ਦੇ ਨਾਲ ਹੀ ਕਈ ਜ਼ਿਲ੍ਹਿਆਂ 'ਚ ਬਿਜਲੀ ਗਰਜਣ ਅਤੇ ਤੂਫ਼ਾਨ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ।

ਮੌਸਮ ਵਿਭਾਗ ਵਲੋਂ ਪਠਾਨਕੋਟ, ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ ਅਤੇ ਮੋਹਾਲੀ ਜ਼ਿਲ੍ਹਿਆਂ 'ਚ ਹਲਕੀ ਬਾਰਸ਼ ਹੋ ਸਕਦੀ ਹੈ। ਇਸ ਦੇ ਨਾਲ ਹੀ ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ, ਫ਼ਰੀਦਕੋਟ, ਮੋਗਾ, ਬਰਨਾਲਾ, ਮਾਨਸਾ, ਬਠਿੰਡਾ, ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਜ਼ਿਲ੍ਹਿਆਂ 'ਚ ਤੂਫ਼ਾਨ ਦੇ ਨਾਲ ਬਿਜਲੀ ਚਮਕਣ ਦੀ ਸੰਭਾਵਨਾ ਜ਼ਾਹਰ ਕੀਤੀ ਗਈ ਹੈ।

# ਐੱਫ.ਏ.ਟੀ.ਐੱਫ. ਦੀ ਸੂਚੀ 'ਚ ਮੁੜ ਸ਼ਾਮਲ ਹੋਵੇਗਾ ਪਾਕਿਸਤਾਨ!

**■ ਐੱਫ.ਏ.ਟੀ.ਐੱਫ. ਨਵੀਂ ਖੁਫੀਆ ਜਾਣਕਾਰੀ ਸੌਂਪਣ ਦੀ ਯੋਜਨਾ ਬਣਾ ਰਿਹੈ ਭਾਰਤ**

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਨੇ ਗੁਆਂਢੀ ਦੇਸ਼ ਪਾਕਿਸਤਾਨ ਨੂੰ ਸਬਕ ਸਿਖਾਉਣ ਦੀ ਤਿਆਰੀ ਕਰ ਲਈ ਹੈ। ਭਾਰਤ ਪਾਕਿਸਤਾਨ ਵਿਚ ਸਰਗਰਮ ਅੱਤਵਾਦੀ ਢਾਂਚੇ ਬਾਰੇ ਵਿੱਤੀ ਐਕਸ਼ਨ ਟਾਸਕ ਫੋਰਸ (ਐੱਫ.ਏ.ਟੀ.ਐੱਫ.) ਨੂੰ ਨਵੀਂ ਖੁਫੀਆ ਜਾਣਕਾਰੀ ਸੌਂਪਣ ਦੀ ਯੋਜਨਾ ਬਣਾ ਰਿਹਾ ਹੈ। ਐੱਫ.ਏ.ਟੀ.ਐੱਫ. ਇੱਕ ਗਲੋਬਲ ਸੰਸਥਾ ਹੈ, ਜੋ ਮਨੀ ਲਾਂਡਰਿੰਗ ਅਤੇ ਅੱਤਵਾਦ ਵਿੱਤ ਪੋਸ਼ਣ ਦੀ ਨਿਗਰਾਨੀ ਕਰਦੀ ਹੈ, ਜਿਸਨੇ ਕੁਝ ਸਾਲ ਪਹਿਲਾਂ ਤੱਕ ਪਾਕਿਸਤਾਨ ਨੂੰ ਅੱਤਵਾਦ ਦਾ ਸਮਰਥਨ ਕਰਨ ਲਈ ਗ੍ਰੇ ਸੂਚੀ ਵਿਚ ਰੱਖਿਆ ਸੀ। ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ ਆਪ੍ਰੇਸ਼ਨ ਸਿੰਦੂਰ ਤਹਿਤ ਪਾਕਿਸਤਾਨ ਅਤੇ ਪੀ.ਓ.ਕੇ. ਵਿਚ 9 ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਅਤੇ ਪੂਰੀ ਦੁਨੀਆਂ ਨੂੰ ਦਿਖਾਇਆ ਕਿ ਕਿਵੇਂ ਪਾਕਿਸਤਾਨ ਅੱਤਵਾਦ ਦੇ ਬੁਨਿਆਦੀ ਢਾਂਚੇ ਦਾ ਸਮਰਥਨ ਕਰ ਰਿਹਾ ਹੈ। ਭਾਰਤ ਪਹਿਲਾਂ ਹੀ ਅੰਤਰਰਾਸ਼ਟਰੀ ਮੁਦਰਾ ਫੰਡ ਅਤੇ ਆਈ.ਐੱਮ.ਐੱਫ. ਸਮੇਤ ਦੁਨੀਆਂ ਦੇ ਵਿੱਤੀ ਸੰਸਥਾਨਾਂ ਨੂੰ ਪਾਕਿਸਤਾਨ ਨੂੰ ਆਰਥਿਕ ਸਹਾਇਤਾ ਬੰਦ ਕਰਨ ਦੀ ਅਪੀਲ ਕਰ ਚੁੱਕਾ ਹੈ। ਭਾਰਤ ਦਾ ਕਹਿਣਾ ਹੈ ਕਿ ਪਾਕਿਸਤਾਨ ਇਸ ਪੈਸੇ ਦੀ ਵਰਤੋਂ ਅੱਤਵਾਦ ਲਈ ਕਰ ਰਿਹਾ ਹੈ। ਭਾਰਤ ਇਸ ਮੁੱਦੇ ਨੂੰ ਅੰਤਰਰਾਸ਼ਟਰੀ ਮੰਚ 'ਤੇ ਉਠਾਉਣ ਬਾਰੇ ਸੋਚ ਰਿਹਾ ਹੈ। ਭਾਰਤ ਨਵੇਂ ਸਬੂਤ ਦਿਖਾਉਣ ਜਾ ਰਿਹਾ ਹੈ, ਜੋ ਇਹ ਸਪੱਸ਼ਟ ਕਰਦੇ ਹਨ ਕਿ ਪਾਕਿਸਤਾਨ ਦੀ ਸਰਕਾਰੀ ਮਸ਼ੀਨਰੀ ਅੱਤਵਾਦੀ ਸਮੂਹਾਂ ਨੂੰ ਲਗਾਤਾਰ ਸੁਰੱਖਿਆ ਪ੍ਰਦਾਨ ਕਰ ਰਹੀ ਹੈ। ਅਜਿਹੀ ਸਥਿਤੀ ਵਿਚ ਪਾਕਿਸਤਾਨ ਇੱਕ ਵਾਰ ਫਿਰ ਐੱਫ.ਏ.ਟੀ.ਐੱਫ. ਦੀ ਗ੍ਰੇ ਲਿਸਟ ਵਿਚ ਜਾ ਸਕਦਾ ਹੈ।

ਪਾਕਿਸਤਾਨ ਨੂੰ ਪਹਿਲਾਂ ਵੀ ਕਈ ਵਾਰ ਐੱਫ.ਏ.ਟੀ.ਐੱਫ. ਦੀ ਗ੍ਰੇ ਸੂਚੀ 'ਚੋਂ ਸ਼ਾਮਲ ਅਤੇ ਹਟਾਇਆ ਜਾ ਚੁੱਕਾ ਹੈ। ਪਾਕਿਸਤਾਨ ਨੂੰ ਪਹਿਲੀ ਵਾਰ 2008 ਵਿਚ ਗ੍ਰੇ ਸੂਚੀ ਵਿਚ ਪਾਇਆ ਗਿਆ ਸੀ ਅਤੇ 2009 ਵਿਚ ਹਟਾ ਦਿੱਤਾ ਗਿਆ ਸੀ। ਪਾਕਿਸਤਾਨ 2012 ਤੋਂ 2015 ਦਰਮਿਆਨ ਐੱਫ.ਏ.ਟੀ.ਐੱਫ. ਦੀ ਗ੍ਰੇ ਸੂਚੀ ਵਿਚ ਸੀ। ਐੱਫ.ਏ.ਟੀ.ਐੱਫ., ਜੋ ਅੱਤਵਾਦ ਅਤੇ ਅੱਤਵਾਦੀ ਫੰਡਿੰਗ 'ਤੇ ਨਜ਼ਰ ਰੱਖਦਾ ਹੈ, ਨੇ ਜੂਨ 2018 'ਚ ਪਾਕਿਸਤਾਨ ਨੂੰ ਗ੍ਰੇ ਸੂਚੀ 'ਚ ਪਾ ਦਿੱਤਾ ਸੀ। ਪਰ ਅਕਤੂਬਰ 2022 ਵਿਚ ਸੂਚੀ ਵਿਚੋਂ ਹਟਾ ਦਿੱਤਾ। 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਦੀ ਬੈਸਰਨ ਘਾਟੀ 'ਚ ਪਾਕਿਸਤਾਨ ਸਪਾਂਸਰਡ ਅੱਤਵਾਦੀਆਂ ਨੇ ਹਮਲਾ ਕੀਤਾ ਸੀ, ਜਿਸ 'ਚ 26 ਲੋਕ ਮਾਰੇ ਗਏ ਸਨ ਅਤੇ 17 ਹੋਰ ਜ਼ਖਮੀ ਹੋ ਗਏ ਸਨ। ਭਾਰਤ ਨੇ ਇਸ ਹਮਲੇ ਲਈ ਪਾਕਿਸਤਾਨ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ 6-7 ਅਕਤੂਬਰ ਨੂੰ ਪਾਕਿਸਤਾਨ ਅਤੇ ਪਾਕਿਸਤਾਨ ਦੇ ਗੈਰ-ਕਾਨੂੰਨੀ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ) ਵਿਚ 9 ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਹਵਾਈ ਹਮਲੇ ਕੀਤੇ। ਭਾਰਤੀ ਹਮਲੇ 'ਚ ਘੱਟੋ-ਘੱਟ 100 ਅੱਤਵਾਦੀ ਮਾਰੇ ਗਏ ਸਨ। ਭਾਰਤ ਦੀ ਕਾਰਵਾਈ ਦੇ ਜਵਾਬ ਵਿਚ ਪਾਕਿਸਤਾਨ ਨੇ ਫੌਜੀ ਅਤੇ ਨਾਗਰਿਕ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਨਾਕਾਮ ਕਰ ਦਿੱਤਾ ਗਿਆ। ਦੋਵੇਂ ਦੇਸ਼ਾਂ ਵਿਚਾਲੇ ਕਰੀਬ 4 ਦਿਨਾਂ ਦੀ ਲੜਾਈ ਮਗਰੋਂ ਜੰਗਬੰਦੀ ਹੋਈ। ਹਾਲਾਂਕਿ ਭਾਰਤ ਨੇ ਸਾਫ ਕਿਹਾ ਹੈ ਕਿ ਭਵਿੱਖ ਵਿਚ ਕਿਸੇ ਵੀ ਅੱਤਵਾਦੀ ਕਾਰਵਾਈ ਨੂੰ ਯੁੱਧ ਦੀ ਕਾਰਵਾਈ ਮੰਨਿਆ ਜਾਵੇਗਾ।

# ਪੰਜਾਬ 'ਚ 800 ਤੋਂ ਜ਼ਿਆਦਾ ਯੂ-ਟਿਊਬਰ ਤੇ ਟ੍ਰੈਵਲ ਬਲਾਗਰਾਂ ਪੁਲਿਸ ਦੇ ਨਿਸ਼ਾਨੇ 'ਤੇ!

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਦੇ ਯੂ-ਟਿਊਬਰਾਂ ਤੇ ਟ੍ਰੈਵਲ ਬਲਾਗਰਾਂ ਲਈ ਖ਼ਤਰੇ ਦੀ ਘੰਟੀ ਵੱਜ ਗਈ ਹੈ। ਦਰਅਸਲ ਸੂਬੇ ਦੇ 800 ਤੋਂ ਜ਼ਿਆਦਾ ਯੂ-ਟਿਊਬਰ ਅਤੇ ਟ੍ਰੈਵਲ ਬਲਾਗਰ ਪੁਲਿਸ ਦੇ ਨਿਸ਼ਾਨੇ 'ਤੇ ਹਨ। ਪੁਲਿਸ ਨੇ ਅਜਿਹੇ ਯੂ-ਟਿਊਬਰਾਂ ਤੇ ਟ੍ਰੈਵਲ ਬਲਾਗਰਾਂ ਨੂੰ ਨਿਸ਼ਾਨੇ 'ਤੇ ਲਿਆ ਹੈ, ਜਿਨ੍ਹਾਂ ਦੇ ਵੀਡੀਓ 'ਚ ਪਾਕਿਸਤਾਨ ਨਾਲ ਸਬੰਧਿਤ ਕੰਟੈਂਟ ਰਹਿੰਦਾ ਹੈ ਅਤੇ ਉਨ੍ਹਾਂ ਨੂੰ ਗੁਆਂਢੀ ਮੁਲਕ 'ਚ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ। ਸਿਰਫ ਇੰਨਾ ਹੀ ਨਹੀਂ, ਇਨ੍ਹਾਂ ਯੂ-ਟਿਊਬਰਾਂ ਤੇ ਟ੍ਰੈਵਲ ਬਲਾਗਰਾਂ ਵਲੋਂ ਸੂਬੇ ਦੇ ਸਰਹੱਦੀ ਇਲਾਕਿਆਂ ਤੋਂ ਲੈ ਕੇ ਧਾਰਮਿਕ ਸਥਾਨਾਂ, ਕਾਰੀਡੋਰ ਅਤੇ ਅਤਿ-ਸੰਵੇਦਨਸ਼ੀਲ ਫ਼ੌਜੀ ਟਿਕਾਣਿਆਂ ਦੇ ਨੇੜੇ ਟਿਕਾਣਿਆਂ 'ਤੇ ਵੀਡੀਓ ਸਾਂਝੀਆਂ ਕਰਦੇ ਹਨ। ਇਸ ਤਰ੍ਹਾਂ ਇਹ ਲੋਕ ਕੌਮੀ ਸੁਰੱਖਿਆ ਲਈ ਖ਼ਤਰਾ ਪੈਦਾ ਕਰਦੇ ਹਨ। ਇਸ ਲਈ ਪੰਜਾਬ ਪੁਲਿਸ ਹੁਣ ਉਕਤ ਅਜਿਹੇ ਲੋਕਾਂ ਖ਼ਿਲਾਫ਼ ਕਾਰਵਾਈ 'ਚ ਜੁੱਟ ਗਈ ਹੈ। ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਦਾ ਕਹਿਣਾ ਹੈ ਕਿ ਸਪੈਸ਼ਲ ਟੈਕਨੀਕਲ ਮਾਹਿਰਾਂ ਦੀ ਟੀਮ ਇਸ ਦੀ ਮਾਨੀਟਰਿੰਗ ਕਰ ਰਹੀ ਹੈ। ਰਿਪੋਰਟ ਮੁਤਾਬਕ ਪੰਜਾਬ ਪੁਲਿਸ ਨੇ ਇਸ ਸਾਲ 10 ਅਪ੍ਰੈਲ ਤੱਕ 121 ਸੋਸ਼ਲ ਮੀਡੀਆ ਅਕਾਊਂਟਾਂ ਨੂੰ ਬਲਾਕ ਕੀਤਾ ਹੈ, ਜੋ ਵਿਦੇਸ਼ ਬੈਠੇ ਗੈਂਗਸਟਰਾਂ ਨਾਲ ਜੁੜੀਆਂ ਪੋਸਟਾਂ ਅਤੇ ਉਨ੍ਹਾਂ ਦੇ ਨੈੱਟਵਰਕ ਵਿਚਕਾਰ ਇਕ ਤਰ੍ਹਾਂ ਦਾ ਡਾਟਾ ਸ਼ੇਅਰਿੰਗ ਅਤੇ ਗੱਲਬਾਤ ਦਾ ਮਾਧਿਅਮ ਬਣੇ ਹੋਏ ਸਨ। ਬੀਤੇ ਸਾਲ ਪੰਜਾਬ ਪੁਲਿਸ ਨੇ 483 ਸੋਸ਼ਲ ਮੀਡੀਆ ਅਕਾਊਂਟਾਂ ਨੂੰ ਬਲਾਕ ਕੀਤਾ ਸੀ, ਜੋ ਗੈਂਗਸਟਰਾਂ ਨਾਲ ਜੁੜੇ ਹੋਏ ਸਨ।

# ਵਿਜੈ ਗਰਗ ਦੀ ਕਿਤਾਬ "ਪ੍ਰਵੇਸ਼ ਪ੍ਰੀਖਿਆਵਾਂ ਲਈ ਇੱਕ ਸੰਪੂਰਨ ਗਾਈਡ" ਪ੍ਰਿੰਸੀਪਲ ਡਾ. ਨੀਰੂ ਬਠਲਾ ਵਾਟਸ ਦੁਆਰਾ ਲੋਕ ਅਰਪਣ



**ਮਲੋਟ, (ਪੰਜਾਬ ਮੇਲ)-** ਐੱਸ.ਡੀ. ਸੀਨੀਅਰ ਸੈਕੰਡਰੀ ਸਕੂਲ ਮਲੋਟ ਦੀ ਪ੍ਰਿੰਸੀਪਲ ਸ਼੍ਰੀਮਤੀ ਡਾ. ਨੀਰੂ ਬਠਲਾ ਵਾਟਸ ਨੇ ਪ੍ਰਸਿੱਧ ਲੇਖਕ ਅਤੇ ਸੇਵਾਮੁਕਤ ਪ੍ਰਿੰਸੀਪਲ ਵਿਜੈ ਗਰਗ ਦੁਆਰਾ ਲਿਖੀ ਕਿਤਾਬ "ਪ੍ਰਵੇਸ਼ ਪ੍ਰੀਖਿਆਵਾਂ ਲਈ ਇੱਕ ਸੰਪੂਰਨ ਗਾਈਡ" ਰਿਲੀਜ਼ ਕੀਤੀ। ਇਸ ਮੌਕੇ ਸੀਨੀਅਰ ਅਧਿਆਪਕ ਵੀ ਮੌਜੂਦ ਸਨ। ਕਿਤਾਬ ਰਿਲੀਜ਼ ਸਮਾਗਮ ਦੌਰਾਨ ਬੋਲਦੇ ਹੋਏ ਪ੍ਰਿੰਸੀਪਲ ਨੇ ਵਿਜੈ ਗਰਗ ਦੇ ਸਿੱਖਿਆ ਖੇਤਰ ਵਿਚ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਕਿਤਾਬ ਉਨ੍ਹਾਂ ਵਿਦਿਆਰਥੀਆਂ ਲਈ ਬਹੁਤ ਲਾਭਦਾਇਕ ਹੈ, ਜੋ ਕਿਸੇ ਵੀ ਪ੍ਰਵੇਸ਼ ਪ੍ਰੀਖਿਆ ਵਿਚ ਬੈਠਣ ਜਾ ਰਹੇ ਹਨ। ਪ੍ਰਿੰਸੀਪਲ ਨੇ ਅੱਗੇ ਕਿਹਾ ਕਿ ਵਿਜੈ ਗਰਗ ਦੁਆਰਾ ਲਿਖੀ ਇਹ ਕਿਤਾਬ ਹਮੇਸ਼ਾ ਵਿਦਿਆਰਥੀਆਂ ਅਤੇ ਸਮਾਜ ਲਈ ਮਾਰਗਦਰਸ਼ਨ ਲਈ ਕੰਮ ਕਰੇਗੀ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਬਹੁਤ ਮਦਦਗਾਰ ਹੋਵੇਗੀ। ਕਿਤਾਬ ਲੋਕ ਅਰਪਣ ਕਰਨ 'ਤੇ ਉਨ੍ਹਾਂ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਵਿਜੇ ਗਰਗ ਨੇ ਕਿਹਾ ਕਿ ਇਹ ਕਿਤਾਬ, "ਪ੍ਰਵੇਸ਼ ਪ੍ਰੀਖਿਆਵਾਂ ਲਈ ਇੱਕ ਸੰਪੂਰਨ ਗਾਈਡ (ਗਾਈਡੈਂਸ ਕਾਉਂਸਲਿੰਗ)," ਵਿਦਿਆਰਥੀਆਂ ਨੂੰ ਪ੍ਰਤੀਯੋਗੀ ਪ੍ਰੀਖਿਆਵਾਂ ਦੇ ਵਿਸ਼ਾਲ ਦ੍ਰਿਸ਼ ਨੂੰ ਸਪੱਸ਼ਟਤਾ ਅਤੇ ਵਿਸ਼ਵਾਸ ਨਾਲ ਨੈਵੀਗੇਟ ਕਰਨ ਵਿਚ ਮਦਦ ਕਰਨ ਲਈ ਤਿਆਰ ਕੀਤੀ ਗਈ ਹੈ। ਇਹ ਵੱਖ-ਵੱਖ ਵਿਸ਼ਿਆਂ ਵਿਚ ਦਾਖਲਾ ਪ੍ਰੀਖਿਆਵਾਂ, ਉਨ੍ਹਾਂ ਦੇ ਢਾਂਚੇ, ਯੋਗਤਾ ਮਾਪਦੰਡਾਂ ਅਤੇ ਤਿਆਰੀ ਰਣਨੀਤੀਆਂ ਬਾਰੇ ਸੂਝ ਪ੍ਰਦਾਨ ਕਰਦੀ ਹੈ। ਤੁਹਾਨੂੰ ਇਸ ਕਿਤਾਬ ਵਿਚ ਕੀ ਮਿਲੇਗਾ ਮੁੱਖ ਦਾਖਲਾ ਪ੍ਰੀਖਿਆਵਾਂ ਦਾ ਸੰਖੇਪ ਜਾਣਕਾਰੀ: ਇੰਜੀਨੀਅਰਿੰਗ, ਮੈਡੀਕਲ, ਕਾਨੂੰਨ, ਪ੍ਰਬੰਧਨ, ਸਰਕਾਰੀ ਨੌਕਰੀਆਂ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿਚ ਪ੍ਰੀਖਿਆਵਾਂ 'ਤੇ ਇੱਕ ਵਿਸਤ੍ਰਿਤ ਨਜ਼ਰ।

ਗਰਗ ਨੇ ਅੱਗੇ ਕਿਹਾ ਕਿ ਕਿਤਾਬ ਵਿਦਿਆਰਥੀਆਂ ਲਈ ਵਿਸ਼ੇਸ਼ ਤੌਰ 'ਤੇ ਲਾਭਦਾਇਕ ਹੈ। ਪ੍ਰਵੇਸ਼ ਪ੍ਰੀਖਿਆਵਾਂ ਦੇਣਾ ਅਕਸਰ ਵੱਕਾਰੀ ਸੰਸਥਾਵਾਂ ਅਤੇ ਫਲਦਾਇਕ ਪੇਸ਼ੇਵਰ ਮਾਰਗਾਂ ਦੇ ਪ੍ਰਵੇਸ਼ ਦੁਆਰ ਵਜੋਂ ਕੰਮ ਕਰਦਾ ਹੈ। ਭਾਵੇਂ ਤੁਸੀਂ ਡਾਕਟਰ, ਇੰਜੀਨੀਅਰ, ਵਕੀਲ, ਮੈਨੇਜਰ, ਜਾਂ ਕੋਈ ਹੋਰ ਪੇਸ਼ੇਵਰ ਬਣਨ ਦੀ ਇੱਛਾ ਰੱਖਦੇ ਹੋ, ਪ੍ਰਵੇਸ਼ ਪ੍ਰੀਖਿਆਵਾਂ ਪਾਸ ਕਰਨਾ ਤੁਹਾਡੇ ਸੁਪਨਿਆਂ ਨੂੰ ਪ੍ਰਾਪਤ ਕਰਨ ਵੱਲ ਪਹਿਲਾ ਕਦਮ ਹੈ। ਗਰਗ ਨੇ ਅੱਗੇ ਕਿਹਾ ਕਿ ਪ੍ਰਭਾਵਸ਼ਾਲੀ ਤਿਆਰੀ ਰਣਨੀਤੀਆਂ: ਅਧਿਐਨ ਯੋਜਨਾਵਾਂ, ਸਮਾਂ ਪ੍ਰਬੰਧਨ ਤਕਨੀਕਾਂ ਅਤੇ ਵਿਸ਼ਾ-ਵਾਰ ਤਿਆਰੀ ਸੁਝਾਅ। ਪ੍ਰੀਖਿਆ ਦੇ ਦਬਾਅ ਨੂੰ ਸੰਭਾਲਣਾ: ਪ੍ਰੇਰਿਤ ਰਹਿਣ, ਚਿੰਤਾ 'ਤੇ ਕਾਬੂ ਪਾਉਣ ਅਤੇ ਬਣਾਈ ਰੱਖਣ ਲਈ ਵਿਹਾਰਕ ਸਲਾਹ ਦਿੱਤੀ ਜਾਂਦੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

# ਸ਼੍ਰੋਮਣੀ ਕਮੇਟੀ ਵੱਲੋਂ ਰਾਜੋਆਣਾ ਸਬੰਧੀ ਪਟੀਸ਼ਨ ਬਾਰੇ ਕਾਨੂੰਨੀ ਮਾਹਿਰਾਂ ਨਾਲ ਮੀਟਿੰਗ

**■ ਸ਼੍ਰੋਮਣੀ ਕਮੇਟੀ ਵੱਲੋਂ ਪਾਈ ਗਈ ਪਟੀਸ਼ਨ ਸਬੰਧੀ ਵਿਚਾਰ-ਚਰਚਾ**



ਕਾਨੂੰਨੀ ਮਾਹਿਰਾਂ ਨਾਲ ਮੀਟਿੰਗ ਕਰਦੇ ਹੋਏ ਹਰਜਿੰਦਰ ਸਿੰਘ ਧਾਮੀ।

**ਅੰਮ੍ਰਿਤਸਰ, (ਪੰਜਾਬ ਮੇਲ)-** ਭਾਈ ਬਲਵੰਤ ਸਿੰਘ ਰਾਜੋਆਣਾ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਪਾਈ ਪਟੀਸ਼ਨ ਦੇ ਮਾਮਲੇ ਵਿਚ ਸੀਨੀਅਰ ਵਕੀਲਾਂ ਅਤੇ ਸਾਬਕਾ ਜੱਜਾਂ ਦੀ ਰਾਇ ਲੈਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਬ ਆਫਿਸ ਚੰਡੀਗੜ੍ਹ ਵਿਚ ਮੀਟਿੰਗ ਕੀਤੀ ਗਈ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿਚ ਪਟੀਸ਼ਨ ਸਬੰਧੀ ਲੰਬੀ ਵਿਚਾਰ ਚਰਚਾ ਹੋਈ। ਚਰਚਾ ਦੌਰਾਨ ਇਹ ਵਿਚਾਰ ਸਾਹਮਣੇ ਆਇਆ ਕਿ ਸਰਕਾਰ ਅੱਗੇ ਗੋਡੇ ਨਹੀਂ ਟੇਕਣੇ ਚਾਹੀਦੇ ਅਤੇ ਪਟੀਸ਼ਨ ਵਾਪਸ ਨਹੀਂ ਲੈਣੀ ਚਾਹੀਦੀ, ਸਗੋਂ ਦ੍ਰਿੜ੍ਹਤਾ ਨਾਲ ਅੱਗੇ ਵਧਣਾ ਚਾਹੀਦਾ ਹੈ।

ਇਕੱਤਰਤਾ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਬਹੁਤ ਹੀ ਸੰਜੀਦਾ ਮਾਮਲਾ ਹੈ, ਜਿਸ ਲਈ ਕੌਮੀ ਰਾਏ ਬਣਾਉਣੀ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਸਬੰਧੀ ਲੰਮੇ ਸਮੇਂ ਤੋਂ ਕਾਨੂੰਨੀ ਲੜਾਈ ਲੜ ਰਹੀ ਹੈ ਪਰ ਸਰਕਾਰਾਂ ਦੀ ਅੜੀ ਇਸ ਮਾਮਲੇ ਵਿਚ ਮਨੁੱਖੀ ਅਧਿਕਾਰਾਂ ਖ਼ਿਲਾਫ਼ ਭੁਗਤ ਰਹੀ ਹੈ।

ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਸਰਕਾਰ ਨੂੰ ਮਾਮਲੇ ਬਾਰੇ ਫ਼ੈਸਲਾ ਲੈਣ ਲਈ ਕਹਿਣ ਦੇ ਬਾਵਜੂਦ ਵੀ ਸਰਕਾਰ ਦਾ ਰਵੱਈਆ ਬੇਹੱਦ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਆਪਣੀ ਕਾਰਜਸ਼ੈਲੀ ਵਿਚ ਸਾਰਿਆਂ ਨੂੰ ਇੱਕ ਸਮਾਨ ਜਾਨਣ ਪਰ ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਜੁੜੇ ਅਹਿਮ ਮਾਮਲੇ ਸਬੰਧੀ ਅਪਣਾਈ ਜਾ ਰਹੀ ਪਹੁੰਚ ਸਰਕਾਰ ਦੀ ਮਨਸ਼ਾ 'ਤੇ ਸਵਾਲ ਖੜ੍ਹੇ ਕਰਦੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਬੀਤੇ ਦਿਨੀਂ ਜਦੋਂ ਭਾਈ ਰਾਜੋਆਣਾ ਨਾਲ ਮੁਲਾਕਾਤ ਕੀਤੀ ਗਈ ਸੀ ਤਾਂ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਆਪਣੀ ਪਟੀਸ਼ਨ ਵਾਪਸ ਲੈਣ ਲਈ ਕਿਹਾ ਸੀ। ਇਸ 'ਤੇ ਵਿਚਾਰ ਲਈ ਪਹਿਲਾਂ ਸਿੱਖ ਜਥੇਬੰਦੀਆਂ, ਸਿੱਖ ਬੁੱਧੀਜੀਵੀਆਂ ਅਤੇ ਫੈਡਰੇਸ਼ਨਾਂ ਨਾਲ ਮੀਟਿੰਗਾਂ ਕਰਕੇ ਵਿਚਾਰ ਲਏ ਗਏ ਹਨ। ਇਸੇ ਤਹਿਤ ਇਹ ਮੀਟਿੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਭਾਈ ਰਾਜੋਆਣਾ ਦਾ ਪਟੀਸ਼ਨ ਨੂੰ ਲੈ ਕੇ ਰੋਸ ਜਾਇਜ਼ ਹੈ ਅਤੇ ਉਹ ਆਪਣੇ ਅਕੀਦੇ 'ਤੇ ਦ੍ਰਿੜ੍ਹ ਹਨ ਪਰ ਇਸ ਮਾਮਲੇ 'ਚ ਜਲਦਬਾਜ਼ੀ ਨਾਲ ਫ਼ੈਸਲਾ ਲੈਣਾ ਠੀਕ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿਚ ਪੰਥ ਦਾ ਨੁਮਾਇੰਦਾ ਇਕੱਠ ਬੁਲਾ ਕੇ ਅਗਲੀ ਰੂਪ ਰੇਖਾ ਉਲੀਕੀ ਜਾਵੇਗੀ।

ਮੀਟਿੰਗ ਵਿਚ ਜਸਟਿਸ ਮਨਿੰਦਰਮੋਹਨ ਸਿੰਘ ਬੇਦੀ ਸਾਬਕਾ ਜੱਜ, ਸੀਨੀਅਰ ਵਕੀਲ ਐਡਵੋਕੇਟ ਪੂਰਨ ਸਿੰਘ ਹੁੰਦਲ, ਐਡਵੋਕੇਟ ਜੀ.ਐੱਸ. ਬੱਲ, ਐਡਵੋਕੇਟ ਅਮਰ ਸਿੰਘ ਚਾਹਲ, ਐਡਵੋਕੇਟ ਰਾਜਵਿੰਦਰ ਸਿੰਘ ਬੈਂਸ, ਸਿੱਖ ਵਿਦਵਾਨ ਡਾ. ਕੇਹਰ ਸਿੰਘ, ਕਾਹਨ ਸਿੰਘ ਪੰਨੂੰ ਸਾਬਕਾ ਆਈ.ਏ.ਐੱਸ., ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸੀਨੀਅਰ ਵਕੀਲ ਐਡਵੋਕੇਟ ਬਰਜਿੰਦਰ ਸਿੰਘ ਸੋਢੀ, ਐਡਵੋਕੇਟ ਪਰਮਜੀਤ ਸਿੰਘ ਬਰਾੜ, ਐਡਵੋਕੇਟ ਬਲਤੇਜ ਸਿੰਘ ਸਾਬਕਾ ਡੀਏ, ਐਡਵੋਕੇਟ ਬਲਵੰਤ ਸਿੰਘ ਗੁਲਿਆਨੀ, ਡਾ. ਪੁਨੀਤ ਕੌਰ ਸੇਖੋਂ, ਐਡਵੋਕੇਟ ਅਰਸ਼ਦੀਪ ਸਿੰਘ ਕਲੇਰ, ਐਡਵੋਕੇਟ ਰਵਿੰਦਰ ਸਿੰਘ ਸੈਂਪਲਾ, ਐਡਵੋਕੇਟ ਬਲਵਿੰਦਰ ਸਿੰਘ ਸੂਦਨ, ਐਡਵੋਕੇਟ ਹਰਭਜਨ ਸਿੰਘ ਥਾਂਦੀ, ਐਡਵੋਕੇਟ ਰਾਜੇਸ਼ਵਰ ਸਿੰਘ ਸੂਲਰ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਹਾਜ਼ਰ ਸਨ।



# ਏਸ਼ੀਆ 'ਚ ਤੇਜ਼ੀ ਨਾਲ ਵਧ ਰਹੇ ਨੇ ਕੋਵਿਡ-19 ਦੇ ਨਵੇਂ ਮਾਮਲੇ; ਅਲਰਟ ਜਾਰੀ

**ਸਿੰਗਾਪੁਰ, (ਪੰਜਾਬ ਮੇਲ)-** ਏਸ਼ੀਆ ਵਿਚ ਕੋਵਿਡ-19 ਨੇ ਇੱਕ ਵਾਰ ਫਿਰ ਆਪਣਾ ਸਿਰ ਚੁੱਕਣਾ ਸ਼ੁਰੂ ਕਰ ਦਿੱਤਾ ਹੈ ਅਤੇ ਸਥਿਤੀ ਹੌਲੀ-ਹੌਲੀ ਚਿੰਤਾਜਨਕ ਹੁੰਦੀ ਜਾ ਰਹੀ ਹੈ। ਹਾਂਗਕਾਂਗ, ਸਿੰਗਾਪੁਰ, ਚੀਨ ਅਤੇ ਥਾਈਲੈਂਡ ਵਰਗੇ ਦੇਸ਼ਾਂ ਵਿਚ ਲਾਗ ਦੇ ਨਵੇਂ ਮਾਮਲਿਆਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇੱਕ ਪਾਸੇ ਜਿੱਥੇ ਦੁਨੀਆਂ ਆਮ ਜ਼ਿੰਦਗੀ ਵਿਚ ਵਾਪਸ ਆਉਣ ਦੀ ਕੋਸ਼ਿਸ਼ ਕਰ ਰਹੀ ਹੈ, ਉਥੇ ਦੂਜੇ ਪਾਸੇ ਕੋਰੋਨਾ ਨੇ ਫਿਰ ਤੋਂ ਦਸਤਕ ਦੇ ਦਿੱਤੀ ਹੈ।



ਹਾਂਗਕਾਂਗ ਵਿਚ ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ। ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ ਕੋਰੋਨਾ ਦੀ ਗਤੀਵਿਧੀ ਇਸ ਸਮੇਂ ਪਿਛਲੇ ਇੱਕ ਸਾਲ ਵਿਚ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈ ਹੈ। 3 ਮਈ ਨੂੰ ਖ਼ਤਮ ਹੋਏ ਹਫ਼ਤੇ ਵਿਚ 31 ਮੌਤਾਂ ਦਰਜ ਕੀਤੀਆਂ ਗਈਆਂ, ਜੋ ਚਿੰਤਾ ਦਾ ਵਿਸ਼ਾ ਹੈ। ਸੈਂਪਲ ਪਾਜ਼ੀਟਿਵਿਟੀ ਦਰ ਵੀ ਲਗਾਤਾਰ ਵੱਧ ਰਹੀ ਹੈ ਅਤੇ ਹਸਪਤਾਲਾਂ ਵਿਚ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਵਿਚ ਵੀ ਵਾਧਾ ਹੋਇਆ ਹੈ। ਸਿੰਗਾਪੁਰ ਸਰਕਾਰ ਨੇ ਕੋਵਿਡ ਦੀ ਨਵੀਂ ਲਹਿਰ ਨੂੰ ਲੈ ਕੇ ਅਲਰਟ ਜਾਰੀ ਕਰ ਦਿੱਤਾ ਹੈ।

ਮਈ ਦੇ ਪਹਿਲੇ ਹਫ਼ਤੇ ਦੇ ਮਾਮਲਿਆਂ ਵਿਚ 28 ਫ਼ੀਸਦੀ ਦਾ ਵਾਧਾ ਹੋਇਆ, ਜੋ ਇਸ ਸਾਲ ਹੁਣ ਤੱਕ ਦਾ ਸਭ ਤੋਂ ਵੱਡਾ ਉਛਾਲ ਹੈ। ਹਸਪਤਾਲਾਂ ਵਿਚ ਦਾਖਲ ਲੋਕਾਂ ਦੀ ਗਿਣਤੀ ਵਿਚ ਵੀ 30% ਦਾ ਵਾਧਾ ਹੋਇਆ ਹੈ। ਹਾਲਾਂਕਿ, ਰਾਹਤ ਦੀ ਗੱਲ ਇਹ ਹੈ ਕਿ ਹੁਣ ਤੱਕ ਕੋਈ ਵੀ ਨਵਾਂ ਰੂਪ ਜ਼ਿਆਦਾ ਘਾਤਕ ਜਾਂ ਛੂਤਕਾਰੀ ਸਾਬਤ ਨਹੀਂ ਹੋਇਆ ਹੈ।

ਹਾਂਗਕਾਂਗ ਦੇ ਮਸ਼ਹੂਰ ਗਾਇਕ ਈਸਨ ਚੈਨ ਦਾ ਕੋਵਿਡ ਟੈਸਟ ਪਾਜ਼ੀਟਿਵ ਆਇਆ ਹੈ, ਜਿਸ ਕਾਰਨ ਉਨ੍ਹਾਂ ਦਾ ਕੰਸਰਟ ਰੱਦ ਕਰਨਾ ਪਿਆ। ਇਹ ਇਸ ਗੱਲ ਦਾ ਸੰਕੇਤ ਹੈ ਕਿ ਕੋਰੋਨਾ ਕਿਸੇ ਨੂੰ ਵੀ ਨਹੀਂ ਬਖਸ਼ ਰਿਹਾ, ਭਾਵੇਂ ਉਹ ਆਮ ਹੋਵੇ ਜਾਂ ਖਾਸ। ਚੀਨ ਅਤੇ ਥਾਈਲੈਂਡ ਵਿਚ ਵੀ ਕੋਵਿਡ ਦੇ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ। ਚੀਨੀ ਰੋਗ ਨਿਯੰਤਰਣ ਕੇਂਦਰ ਦੀ ਰਿਪੋਰਟ ਦਰਸਾਉਂਦੀ ਹੈ ਕਿ ਗਰਮੀਆਂ ਵਿਚ ਵੀ ਉੱਥੇ ਲਾਗ ਤੇਜ਼ੀ ਨਾਲ ਫੈਲ ਰਹੀ ਹੈ, ਜੋ ਕਿ ਆਮ ਮੌਸਮੀ ਪੈਟਰਨ ਤੋਂ ਵੱਖਰੀ ਹੈ।

ਹੁਣ ਤੱਕ ਭਾਰਤ ਵਿਚ ਕੋਰੋਨਾ ਦੇ ਮਾਮਲਿਆਂ ਵਿਚ ਕੋਈ ਵੱਡਾ ਵਾਧਾ ਨਹੀਂ ਦੇਖਿਆ ਗਿਆ ਪਰ ਏਸ਼ੀਆਈ ਦੇਸ਼ਾਂ ਵਿਚ ਕੋਵਿਡ ਦੀ ਵਧਦੀ ਗਤੀ ਨੂੰ ਦੇਖਦੇ ਹੋਏ, ਭਾਰਤ ਨੂੰ ਵੀ ਸਾਵਧਾਨ ਰਹਿਣਾ ਪਵੇਗਾ। ਮਾਹਿਰਾਂ ਦਾ ਕਹਿਣਾ ਹੈ ਕਿ ਗਰਮੀਆਂ ਵਿਚ ਵਾਇਰਸ ਦਾ ਸਰਗਰਮ ਹੋਣਾ ਦਰਸਾਉਂਦਾ ਹੈ ਕਿ ਕੋਵਿਡ ਹੁਣ ਮੌਸਮੀ ਨਹੀਂ ਰਿਹਾ।

## ਫਰਿਜ਼ਨੋ ਦੀ ਪੰਜਾਬੀ ਕੁੜੀ ਦੀ ਦਰਦਨਾਕ ਹਾਦਸੇ 'ਚ ਮੌਤ




**ਕੈਲੀਫੋਰਨੀਆ, (ਪੰਜਾਬ ਮੇਲ)-** ਫਰਿਜ਼ਨੋ ਦੇ ਵੁੱਡਵਰਡ ਪਾਰਕ ਨੇੜੇ ਸ਼ੁੱਕਰਵਾਰ ਸਵੇਰੇ ਇੱਕ ਵੱਡੇ ਹਾਦਸੇ ਵਿਚ ਇੱਕ ਪੰਜਾਬੀ ਕੁੜੀ ਦੀ ਮੌਤ ਹੋ ਗਈ। ਹਾਦਸਾ ਫ੍ਰਿਆਂਟ ਅਤੇ ਸ਼ੈਫਰਡ ਏਵਿਨਿਊਜ਼ ਦੇ ਇਲਾਕੇ ਵਿਚ ਵਾਪਰਿਆ, ਜਿਸ ਵਿਚ ਫਰਿਜ਼ਨੋ ਦੀ 21 ਸਾਲਾ ਖੁਸ਼ਮੀਤ ਕੌਰ ਮਾਹਲ ਦੀ ਜਾਨ ਚਲੀ ਗਈ।

ਫਰਿਜ਼ਨੋ ਪੁਲਿਸ ਵਿਭਾਗ ਨੇ ਦੱਸਿਆ ਕਿ ਕਾਰ ਇੱਕ ਇੰਟਰਸੈਕਸ਼ਨ ਵਿਚੋਂ ਬੁੱੜਕ ਕੇ ਇੱਕ ਘਰ ਦੇ ਯਾਰਡ ਵਿਚ ਖੜ੍ਹੀ ਹੋਰ ਗੱਡੀ 'ਤੇ ਜਾ ਕੇ ਡਿੱਗੀ ਅਤੇ ਕਾਰ ਨੂੰ ਅੱਗ ਲੱਗ ਗਈ। ਖੁਸ਼ਮੀਤ ਮਾਹਲ ਨੂੰ ਬਾਹਰ ਨਿਕਲਣ ਦਾ ਮੌਕਾ ਨਹੀਂ ਮਿਲਿਆ ਤੇ ਉਸਨੂੰ ਮੌਕੇ 'ਤੇ ਹੀ ਮ੍ਰਿਤ ਘੋਸ਼ਿਤ ਕਰ ਦਿੱਤਾ ਗਿਆ।

ਇੱਕ ਯੂਟਿਊਬ ਚੈਨਲ ਵਲੋਂ ਮਿਲੀ ਵੀਡੀਓ ਵਿਚ ਸਾਰੀ ਫੁਟੇਜ਼ ਵਿਚ ਕੈਦ ਹੋ ਗਈ ਕਿ ਕਿਵੇਂ ਕਾਰ ਬੁੱੜਕੀ ਤੇ ਕਿਸ ਤਰ੍ਹਾਂ ਭਾਣਾ ਵਾਪਰਿਆ। ਅੱਗ ਦੀਆਂ ਲਪਟਾਂ ਵੁੱਡਵਰਡ ਪਾਰਕ ਦੀ ਫਿੰਸ ਵਿਚੋਂ ਚਸ਼ਮਦੀਦਾਂ ਨੇ ਵੇਖੀਆਂ। ਹਾਦਸੇ ਦੇ ਕਾਰਣਾਂ ਦੀ ਜਾਂਚ ਚੱਲ ਰਹੀ ਹੈ। ਇਸ ਭਿਆਨਕ ਹਾਦਸੇ ਕਾਰਨ ਫਰਿਜ਼ਨੋ ਦਾ ਪੰਜਾਬੀ ਭਾਈਚਾਰਾ ਗਹਿਰੇ ਸਦਮੇ ਵਿਚ ਹੈ।

# ਅਮਰੀਕਾ 'ਚ ਸੜਕ ਹਾਦਸੇ ਦੌਰਾਨ ਪੰਜਾਬੀ ਅੱਲ੍ਹੜ ਦੀ ਦਰਦਨਾਕ ਮੌਤ

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ਵਿਚ 17 ਸਾਲ ਦੇ ਪੰਜਾਬੀ ਮੁੰਡੇ ਦੀ ਖ਼ੌਫਨਾਕ ਸੜਕ ਹਾਦਸੇ ਦੌਰਾਨ ਮੌਤ ਹੋ ਜਾਣ ਦਾ ਦੁਖਦ ਸਮਾਚਾਰ ਪ੍ਰਾਪਤ ਹੋਇਆ ਹੈ, ਜਿਸ ਦੀ ਸ਼ਨਾਖਤ ਸਾਜਨਦੀਪ ਸਿੰਘ ਵਜੋਂ ਕੀਤੀ ਗਈ ਹੈ। ਓਹਾਇਓ ਦੀ ਬਟਲਰ ਕਾਊਂਟੀ ਦੇ ਸ਼ੈਰਿਫ਼ ਦਫ਼ਤਰ ਮੁਤਾਬਕ 17 ਸਾਲ ਦਾ ਅੱਲ੍ਹੜ ਹੌਂਡਾ ਸਿਵਿਕ ਵਿਚ ਜਾ ਰਿਹਾ ਸੀ, ਜਦੋਂ ਇਸ ਦੀ ਟੱਕਰ ਫੌਰਡ ਟ੍ਰਾਂਜ਼ਿਟ ਵੈਨ ਨਾਲ ਹੋ ਗਈ। ਪੁਲਿਸ ਵੱਲੋਂ ਅੱਲ੍ਹੜ ਨੂੰ ਨਾਜ਼ੁਕ ਹਾਲਤ 'ਚ ਯੂਨੀਵਰਸਿਟੀ ਆਫ਼ ਸਿਨਸਿਨਾਟੀ ਦੇ ਵੈਸਟ ਚੈਸਟਰ ਹਸਪਤਾਲ ਲਿਜਾਇਆ ਗਿਆ, ਜਿਥੇ ਉਹ ਜ਼ਖਮਾਂ ਦੀ ਤਾਬ ਨਾ ਝਲਦਾ ਹੋਇਆ ਦਮ ਤੋੜ ਗਿਆ। ਦੂਜੇ ਪਾਸੇ ਫੌਰਡ ਟ੍ਰਾਂਜ਼ਿਟ ਦੇ ਡਰਾਈਵਰ ਨੂੰ ਵੀ ਮਾਮੂਲੀ ਸੱਟਾਂ ਲੱਗਣ ਦੀ ਰਿਪੋਰਟ ਹੈ।




ਉਧਰ ਸਾਜਨਦੀਪ ਸਿੰਘ ਦੀ ਭੈਣ ਸਾਂਝਦੀਪ ਕੌਰ ਨੇ ਗੋਫੰਡਮੀ ਪੇਜ ਸਥਾਪਤ ਕਰਦਿਆਂ ਦੱਸਿਆ ਕਿ ਹਾਦਸੇ ਮਗਰੋਂ ਕਾਰ ਨੂੰ ਅੱਗ ਲੱਗ ਗਈ ਅਤੇ ਉਸ ਦਾ ਭਰਾ ਬੁਰੀ ਤਰ੍ਹਾਂ ਝੁਲਸ ਗਿਆ। ਸਾਂਝਦੀਪ ਕੌਰ ਵੱਲੋਂ ਆਪਣੇ ਇਕੋ ਇਕ ਭਰਾ ਦੇ ਅੰਤਮ ਸਸਕਾਰ ਲਈ ਗੋਫੰਡਮੀ ਪੇਜ ਸਥਾਪਤ ਕੀਤਾ ਗਿਆ ਹੈ। ਅੱਗ ਦਾ ਅਸਰ ਪਾਰਕਿੰਗ 'ਚ ਦਾਖਲ ਹੋਣ ਅਤੇ ਬਾਹਰ ਜਾਣ ਵਾਲੇ ਦੋਵੇਂ ਲਾਂਘਿਆਂ 'ਤੇ ਹੋਇਆ। ਮੌਕੇ 'ਤੇ ਮੌਜੂਦ ਇਕ ਮੁਸਾਫ਼ਰ ਨੇ ਕਿਹਾ ਕਿ ਉਸ ਨੂੰ ਆਪਣੀ ਕਾਰ ਹਾਸਲ ਕਰਨ 'ਚ ਘੱਟੋ-ਘੱਟ ਦੋ-ਤਿੰਨ ਦਿਨ ਦਾ ਸਮਾਂ ਲੱਗੇਗਾ। ਹਾਲਾਤ ਦੇ ਮੱਦੇਨਜ਼ਰ ਏਅਰਪੋਰਟ ਅਧਿਕਾਰੀਆਂ ਵੱਲੋਂ ਟੈਕਸੀਆਂ ਦੇ ਰੁਕਣ ਲਈ ਬਦਲਵੇਂ ਪ੍ਰਬੰਧ ਕੀਤੇ ਗਏ ਹਨ ਕਿਉਂਕਿ ਕਾਰ ਪਾਰਕਿੰਗ ਦੀ ਮੁਰੰਮਤ ਵਿਚ ਕਾਫ਼ੀ ਸਮਾਂ ਲੱਗ ਸਕਦਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com







# ਭਾਰਤੀ ਕਾਨੂੰਨਾਂ 'ਚ ਜਾਸੂਸੀ ਨਾਲ ਸਬੰਧਤ ਅਪਰਾਧਾਂ ਲਈ ਸਖ਼ਤ ਪ੍ਰਬੰਧ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ 'ਚ ਦੇਸ਼ ਦੀ ਸੁਰੱਖਿਆ ਨਾਲ ਖੇਡਣ ਵਾਲਿਆਂ ਲਈ ਕਾਨੂੰਨ ਬਹੁਤ ਸਖ਼ਤ ਹੈ। ਜਾਸੂਸੀ ਯਾਨੀ ਕਿ ਦੇਸ਼ ਦੀ ਗੁਪਤ ਜਾਣਕਾਰੀ ਦੁਸ਼ਮਣ ਨੂੰ ਦੇਣਾ, ਇੱਕ ਗੰਭੀਰ ਅਪਰਾਧ ਹੈ, ਜੋ ਦੇਸ਼ ਦੀ ਪ੍ਰਭੂਸੱਤਾ ਅਤੇ ਅਖੰਡਤਾ ਨੂੰ ਖਤਰੇ 'ਚ ਪਾਉਂਦਾ ਹੈ। ਭਾਰਤੀ ਕਾਨੂੰਨਾਂ 'ਚ ਜਾਸੂਸੀ ਨਾਲ ਸਬੰਧਤ ਅਪਰਾਧਾਂ ਲਈ ਸਖ਼ਤ ਪ੍ਰਬੰਧ ਹਨ, ਮੁੱਖ ਤੌਰ 'ਤੇ ਅਧਿਕਾਰਤ ਗੁਪਤ ਐਕਟ 1923 ਅਤੇ ਹਾਲ ਹੀ 'ਚ ਲਾਗੂ ਕੀਤਾ ਗਿਆ ਭਾਰਤੀ ਨਿਆਂ ਕੋਡ (ਬੀ.ਐੱਨ.ਐੱਸ.) 2023। ਹਰਿਆਣਾ ਦੇ ਯੂਟਿਊਬਰ ਜੋਤੀ ਮਲਹੋਤਰਾ ਦੀ ਗ੍ਰਿਫਤਾਰੀ ਨੇ ਇੱਕ ਵਾਰ ਫਿਰ ਇਸ ਸੰਵੇਦਨਸ਼ੀਲ ਮੁੱਦੇ ਨੂੰ ਸੁਰਖੀਆਂ 'ਚ ਲਿਆ ਦਿੱਤਾ ਹੈ।

**ਜਾਸੂਸੀ ਨਾਲ ਸਬੰਧਤ ਮਹੱਤਵਪੂਰਨ ਕਾਨੂੰਨੀ ਪ੍ਰਬੰਧ**

ਭਾਰਤ 'ਚ ਜਾਸੂਸੀ ਦੇ ਮਾਮਲਿਆਂ 'ਚ ਮੁੱਖ ਤੌਰ 'ਤੇ ਦੋ ਕਾਨੂੰਨ ਲਾਗੂ ਹਨ:

**ਅਧਿਕਾਰਤ ਭੇਦ ਐਕਟ, 1923:** ਇਹ ਕਾਨੂੰਨ ਦੇਸ਼ ਦੀ ਗੁਪਤ ਜਾਣਕਾਰੀ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦਾ ਹੈ। ਇਸਦੇ ਮੁੱਖ ਭਾਗ ਇਸ ਪ੍ਰਕਾਰ ਹਨ:

**ਧਾਰਾ 3 (ਰੱਖਿਆ ਜਾਂ ਗੁਪਤ ਜਾਣਕਾਰੀ ਨਾਲ ਸਬੰਧਤ ਜਾਸੂਸੀ):** ਜੇਕਰ ਕੋਈ ਵਿਅਕਤੀ ਦੇਸ਼ ਦੀ ਸੁਰੱਖਿਆ ਨਾਲ ਸਬੰਧਤ ਕੋਈ ਵੀ ਜਾਣਕਾਰੀ (ਜਿਵੇਂ ਕਿ ਫੌਜੀ ਯੋਜਨਾਵਾਂ, ਹਥਿਆਰ, ਜਾਂ ਰੱਖਿਆ ਸਥਾਨ) ਕਿਸੇ ਵਿਦੇਸ਼ੀ ਏਜੰਟ ਜਾਂ ਦੁਸ਼ਮਣ ਦੇਸ਼ ਨੂੰ ਦਿੰਦਾ ਹੈ, ਤਾਂ ਉਸਨੂੰ 14 ਸਾਲ ਤੱਕ ਦੀ ਕੈਦ ਹੋ ਸਕਦੀ ਹੈ। ਗੰਭੀਰ ਮਾਮਲਿਆਂ 'ਚ ਉਮਰ ਕੈਦ ਤੱਕ ਦੀ ਸਜ਼ਾ ਦਾ ਪ੍ਰਬੰਧ ਹੈ।

**ਧਾਰਾ 4 (ਵਿਦੇਸ਼ੀ ਏਜੰਟਾਂ ਨਾਲ ਅਣਅਧਿਕਾਰਤ ਸੰਪਰਕ):** ਜੇਕਰ ਕੋਈ ਵਿਅਕਤੀ ਬਿਨਾਂ ਇਜਾਜ਼ਤ ਦੇ ਕਿਸੇ ਵਿਦੇਸ਼ੀ ਏਜੰਟ ਨਾਲ ਸੰਪਰਕ ਕਰਦਾ ਹੈ, ਤਾਂ ਉਸਨੂੰ 2 ਸਾਲ ਤੱਕ ਦੀ ਕੈਦ ਹੋ ਸਕਦੀ ਹੈ।

**ਧਾਰਾ 5 (ਦੁਸ਼ਮਣ ਨੂੰ ਗੁਪਤ ਜਾਣਕਾਰੀ ਲੀਕ ਕਰਨਾ ਜਾਂ ਦੇਣਾ):** ਜੇਕਰ ਕੋਈ ਵਿਅਕਤੀ ਦੇਸ਼ ਦੀ ਗੁਪਤ ਜਾਣਕਾਰੀ ਦੁਸ਼ਮਣ ਨੂੰ ਲੀਕ ਕਰਦਾ ਹੈ ਜਾਂ ਦਿੰਦਾ ਹੈ, ਤਾਂ ਉਸਨੂੰ 3 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ।

**ਧਾਰਾ 10 (ਘੱਟ ਗੰਭੀਰ ਜਾਸੂਸੀ ਗਤੀਵਿਧੀਆਂ):** ਕੁਝ ਘੱਟ ਗੰਭੀਰ ਜਾਸੂਸੀ ਗਤੀਵਿਧੀਆਂ ਲਈ 3 ਸਾਲ ਤੱਕ ਦੀ ਕੈਦ ਜਾਂ ਜੁਰਮਾਨੇ ਦੀ ਸਜ਼ਾ ਹੈ।

**ਭਾਰਤੀ ਨਿਆਂ ਸੰਹਿਤਾ (ਬੀ.ਐੱਨ.ਐੱਸ.), 2023:** ਇਹ ਨਵਾਂ ਕਾਨੂੰਨ ਭਾਰਤੀ ਦੰਡ ਸੰਹਿਤਾ (ਆਈ.ਪੀ.ਸੀ.) ਦੀ ਥਾਂ 'ਤੇ ਲਿਆਂਦਾ ਗਿਆ ਹੈ ਅਤੇ ਇਸ 'ਚ ਦੇਸ਼ ਦੀ ਸੁਰੱਖਿਆ ਨਾਲ ਸਬੰਧਤ ਅਪਰਾਧਾਂ ਲਈ ਵੀ ਸਖ਼ਤ ਪ੍ਰਬੰਧ ਹਨ:

**ਧਾਰਾ 152 (ਭਾਰਤ ਦੀ ਪ੍ਰਭੂਸੱਤਾ, ਏਕਤਾ ਜਾਂ ਅਖੰਡਤਾ ਨੂੰ ਖ਼ਤਰਾ):** ਇਸ ਧਾਰਾ 'ਚ ਜਾਸੂਸੀ ਵਰਗੀਆਂ ਗਤੀਵਿਧੀਆਂ ਸ਼ਾਮਲ ਹੋ ਸਕਦੀਆਂ ਹਨ, ਜੋ ਭਾਰਤ ਦੀ ਪ੍ਰਭੂਸੱਤਾ, ਏਕਤਾ ਜਾਂ ਅਖੰਡਤਾ ਨੂੰ ਖ਼ਤਰਾ ਬਣਾਉਂਦੀਆਂ ਹਨ। ਇਸ ਲਈ ਸਜ਼ਾ ਮੌਤ ਦੀ ਸਜ਼ਾ ਜਾਂ ਉਮਰ ਕੈਦ ਹੋ ਸਕਦੀ ਹੈ। ਜੇਕਰ ਕੋਈ ਵਿਅਕਤੀ ਦੇਸ਼ ਵਿਰੁੱਧ ਜੰਗ ਛੇੜਨ ਜਾਂ ਫੌਜੀ ਜਾਣਕਾਰੀ ਸਾਂਝੀ ਕਰਨ 'ਚ ਸ਼ਾਮਲ ਪਾਇਆ ਜਾਂਦਾ ਹੈ, ਤਾਂ ਉਸਨੂੰ ਮੌਤ ਜਾਂ ਉਮਰ ਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਹੈ।

ਜਾਸੂਸੀ ਦੇ ਮਾਮਲਿਆਂ 'ਚ ਸਜ਼ਾ ਦੀ ਮਾਤਰਾ ਕਈ ਕਾਰਕਾਂ 'ਤੇ ਨਿਰਭਰ ਕਰਦੀ ਹੈ, ਜਿਨ੍ਹਾਂ ਵਿਚੋਂ ਮੁੱਖ ਹਨ:

**ਅਪਰਾਧ ਦੀ ਗੰਭੀਰਤਾ:** ਜੇਕਰ ਜਾਸੂਸੀ ਨੇ ਰਾਸ਼ਟਰੀ ਸੁਰੱਖਿਆ ਲਈ ਗੰਭੀਰ ਖ਼ਤਰਾ ਪੈਦਾ ਕੀਤਾ ਹੈ, ਤਾਂ ਅਦਾਲਤ ਸਖ਼ਤ ਸਜ਼ਾ ਦੇ ਸਕਦੀ ਹੈ।

**ਸਬੂਤ:** ਅਦਾਲਤ 'ਚ ਪੇਸ਼ ਕੀਤੇ ਗਏ ਸਬੂਤ ਜਿਵੇਂ ਕਿ ਇਲੈਕਟ੍ਰਾਨਿਕ ਸੁਨੇਹੇ, ਕਾਲ ਰਿਕਾਰਡ ਜਾਂ ਵਿੱਤੀ ਲੈਣ-ਦੇਣ ਸਜ਼ਾ ਨੂੰ ਕਾਫ਼ੀ ਪ੍ਰਭਾਵਿਤ ਕਰਦੇ ਹਨ।

**ਇਰਾਦਾ:** ਜੇਕਰ ਇਹ ਸਾਬਤ ਹੋ ਜਾਂਦਾ ਹੈ ਕਿ ਜਾਸੂਸੀ ਜਾਣਬੁੱਝ ਕੇ ਅਤੇ ਦੇਸ਼ ਨੂੰ ਨੁਕਸਾਨ ਪਹੁੰਚਾਉਣ ਦੇ ਇਰਾਦੇ ਨਾਲ ਕੀਤੀ ਗਈ ਸੀ ਤਾਂ ਸਜ਼ਾ ਵਧੇਰੇ ਸਖ਼ਤ ਹੋਵੇਗੀ।

**ਪਿਛਲਾ ਰਿਕਾਰਡ:** ਜੇਕਰ ਦੋਸ਼ੀ ਦਾ ਅਪਰਾਧਿਕ ਇਤਿਹਾਸ ਹੈ ਤਾਂ ਉਸਦੀ ਸਜ਼ਾ ਵਧਾਈ ਜਾ ਸਕਦੀ ਹੈ। ਭਾਰਤ 'ਚ ਜਾਸੂਸੀ ਦੇ ਮਾਮਲਿਆਂ ਲਈ ਕਾਨੂੰਨੀ ਪ੍ਰਕਿਰਿਆ ਬਹੁਤ ਸਖ਼ਤ ਤੇ ਸੁਚੱਜੀ ਹੈ। ਕਿਉਂਕਿ ਜਾਸੂਸੀ ਇੱਕ ਸੰਗੀਨ ਅਪਰਾਧ ਹੈ, ਇਸ ਲਈ ਪੁਲਿਸ ਬਿਨਾਂ ਵਾਰੰਟ ਦੇ ਵੀ ਗ੍ਰਿਫ਼ਤਾਰ ਕਰ ਸਕਦੀ ਹੈ।

# ਬਰਤਾਨਵੀ ਜੱਜ ਵੱਲੋਂ ਨੀਰਵ ਮੋਦੀ ਹਵਾਲਗੀ ਮਾਮਲੇ 'ਚ 'ਗੁਪਤ ਅੜਿੱਕੇ' ਦਾ ਨੋਟਿਸ

**■ ਜ਼ਮਾਨਤ 'ਤੇ ਰਿਹਾਈ ਮਗਰੋਂ ਹੀਰਾ ਕਾਰੋਬਾਰੀ ਦੇ ਫ਼ਰਾਰ ਹੋਣ ਦਾ ਵਧੇਰੇ ਖ਼ਤਰਾ ਹੋਣ ਦੀ ਗੱਲ ਆਖੀ**



**ਲੰਡਨ, (ਪੰਜਾਬ ਮੇਲ) -** ਲੰਡਨ ਹਾਈ ਕੋਰਟ ਦੇ ਇਕ ਜੱਜ ਨੇ ਇਸ ਹਫ਼ਤੇ ਹੀਰਾ ਕਾਰੋਬਾਰੀ ਨੀਰਵ ਮੋਦੀ ਦੀ ਜ਼ਮਾਨਤ ਪਟੀਸ਼ਨ ਖਾਰਜ ਕਰਦੇ ਹੋਏ ਲੰਬੇ ਸਮੇਂ ਤੋਂ ਜਾਰੀ ਹਵਾਲਗੀ ਕਾਰਵਾਈ ਵਿਚ 'ਗੁਪਤ ਅੜਿੱਕੇ' ਦਾ ਨੋਟਿਸ ਲਿਆ। ਜਸਟਿਸ ਮਾਈਕਲ ਫੋਰਡਹੈਮ ਨੇ ਵੀਰਵਾਰ ਨੂੰ 'ਰੌਇਲ ਕੋਰਟ ਆਫ਼ ਜਸਟਿਸ' ਵਿਚ ਧੋਖਾਧੜੀ ਤੇ ਮਨੀ ਲਾਂਡਰਿੰਗ ਦੇ ਦੋਸ਼ਾਂ ਲਈ ਭਾਰਤ 'ਚ ਲੋੜੀਂਦੇ ਅਤੇ ਬਰਤਾਨਵੀ ਜੇਲ੍ਹ ਵਿਚ ਬੰਦ ਹੀਰਾ ਕਾਰੋਬਾਰੀ ਨੀਰਵ ਮੋਦੀ ਖ਼ਿਲਾਫ਼ ਮਾਮਲੇ ਵਿਚ ਸੁਣਵਾਈ ਕੀਤੀ। ਜਸਟਿਸ ਫੋਰਡਹੈਮ ਨੇ ਸੁਣਵਾਈ ਦੌਰਾਨ ਨਤੀਜਾ ਕੱਢਿਆ ਕਿ ਇਹ ਮੰਨਣ ਲਈ ਲੋੜੀਂਦੇ ਆਧਾਰ ਹਨ ਕਿ ਜੇਕਰ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ, ਤਾਂ 54 ਸਾਲਾ ਕਾਰੋਬਾਰੀ ਆਤਮ-ਸਮਰਪਣ ਨਹੀਂ ਕਰੇਗਾ ਅਤੇ ਉਸ ਦੇ ਫ਼ਰਾਰ ਹੋਣ ਦਾ ਖ਼ਤਰਾ ਵਧੇਰੇ ਰਹੇਗਾ। ਸੁਣਵਾਈ ਦੌਰਾਨ ਨੀਰਵ ਦੇ ਵਕੀਲ ਨੇ ਬਿਨਾ ਕਿਸੇ ਮੁਕੱਦਮੇ ਤੋਂ ਲੰਬੇ ਸਮੇਂ ਤੱਕ ਜੇਲ੍ਹ ਵਿਚ ਰੱਖਣ ਦੇ ਆਧਾਰ 'ਤੇ ਲੰਡਨ ਦੀ ਟੈਮਸਸਾਈਡ ਜੇਲ੍ਹ ਤੋਂ ਉਸ ਨੂੰ ਰਿਹਾਅ ਕਰਨ ਦੇ ਪੱਖ ਵਿਚ ਦਲੀਲਾਂ ਪੇਸ਼ ਕੀਤੀਆਂ। ਉੱਧਰ, ਜੱਜ ਨੇ ਇਕ 'ਗੁਪਤ' ਪ੍ਰਕਿਰਿਆ ਦੇ ਅੜਿੱਕਿਆਂ ਬਾਰੇ ਗੱਲ ਕੀਤੀ, ਜਿਸ ਕਰ ਕੇ ਉਸ ਨੂੰ ਭਾਰਤੀ ਅਧਿਕਾਰੀਆਂ ਹਵਾਲੇ ਨਹੀਂ ਕੀਤਾ ਗਿਆ, ਭਾਵੇਂ ਕਿ ਉਸ ਦੀ ਹਵਾਲਗੀ ਸਬੰਧੀ ਕਾਨੂੰਨੀ ਪ੍ਰਕਿਰਿਆ ਆਪਣਾ ਕੰਮ ਕਰ ਚੁੱਕੀ ਸੀ। ਜਸਟਿਸ ਫੋਰਡਹੈਮ ਨੇ ਕਿਹਾ, "ਇਕ ਕਾਨੂੰਨੀ ਕਾਰਨ ਹੈ ਜੋ 'ਗੁਪਤ ਕਾਰਵਾਈ' ਨਾਲ ਸਬੰਧਤ ਹੈ। ਇਸ ਦੀ ਨੀਰਵ ਮੋਦੀ ਅਤੇ ਉਸ ਦੇ ਵਕੀਲਾਂ ਨੂੰ ਜਾਣਕਾਰੀ ਹੈ; ਇਹ ਗ੍ਰਹਿ ਮੰਤਰਾਲੇ ਨੂੰ ਵੀ ਪਤਾ ਹੈ ਪਰ ਸੀ.ਪੀ.ਐੱਸ. (ਕਰਾਊਨ ਪ੍ਰੌਸੀਕਿਊਸ਼ਨ ਸਰਵਿਸ) ਜਾਂ ਭਾਰਤ ਸਰਕਾਰ ਜਾਂ ਇਸ ਅਦਾਲਤ ਨੂੰ ਕੁਝ ਵੀ ਪਤਾ ਨਹੀਂ ਹੈ।"

# 2024 ਤੋਂ ਹੁਣ ਤੱਕ ਲਗਭਗ 5000 ਪਾਕਿਸਤਾਨੀ ਭਿਖਾਰੀਆਂ ਨੂੰ ਕਈ ਦੇਸ਼ਾਂ ਨੇ ਕੱਢਿਆ

**ਜਲੰਧਰ, (ਪੰਜਾਬ ਮੇਲ)-** ਪਾਕਿਸਤਾਨ ਦੀ ਆਰਥਿਕ ਹਾਲਤ ਜੱਗ ਜ਼ਾਹਿਰ ਹੈ। ਉਹ ਹਮੇਸ਼ਾ ਦੁਨੀਆਂ ਭਰ 'ਚ ਬੇਚਾਰਾ ਬਣ ਕੇ ਰਾਹਤ ਦੀ ਉਮੀਦ ਲਾਏ ਰਹਿੰਦਾ ਹੈ। ਬਹੁਤ ਸਾਰੇ ਲੋਕਾਂ ਕੋਲ ਰੋਜ਼ੀ-ਰੋਟੀ ਦਾ ਸਾਧਨ ਸਿਰਫ ਭੀਖ ਮੰਗਣਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਪਾਕਿਸਤਾਨ ਪੂਰੀ ਦੁਨੀਆਂ 'ਚ ਭਿਖਾਰੀ ਦੇਸ਼ ਦੇ ਨਾਂ ਨਾਲ ਮਸ਼ਹੂਰ ਹੈ। ਇਸ ਦਰਮਿਆਨ ਪਾਕਿਸਤਾਨ ਦੇ ਮਾਮਲੇ 'ਚ ਇਕ ਅਜਿਹੀ ਰਿਪੋਰਟ ਆਈ ਹੈ, ਜਿਸ ਨੂੰ ਸੁਣ ਕੇ ਤੁਸੀਂ ਹੈਰਾਨ ਰਹਿ ਜਾਵੋਗੇ।

ਪਾਕਿਸਤਾਨ ਦੇ ਅੰਦਰੂਨੀ ਮਾਮਲਿਆਂ ਬਾਰੇ ਮੰਤਰਾਲੇ ਨੇ ਹਾਲ ਹੀ 'ਚ ਕਈ ਦੇਸ਼ਾਂ ਤੋਂ ਕੱਢੇ ਗਏ ਪਾਕਿਸਤਾਨੀ ਭਿਖਾਰੀਆਂ ਦੀ ਗਿਣਤੀ ਦਾ ਖੁਲਾਸਾ ਕੀਤਾ ਹੈ। ਇਸ 'ਚ ਨੈਸ਼ਨਲ ਅਸੈਂਬਲੀ ਨੂੰ ਸੌਂਪੇ ਗਏ ਇਕ ਲਿਖਤੀ ਬਿਆਨ ਦੇ ਅਨੁਸਾਰ ਸਾਲ 2024 ਤੋਂ ਹੁਣ ਤੱਕ ਲੱਗਭਗ 5000 ਪਾਕਿਸਤਾਨੀ ਭਿਖਾਰੀਆਂ ਨੂੰ ਕਈ ਦੇਸ਼ਾਂ ਤੋਂ ਬਾਹਰ ਕੱਢਿਆ ਗਿਆ ਹੈ।

ਇਕ ਰਿਪੋਰਟ ਦੇ ਅਨੁਸਾਰ ਸਾਊਦੀ ਅਰਬ, ਇਰਾਕ, ਮਲੇਸ਼ੀਆ, ਯੂ.ਏ.ਈ., ਕਤਰ ਤੇ ਓਮਾਨ ਵਰਗੇ ਕਈ ਦੇਸ਼ ਹਨ, ਜਿੱਥੋਂ ਪਾਕਿਸਤਾਨੀ ਭਿਖਾਰੀਆਂ ਨੂੰ ਫੜ-ਫੜ ਕੇ ਭਜਾਇਆ ਗਿਆ ਹੈ। ਸਾਲ 2024 'ਚ 4850 ਭਿਖਾਰੀਆਂ ਨੂੰ ਪਾਕਿਸਤਾਨ ਭੇਜਿਆ ਗਿਆ, ਜਿਨ੍ਹਾਂ 'ਚੋਂ 4498 ਸਾਊਦੀ ਅਰਬ ਤੇ 242 ਨੂੰ ਇਰਾਕ 'ਚੋਂ ਬਾਹਰ ਕੱਢਿਆ ਗਿਆ। ਇਸੇ ਤਰ੍ਹਾਂ ਮਲੇਸ਼ੀਆ ਤੋਂ 55 ਪਾਕਿਸਤਾਨੀ ਭਿਖਾਰੀਆਂ ਨੂੰ ਵਾਪਸ ਪਾਕਿਸਤਾਨ ਭੇਜ ਦਿੱਤਾ ਗਿਆ। ਇਸੇ ਤਰ੍ਹਾਂ ਸੰਯੁਕਤ ਅਰਬ ਅਮੀਰਾਤ ਤੋਂ 49 ਭਿਖਾਰੀਆਂ ਦੀ ਦੇਸ਼ ਵਾਪਸੀ ਹੋਈ। ਪਿਛਲੇ 3 ਸਾਲਾਂ 'ਚ 50,000 ਪਾਕਿਸਤਾਨੀ ਦੁਨੀਆਂ ਭਰ ਦੇ ਦੇਸ਼ਾਂ 'ਚ ਭੀਖ ਮੰਗਦੇ ਪਾਏ ਗਏ। ਸਾਲ 2024 ਦੀ ਤਰ੍ਹਾਂ ਸਾਲ 2025 'ਚ ਕਈ ਦੇਸ਼ਾਂ ਤੋਂ 552 ਪਾਕਿਸਤਾਨੀ ਭਿਖਾਰੀਆਂ ਨੂੰ ਦੇਸ਼ ਭੇਜਿਆ ਗਿਆ ਹੈ।

# ਜਗਤਾਰ ਸਿੰਘ ਹਵਾਰਾ ਇੱਕ ਹੋਰ ਮਾਮਲੇ ਵਿਚੋਂ ਬਰੀ



**ਐੱਸ.ਏ.ਐੱਸ. ਨਗਰ (ਮੁਹਾਲੀ), (ਪੰਜਾਬ ਮੇਲ)-** ਮੁਹਾਲੀ ਦੀ ਵਿਸ਼ੇਸ਼ ਅਦਾਲਤ ਨੇ ਇੱਕ ਹੋਰ ਅਪਰਾਧਕ ਮਾਮਲੇ ਵਿਚ ਭਾਈ ਜਗਤਾਰ ਸਿੰਘ ਹਵਾਰਾ ਨੂੰ ਦੋਸ਼ ਮੁਕਤ ਕਰਾਰ ਦਿੰਦਿਆਂ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਹੈ। ਉਹ ਇਸ ਸਮੇਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ ਅਤੇ ਦਿੱਲੀ ਦੀ ਮੰਡੋਲੀ ਜੇਲ੍ਹ ਵਿਚ ਬੰਦ ਹੈ। ਅਦਾਲਤੀ ਕਾਰਵਾਈ ਤੋਂ ਬਾਅਦ ਹਵਾਰਾ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਜਗਤਾਰ ਸਿੰਘ ਹਵਾਰਾ ਦੇ ਖ਼ਿਲਾਫ਼ ਸਾਲ 2005 ਵਿਚ ਖਰੜ ਥਾਣੇ ਵਿਚ ਅਸਲਾ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਹ ਮਾਮਲਾ ਪੂਰੀ ਤਰ੍ਹਾਂ ਝੂਠਾ ਸੀ ਅਤੇ ਕੇਸ ਦੀ ਸੁਣਵਾਈ ਦੌਰਾਨ ਪੰਜਾਬ ਪੁਲਿਸ ਹਵਾਰਾ ਦੇ ਖ਼ਿਲਾਫ਼ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕੀ। ਹਵਾਰਾ ਖ਼ਿਲਾਫ਼ ਇਹ ਅੰਤਿਮ ਕੇਸ ਸੀ, ਜਿਸ 'ਚੋਂ ਵੀ ਉਹ ਬਰੀ ਹੋ ਗਏ ਹਨ। ਮੰਝਪੁਰ ਨੇ ਦੱਸਿਆ ਕਿ ਹੁਣ ਜਥੇਦਾਰ ਜਗਤਾਰ ਸਿੰਘ ਹਵਾਰਾ ਕਰੀਬ 36 ਕੇਸਾਂ 'ਚੋਂ ਬਰੀ ਹੋ ਚੁੱਕੇ ਹਨ। ਹੁਣ ਸਿਰਫ਼ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਮਾਮਲੇ ਵਿਚ ਉਮਰ ਕੈਦੀ ਹੈ। ਇਸ ਤਰ੍ਹਾਂ ਹੁਣ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਲਈ ਰਾਹ ਪੱਧਰਾ ਹੋ ਗਿਆ ਹੈ। ਵਕੀਲ ਨੇ ਕਿਹਾ ਕਿ ਅਦਾਲਤ ਦੇ ਤਾਜ਼ਾ ਹੁਕਮਾਂ ਦੀ ਕਾਪੀ ਮਿਲਣ ਤੋਂ ਬਾਅਦ ਸਾਰੇ ਕਾਨੂੰਨੀ ਪੱਖਾਂ ਨੂੰ ਵਿਚਾਰ ਕੇ ਹਵਾਰਾ ਨੂੰ ਪੈਰੋਲ ਦੇਣ ਲਈ ਉੱਚ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਜਾਵੇਗੀ। ਸੁਰੱਖਿਆ ਪ੍ਰਬੰਧਾਂ ਦੇ ਕਾਰਨ ਹਵਾਰਾ ਨੂੰ ਫਿਜ਼ੀਕਲ ਤੌਰ 'ਤੇ ਅਦਾਲਤ ਵਿਚ ਪੇਸ਼ ਨਹੀਂ ਕੀਤਾ ਜਾ ਸਕਿਆ। ਉਨ੍ਹਾਂ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ।

# ਸੰਯੁਕਤ ਰਾਸ਼ਟਰ ਨੇ ਭਾਰਤ ਦੀ ਵਿਕਾਸ ਦਰ ਦਾ ਅਨੁਮਾਨ ਘਟਾਇਆ

**ਸੰਯੁਕਤ ਰਾਸ਼ਟਰ, (ਪੰਜਾਬ ਮੇਲ)-** ਸੰਯੁਕਤ ਰਾਸ਼ਟਰ ਨੇ 2025 ਲਈ ਭਾਰਤ ਦੇ ਆਰਥਿਕ ਵਿਕਾਸ ਦਾ ਅਨੁਮਾਨ ਘਟਾ ਕੇ 6.3 ਫੀਸਦੀ ਕਰ ਦਿੱਤਾ ਹੈ। ਸੰਯੁਕਤ ਰਾਸ਼ਟਰ ਨੇ ਬੀਤੇ ਦਿਨ '2025 ਦੇ ਮੱਧ ਤੱਕ ਆਲਮੀ ਆਰਥਿਕ ਸਥਿਤੀ ਤੇ ਸੰਭਾਵਨਾਵਾਂ' ਦੇ ਸਿਰਲੇਖ ਹੇਠ ਰਿਪੋਰਟ ਜਾਰੀ ਕੀਤੀ ਹੈ। ਸੰਯੁਕਤ ਰਾਸ਼ਟਰ ਦੇ ਆਰਥਿਕ ਮਾਮਲਿਆਂ ਬਾਰੇ ਅਧਿਕਾਰੀ ਇੰਗੋ ਪਿਟਰਲੇ ਨੇ ਕਿਹਾ, 'ਬੇਸ਼ੱਕ 2025 'ਚ ਭਾਰਤ ਦੇ ਆਰਥਿਕ ਵਿਕਾਸ ਦੇ ਅਨੁਮਾਨ ਨੂੰ ਘਟਾ ਕੇ 6.3 ਫੀਸਦੀ ਕਰ ਦਿੱਤਾ ਗਿਆ ਹੈ ਪਰ ਮਜ਼ਬੂਤ ਨਿੱਜੀ ਖਪਤ ਤੇ ਜਨਤਕ ਨਿਵੇਸ਼ ਦੇ ਜ਼ੋਰ 'ਤੇ ਭਾਰਤ ਸਭ ਤੋਂ ਤੇਜ਼ੀ ਨਾਲ ਵੱਧਦੇ ਅਰਥਚਾਰਿਆਂ 'ਚੋਂ ਇੱਕ ਬਣਿਆ ਹੋਇਆ ਹੈ।' ਰਿਪੋਰਟ 'ਚ ਕਿਹਾ ਗਿਆ ਹੈ ਕਿ ਆਲਮੀ ਅਰਥਚਾਰਾ ਬੇਯਕੀਨੀ ਬਾਰੇ ਮੋੜ ਹੈ। ਵਧਦੇ ਵਪਾਰਕ ਤਣਾਅ ਤੇ ਉੱਚ ਨੀਤੀ ਦੀ ਬੇਯਕੀਨੀ ਕਾਰਨ ਇਹ ਸਥਿਤੀ ਬਣੀ ਹੈ। ਭਾਰਤ ਦਾ ਅਰਥਚਾਰਾ 2025 'ਚ 6.3 ਫੀਸਦੀ ਦੀ ਦਰ ਨਾਲ ਵਧਣ ਦਾ ਅਨੁਮਾਨ ਹੈ ਜੋ 2024 ਦੇ 7.1 ਫੀਸਦੀ ਤੋਂ ਘੱਟ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com







# ਸ਼ਾਹਬਾਜ਼ ਸ਼ਰੀਫ ਵੱਲੋਂ 'ਆਪ੍ਰੇਸ਼ਨ ਸਿੰਧੂਰ' ਦੌਰਾਨ ਪਾਕਿ 'ਚ ਹੋਈ ਤਬਾਹੀ ਦਾ ਕਬੂਲਨਾਮਾ

**ਅੰਮ੍ਰਿਤਸਰ, (ਪੰਜਾਬ ਮੇਲ)**- ਪਾਕਿਸਤਾਨ ਨੇ ਭਾਰਤੀ ਫ਼ੌਜ ਦੇ 'ਆਪ੍ਰੇਸ਼ਨ ਸਿੰਧੂਰ' ਦੀ ਸਫਲਤਾ ਨੂੰ ਸਵੀਕਾਰ ਕਰ ਲਿਆ ਹੈ। ਪਾਕਿ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਪਾਕਿਸਤਾਨੀ ਫੌਜ ਅਤੇ ਹੋਰ ਆਲ੍ਹਾ ਸਰਕਾਰੀ ਅਧਿਕਾਰੀਆਂ ਦੇ ਸਾਹਮਣੇ ਇਹ ਕਬੂਲ ਕੀਤਾ ਕਿ ਭਾਰਤ ਨੇ ਰਾਵਲਪਿੰਡੀ ਦੇ ਨੂਰ ਖਾਨ ਏਅਰਬੇਸ 'ਤੇ ਸਟੀਕ ਹਮਲਾ ਕੀਤਾ ਸੀ।

ਸ਼ਰੀਫ ਨੇ ਇਹ ਵੀ ਮੰਨਿਆ ਕਿ ਭਾਰਤ ਦੇ ਜਵਾਬੀ ਹਮਲੇ 'ਚ ਉਨ੍ਹਾਂ ਦੇ ਕਈ ਏਅਰਬੇਸ ਤਬਾਹ ਹੋਏ ਅਤੇ ਪੀ.ਏ.ਐੱਫ. (ਪਾਕਿਸਤਾਨ ਏਅਰ ਫੋਰਸ) ਦੀਆਂ ਕਈ ਜਾਇਦਾਦਾਂ ਨਸ਼ਟ ਹੋ ਗਈਆਂ। ਹਾਲਾਂਕਿ, ਪਾਕਿ ਇਸ ਤੋਂ ਪਹਿਲਾਂ ਭਾਰਤੀ ਹਮਲੇ 'ਚ ਕੋਈ ਨੁਕਸਾਨ ਨਾ ਹੋਣ ਦਾ ਦਾਅਵਾ ਕਰ ਕੇ ਜਿੱਤ ਦਾ ਝੂਠਾ ਜਸ਼ਨ ਮਨਾ ਰਿਹਾ ਸੀ। ਸ਼ਾਹਬਾਜ਼ ਸ਼ਰੀਫ਼ ਦਾ ਹਮਲਿਆਂ 'ਚ ਪਾਕਿ ਦੇ ਨੁਕਸਾਨ ਬਾਰੇ ਸੰਬੋਧਨ ਕਰਦਿਆਂ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ 'ਚ ਪਾਕਿ ਪ੍ਰਧਾਨ ਮੰਤਰੀ ਕਹਿ ਰਹੇ ਹਨ ਕਿ 9 ਅਤੇ 10 ਮਈ ਦੀ ਵਿਚਕਾਰਲੀ ਰਾਤ ਨੂੰ ਲਗਭਗ 2:30 ਵਜੇ ਫ਼ੌਜ ਮੁਖੀ ਜਨਰਲ



ਅਸੀਮ ਮੁਨੀਰ ਨੇ ਉਨ੍ਹਾਂ ਨੂੰ ਫ਼ੋਨ ਰਾਹੀਂ ਦੱਸਿਆ ਕਿ ਭਾਰਤ ਨੇ ਹੁਣੇ ਹੀ ਆਪਣੀਆਂ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ ਹਨ, ਜਿਨ੍ਹਾਂ 'ਚੋਂ ਇਕ ਨੂਰਖਾਨ ਏਅਰਬੇਸ 'ਤੇ ਡਿੱਗੀ ਹੈ ਅਤੇ ਕੁਝ ਹੋਰ ਖੇਤਰਾਂ ਵਿਚ ਵੀ ਡਿੱਗੀਆਂ ਹਨ। ਹਾਲਾਂਕਿ, ਪਾਕਿਸਤਾਨੀ ਹਵਾਈ ਸੈਨਾ ਨੇ ਦੇਸ਼ ਦੀ ਰੱਖਿਆ ਲਈ ਸਵਦੇਸ਼ੀ ਤਕਨਾਲੋਜੀ ਦੀ ਵਰਤੋਂ ਕੀਤੀ ਅਤੇ ਉਨ੍ਹਾਂ ਨੇ ਚੀਨੀ ਲੜਾਕੂ ਜਹਾਜ਼ਾਂ ਤੇ ਆਧੁਨਿਕ ਯੰਤਰਾਂ ਅਤੇ ਤਕਨਾਲੋਜੀ ਦੀ ਵੀ ਵਰਤੋਂ ਕੀਤੀ, ਪਰ ਭਾਰਤੀ ਹਮਲੇ 'ਚ ਪੀ.ਏ.ਐੱਫ. ਦੀਆਂ ਜਾਇਦਾਦਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ।

ਦੱਸਿਆ ਜਾ ਰਿਹਾ ਹੈ ਕਿ ਨੂਰ ਖਾਨ ਏਅਰਬੇਸ ਪਾਕਿ ਦੇ ਵੀ.ਵੀ.ਆਈ.ਪੀ. ਅਤੇ ਉੱਚ ਪੱਧਰੀ ਫੌਜੀ ਹਵਾਬਾਜ਼ੀ ਦਾ ਕੇਂਦਰ ਹੈ। ਇਸਲਾਮਾਬਾਦ ਨੇੜੇ ਸਥਿਤ ਹੋਣ ਕਰਕੇ ਇਸ ਏਅਰਬੇਸ ਨੂੰ ਪਾਕਿ ਦੇ ਸਭ ਤੋਂ ਸੰਵੇਦਨਸ਼ੀਲ ਹਵਾਈ ਅੱਡਿਆਂ 'ਚੋਂ ਇਕ ਮੰਨਿਆ ਜਾਂਦਾ ਹੈ। ਹਮਲਿਆਂ ਤੋਂ ਬਾਅਦ ਹੁਣ ਤੱਕ ਉਪਲੱਬਧ ਸਾਰੀਆਂ ਸੈਟੇਲਾਈਟ ਤਸਵੀਰਾਂ ਦਰਸਾਉਂਦੀਆਂ ਹਨ ਕਿ ਭਾਰਤੀ ਹਵਾਈ ਸੈਨਾ ਦੇ ਹਮਲੇ ਦੌਰਾਨ ਕੋਈ ਵੀ ਨਿਸ਼ਾਨਾ ਕਿਤੇ ਵੀ ਨਹੀਂ ਖੁੰਝਿਆ। ਸਪੇਸ ਕੰਪਨੀ ਸੈਟੇਲੌਜਿਕ ਦੀਆਂ ਸੈਟੇਲਾਈਟ ਤਸਵੀਰਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ 10 ਮਈ ਨੂੰ ਨੂਰ ਖਾਨ ਬੇਸ 'ਤੇ ਮਿਜ਼ਾਈਲ ਪ੍ਰਭਾਵ ਵਾਲੀ ਥਾਂ ਤੋਂ ਲਗਭਗ 435 ਮੀਟਰ ਦੀ ਦੂਰੀ 'ਤੇ ਜੀ-450 ਦੀਆਂ ਵਿਸ਼ੇਸ਼ਤਾਵਾਂ ਨਾਲ ਮੇਲ ਖਾਂਦਾ ਇਕ ਚਿੱਟਾ ਜਹਾਜ਼ ਮੌਜੂਦ ਸੀ।

ਪਾਕਿ ਸਰਕਾਰ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਵਿਦੇਸ਼ ਮੰਤਰੀਆਂ ਲਈ ਵਿਸ਼ੇਸ਼ ਤੌਰ 'ਤੇ ਇਸ ਚਿੱਟੇ ਗਲਫਸਟ੍ਰੀਮ ਦੀ ਵਰਤੋਂ ਕਰਦੀ ਹੈ। ਸੈਟੇਲਾਈਟ ਤਸਵੀਰਾਂ ਇਹ ਵੀ ਵਿਖਾਉਂਦੀਆਂ ਹਨ ਕਿ ਭਾਰਤੀ ਹਵਾਈ ਸੈਨਾ ਨੇ ਰਾਵਲਪਿੰਡੀ ਦੇ ਏਅਰਬੇਸ ਨੂੰ ਨਿਸ਼ਾਨਾ ਬਣਾਇਆ, ਜਿਸ ਨਾਲ ਇਕ ਕਮਾਂਡ ਅਤੇ ਕੰਟਰੋਲ ਯੂਨਿਟ ਤਬਾਹ ਹੋ ਗਿਆ।

## ਬ੍ਰਿਜ ਭੂਸ਼ਨ ਜਿਨਸੀ ਸ਼ੋਸ਼ਣ ਮਾਮਲਾ : ਅਦਾਲਤ ਵੱਲੋਂ ਨਾਬਾਲਗ ਸ਼ਿਕਾਇਤਕਰਤਾ ਨੂੰ ਸੰਮਨ

**ਨਵੀਂ ਦਿੱਲੀ, (ਪੰਜਾਬ ਮੇਲ)**-ਦਿੱਲੀ ਦੀ ਅਦਾਲਤ ਨੇ ਭਾਰਤੀ ਕੁਸ਼ਤੀ ਫੈੱਡਰੇਸ਼ਨ ਦੇ ਸਾਬਕਾ ਮੁਖੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਖ਼ਿਲਾਫ਼ ਜਿਨਸੀ ਸ਼ੋਸ਼ਣ ਦੇ ਦੋਸ਼ ਹੇਠ ਦਰਜ ਮਾਮਲੇ ਦੀ ਸੁਣਵਾਈ ਕਰਦਿਆਂ ਸ਼ਿਕਾਇਤਕਰਤਾ ਨਾਬਾਲਿਗ ਨੂੰ ਅਦਾਲਤ 'ਚ ਪੇਸ਼ ਹੋਣ ਲਈ ਸੰਮਨ ਜਾਰੀ ਕੀਤਾ ਹੈ। ਅਡੀਸ਼ਨਲ ਸੈਸ਼ਨਜ਼ ਜੱਜ ਗੋਮਤੀ ਮਨੋਚਾ ਨੇ ਬ੍ਰਿਜ ਭੂਸ਼ਨ ਸ਼ਰਨ ਸਿੰਘ ਖ਼ਿਲਾਫ਼ ਸ਼ਿਕਾਇਤ ਰੱਦ ਕਰਨ ਦੀ ਮੰਗ ਵਾਲੀ ਪੁਲਿਸ ਰਿਪੋਰਟ ਨੂੰ ਸਵੀਕਾਰ ਕਰਨ 'ਤੇ ਫ਼ੈਸਲਾ ਲੈਣਾ ਸੀ। ਜੱਜ ਨੇ ਨਾਬਾਲਗ ਨੂੰ 26 ਮਈ ਨੂੰ ਅਦਾਲਤ ਵਿਚ ਪੇਸ਼ ਹੋਣ ਦਾ ਹੁਕਮ ਸੁਣਾਇਆ ਹੈ। 1 ਅਗਸਤ, 2023 ਨੂੰ ਇਨ-ਚੈਂਬਰ ਕਾਰਵਾਈ ਦੌਰਾਨ 'ਨਾਬਾਲਗ' ਪਹਿਲਵਾਨ ਨੇ ਜੱਜ ਨੂੰ ਦੱਸਿਆ ਸੀ ਉਹ ਮਾਮਲੇ 'ਚ ਦਿੱਲੀ ਪੁਲਿਸ ਦੀ ਜਾਂਚ ਤੋਂ ਸੰਤੁਸ਼ਟ ਹੈ ਅਤੇ ਕੇਸ ਬੰਦ ਕਰਨ ਦੀ ਰਿਪੋਰਟ ਦਾ ਵਿਰੋਧ ਨਹੀਂ ਕਰ ਰਹੀ ਹੈ। ਦਿੱਲੀ ਪੁਲਿਸ ਨੇ 15 ਜੂਨ, 2023 ਨੂੰ ਲੜਕੀ ਨਾਲ ਸਬੰਧਿਤ ਕੇਸ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਰਿਪੋਰਟ ਦਾਇਰ ਕੀਤੀ ਸੀ ਕਿ ਨਾਬਾਲਗ ਦੇ ਪਿਤਾ ਨੇ ਜਾਂਚ ਦੌਰਾਨ ਹੈਰਾਨੀਜਨਕ ਦਾਅਵਾ ਕੀਤਾ ਸੀ ਕਿ ਉਸ ਨੇ ਆਪਣੀ ਧੀ ਨਾਲ ਹੋਈ ਬੇਇਨਸਾਫ਼ੀ ਦਾ ਬਦਲਾ ਲੈਣ ਲਈ ਬ੍ਰਿਜ ਭੂਸ਼ਨ ਸ਼ਰਨ ਸਿੰਘ ਖ਼ਿਲਾਫ਼ ਜਿਨਸੀ ਸ਼ੋਸ਼ਣ ਦੀ ਝੂਠੀ ਸ਼ਿਕਾਇਤ ਕੀਤੀ ਸੀ।

# ਅਲਬਰਟਾ ਦੇ ਨਵੇਂ ਬਣੇ ਮੰਤਰੀ ਮੰਡਲ 'ਚ ਪੰਜਾਬੀ ਮੂਲ ਦੀ ਰਾਜਨ ਸਾਹਨੀ ਸ਼ਾਮਲ

**ਕੈਲਗਰੀ, (ਪੰਜਾਬ ਮੇਲ)**- ਅਲਬਰਟਾ ਦੀ ਮੁੱਖ ਮੰਤਰੀ ਡੈਨੀਅਲ ਸਮਿਥ ਨੇ ਆਪਣੇ ਮੰਤਰੀ ਮੰਡਲ ਵਿਚ ਫੇਰਬਦਲ ਕਰਦੇ ਹੋਏ ਕਈ ਆਪਣੇ ਚਹੇਤੇ ਵਿਧਾਇਕਾਂ ਨੂੰ ਮੰਤਰੀ ਬਣਾ ਕੇ ਸਹੁੰ ਚੁਕਵਾਈ ਹੈ। ਸਮਿੱਥ ਵੱਲੋਂ ਯੂ.ਸੀ.ਪੀ. ਕੈਬਨਿਟ ਮੰਤਰੀਆਂ ਦੀਆਂ ਨਿਯੁਕਤੀਆਂ ਦਾ ਐਲਾਨ ਕਰਨ ਸਮੇਂ ਅਲਬਰਟਾ ਦੀ ਲੈਫਟੀਨੈਂਟ ਗਵਰਨਰ ਸਲਮਾ ਲਖਾਨੀ ਦੀ ਪ੍ਰਧਾਨਗੀ ਵਿਚ ਸਹੁੰ ਚੁੱਕਵਾ ਕੇ ਮਹਿਕਮੇ ਵੀ ਵੰਡ ਦਿੱਤੇ ਹਨ। ਇਸ ਸਮੇਂ ਨਵੀਆਂ ਕੈਬਨਿਟ ਨਿਯੁਕਤੀਆਂ ਦਾ ਐਲਾਨ ਹੋਣ ਉਪਰੰਤ ਨਵੇਂ ਕੈਬਨਿਟ ਮੰਤਰੀਆਂ ਨੂੰ ਨਵੇਂ ਮੰਤਰਾਲੇ ਵੀ ਇਸ ਤਰ੍ਹਾਂ ਵੰਡੇ ਗਏ ਹਨ, ਜਿਸ ਵਿਚ ਉੱਨਤ ਸਿੱਖਿਆ ਮੰਤਰੀ ਮਾਈਲਸ ਮੈਕਡੌਗਲ, ਹਸਪਤਾਲ ਤੇ ਸਰਜੀਕਲ ਸਿਹਤ ਸੇਵਾਵਾਂ ਮੰਤਰੀ ਮੈਟ ਜੋਨਸ, ਆਦਿਵਾਸੀ ਸਬੰਧ ਮੰਤਰੀ ਰਾਜਨ ਸਾਹਨੀ, ਨੌਕਰੀਆਂ, ਆਰਥਿਕਤਾ, ਵਪਾਰ ਤੇ ਇਮੀਗ੍ਰੇਸ਼ਨ ਮੰਤਰੀ ਜੋਸਫ਼ ਸ਼ੋ, ਮਾਨਸਿਕ ਸਿਹਤ ਤੇ ਨਸ਼ਾਖੋਰੀ ਮੰਤਰੀ ਰਿਕ ਵਿਲਸਨ, ਨਗਰ ਪਾਲਿਕਾ ਮਾਮਲਿਆਂ ਦੇ ਮੰਤਰੀ ਡੈਨ ਵਿਲੀਅਮਜ਼, ਪ੍ਰਾਇਮਰੀ ਤੇ ਰੋਕਥਾਮ ਸਿਹਤ ਸੇਵਾਵਾਂ ਮੰਤਰੀ ਐਡਰੀਆਨਾ ਲਾਗ੍ਰੇਂਜ, ਸੈਰ-ਸਪਾਟਾ ਤੇ ਖੇਡ ਮੰਤਰੀ ਐਂਡਰਿਊ ਬੋਇਟਚੇਂਕੋ, ਬਹੁ-ਸੱਭਿਆਚਾਰਵਾਦ ਦੇ ਸਹਿਯੋਗੀ ਮੰਤਰੀ ਮੁਹੰਮਦ ਯਾਸੀਨ, ਪਾਣੀ ਦੇ ਸਹਿਯੋਗੀ ਮੰਤਰੀ ਕੁੱਝ ਕੈਬਨਿਟ ਮੰਤਰੀਆਂ ਕੋਲ ਵਾਧੂ



ਅਲਬਰਟਾ ਸਰਕਾਰ ਵਿਚ ਨਵੇਂ ਬਣਾਏ ਕੈਬਨਿਟ ਮੰਤਰੀਆਂ ਨਾਲ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਨਾਲ ਰਾਜਨ ਸਾਹਨੀ ਅਤੇ ਮੁਹੰਮਦ ਯਾਸੀਨ।

ਜ਼ਿੰਮੇਵਾਰੀਆਂ ਜਾਂ ਐਡਜਸਟ ਕੀਤੇ ਮਹਿਕਮੇ ਹੁੰਦੇ ਹਨ।

ਪੰਜਾਬੀ ਮੂਲ ਦੀ ਵਿਧਾਇਕਾ ਰਾਜਨ ਸਾਹਨੀ ਨੇ ਸਿਰ ਢਕ ਕੇ ਹੱਥ ਵਿਚ ਗੁਟਕਾ ਸਾਹਿਬ ਫੜ ਕੇ ਸਹੁੰ ਚੁੱਕੀ। ਇਸ ਨਵੇਂ ਬਣੇ ਮੰਤਰੀਆਂ ਵਿਚ ਇਕ ਪੰਜਾਬੀ ਮੂਲ ਅਤੇ ਇਕ ਪਾਕਿਸਤਾਨੀ ਮੂਲ ਵਿਚ ਮੰਤਰੀ ਬਣਾਇਆ ਗਿਆ ਹੈ। ਇਸ ਤਰ੍ਹਾਂ ਹੋਰ ਨਿਯੁਕਤੀਆਂ ਵਿਚ ਮੁੱਖ ਸਰਕਾਰੀ ਵ੍ਹਿਪ ਗ੍ਰਾਂਟ ਹੰਟਰ, ਸਿੱਖਿਆ ਤੇ ਬਾਲ ਸੰਭਾਲ ਮੰਤਰੀ ਡੇਮੇਟ੍ਰੀਓਸ ਨਿਕੋਲਾਈਡਜ਼ ਤੇ ਸਹਾਇਤਾ ਪ੍ਰਾਪਤ ਜੀਵਨ ਤੇ ਸਮਾਜਿਕ ਸੇਵਾਵਾਂ ਮੰਤਰੀ ਜੇਸਨ ਨਿਕਸਨ ਨੂੰ ਨਿਯੁਕਤ ਕੀਤਾ ਗਿਆ ਹੈ। ਅਖੀਰ ਵਿਚ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਨੇ ਲੈਫਟੀਨੈਂਟ ਗਵਰਨਰ ਸਲਮਾ ਲਖਾਨੀ ਦਾ ਧੰਨਵਾਦ ਕਰਦਿਆਂ ਕੈਬਨਿਟ ਮੰਤਰੀਆਂ ਨੂੰ ਵਧਾਈ ਦਿੱਤੀ।

## '84 ਸਿੱਖ ਵਿਰੋਧੀ ਦੰਗੇ; ਟਾਈਟਲਰ ਖ਼ਿਲਾਫ਼ ਜੀ.ਕੇ. ਦੇ ਬਿਆਨ ਦਰਜ

ਨਵੀਂ ਦਿੱਲੀ, (ਪੰਜਾਬ ਮੇਲ)-ਇਥੋਂ ਦੀ ਅਦਾਲਤ ਨੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ 1984



ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਸਰਕਾਰੀ ਧਿਰ ਦੇ ਗਵਾਹ ਵਜੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦੇ ਬਿਆਨ ਦਰਜ ਕਰਨ ਦੀ ਪ੍ਰਕਿਰਿਆ ਮੁਕੰਮਲ ਕਰ ਲਈ ਹੈ। ਜੀ.ਕੇ. ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਪੈਨ ਡਰਾਈਵ ਮਿਲੀ ਹੈ, ਜਿਸ ਵਿਚ ਕਥਿਤ ਤੌਰ 'ਤੇ ਟਾਈਟਲਰ ਦੀ ਆਵਾਜ਼ ਦੀ ਰਿਕਾਰਡਿੰਗ ਹੈ।

# ਪੰਜਾਬ ਸਰਕਾਰ ਦੀ ਆਮਦਨ 2025-26 ਦੇ ਪਹਿਲੇ ਮਹੀਨੇ ਅਪ੍ਰੈਲ 'ਚ ਹੀ ਹੇਠਾਂ ਡਿੱਗੀ

**ਚੰਡੀਗੜ੍ਹ, (ਪੰਜਾਬ ਮੇਲ)**-ਪੰਜਾਬ ਸਰਕਾਰ ਦੀ ਆਮਦਨ ਵਿੱਤੀ ਵਰ੍ਹੇ 2025-26 ਦੇ ਪਹਿਲੇ ਮਹੀਨੇ ਅਪ੍ਰੈਲ ਵਿਚ ਹੀ ਹੇਠਾਂ ਡਿੱਗ ਪਈ ਹੈ। ਮਾਲੀ ਸੰਕਟ ਝੱਲ ਰਹੇ ਪੰਜਾਬ ਲਈ ਇਹ ਖ਼ਤਰੇ ਦੀ ਘੰਟੀ ਹੈ। ਸੂਬਾ ਸਰਕਾਰ ਦੀ ਅਪ੍ਰੈਲ ਮਹੀਨੇ 'ਚ ਆਮਦਨੀ 525 ਕਰੋੜ ਰੁਪਏ ਘਟੀ ਹੈ। ਮਈ ਮਹੀਨੇ ਵੀ ਆਮਦਨੀ ਨੂੰ ਸੱਟ ਵੱਜਣ ਦੀ ਸੰਭਾਵਨਾ ਹੈ ਕਿਉਂਕਿ ਮਈ 'ਚ ਹੀ ਭਾਰਤ-ਪਾਕਿਸਤਾਨ ਵਿਚਾਲੇ ਜੰਗ ਦਾ ਮਾਹੌਲ ਬਣਿਆ ਸੀ। ਸੂਬਾ ਸਰਕਾਰ ਅਪ੍ਰੈਲ ਮਹੀਨੇ ਦੀ ਗਿਰਾਵਟ ਵੀ ਪਹਿਲਗਾਮ ਘਟਨਾ ਮਗਰੋਂ ਬਣੇ ਸਹਿਮ ਦੇ ਮਾਹੌਲ ਦੇ ਖਾਤੇ ਪਾ ਰਹੀ ਹੈ। ਸੂਬਾ ਸਰਕਾਰ ਨੂੰ ਖ਼ਦਸ਼ਾ ਹੈ ਕਿ ਗੋਲੀਬੰਦੀ ਦੇ ਬਾਵਜੂਦ ਅਗਲੇ ਦਿਨਾਂ ਵਿਚ ਆਮਦਨੀ ਨੂੰ ਸੱਟ ਵੱਜ ਸਕਦੀ ਹੈ। ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੂੰ ਟੈਕਸ ਵਸੂਲੀ ਤੋਂ ਅਪ੍ਰੈਲ ਮਹੀਨੇ ਵਿਚ 3977 ਕਰੋੜ ਰੁਪਏ ਪ੍ਰਾਪਤ ਹੋਏ ਹਨ, ਜਦਕਿ ਬੀਤੇ ਵਿੱਤੀ ਸਾਲ ਦੇ ਅਪ੍ਰੈਲ 'ਚ ਇਹੀ ਆਮਦਨੀ 4534 ਕਰੋੜ ਰੁਪਏ ਰਹੀ ਸੀ। ਇਸੇ ਤਰ੍ਹਾਂ ਆਬਕਾਰੀ ਤੋਂ ਕਮਾਈ ਵਿਚ ਵੀ ਕਮੀ ਦੇਖਣ ਨੂੰ ਮਿਲੀ ਹੈ। ਇਸ ਵਿੱਤੀ ਸਾਲ ਦੇ ਅਪ੍ਰੈਲ ਮਹੀਨੇ ਵਿਚ ਆਬਕਾਰੀ ਤੋਂ 865 ਕਰੋੜ ਰੁਪਏ ਪ੍ਰਾਪਤ ਹੋਏ ਹਨ, ਜਦਕਿ ਪਿਛਲੇ ਸਾਲ ਅਪ੍ਰੈਲ ਮਹੀਨੇ 'ਚ ਆਬਕਾਰੀ ਤੋਂ 1093 ਕਰੋੜ ਦੀ ਆਮਦਨ ਹੋਈ ਸੀ।

# ਸੋਸ਼ਲ ਮੀਡੀਆ 'ਤੇ ਕਿਸਾਨ ਆਗੂ ਰਾਕੇਸ਼ ਟਿਕੈਤ ਦਾ ਸਿਰ ਵੱਢਣ ਦੀ ਧਮਕੀ !

**ਨਵੀਂ ਦਿੱਲੀ, (ਪੰਜਾਬ ਮੇਲ)**- ਸੋਸ਼ਲ ਮੀਡੀਆ 'ਤੇ ਵਾਇਰਲ ਹੋਏ ਇੱਕ ਵੀਡੀਓ 'ਚ ਭਾਰਤੀ ਕਿਸਾਨ ਯੂਨੀਅਨ (ਬੀ.ਕੇ.ਯੂ.) ਦੇ ਨੇਤਾ ਰਾਕੇਸ਼ ਟਿਕੈਤ ਦਾ ਸਿਰ ਕਲਮ ਕਰਨ ਦੀ ਧਮਕੀ ਦੇਣ ਵਾਲੇ ਇੱਕ



ਵਿਅਕਤੀ ਵਿਰੁੱਧ ਮੁਜ਼ੱਫਰਨਗਰ ਤੇ ਮੇਰਠ ਜ਼ਿਲ੍ਹਿਆਂ 'ਚ ਮਾਮਲਾ ਦਰਜ ਕੀਤਾ ਗਿਆ ਹੈ। ਮੁਜ਼ੱਫਰਨਗਰ ਦੇ ਸਿਵਲ ਲਾਈਨਜ਼ ਥਾਣੇ 'ਚ ਅਮਿਤ ਚੌਧਰੀ ਨਾਮ ਦੇ ਵਿਅਕਤੀ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।

ਸਟੇਸ਼ਨ ਹਾਊਸ ਅਫਸਰ ਆਸ਼ੂਤੋਸ਼ ਕੁਮਾਰ ਸਿੰਘ ਨੇ ਕਿਹਾ ਕਿ ਵਾਇਰਲ ਵੀਡੀਓ ਵਿਚ ਇਤ ਨੇਤਾ ਨੇ ਟਿਕੈਤ ਦਾ ਸਿਰ ਵੱਢਣ ਵਾਲੇ ਵਿਅਕਤੀ ਨੂੰ 5 ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ। ਵੀਡੀਓ ਤੋਂ ਨਾਰਾਜ਼ ਹੋ ਕੇ ਵੱਡੀ ਗਿਣਤੀ ਵਿਚ ਬੀ.ਕੇ.ਯੂ. ਵਰਕਰਾਂ ਨੇ ਚੌਧਰੀ ਵਿਰੁੱਧ ਤੁਰੰਤ ਪੁਲਿਸ ਕਾਰਵਾਈ ਦੀ ਮੰਗ ਕਰਦੇ ਹੋਏ ਵਿਰੋਧ ਪ੍ਰਦਰਸ਼ਨ ਕੀਤਾ। ਇਸ ਦੌਰਾਨ ਮੇਰਠ 'ਚ ਵੀ ਬੀ.ਕੇ.ਯੂ. ਵਰਕਰਾਂ ਨੇ ਅਮਿਤ ਚੌਧਰੀ ਖ਼ਿਲਾਫ਼ ਕਾਰਵਾਈ ਤੇ ਉਸ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਜਾਨੀ ਥਾਣੇ ਦਾ ਘਿਰਾਓ ਕੀਤਾ।

ਸਫਾ 1 ਦਾ ਬਾਕੀ

## ਅਮਰੀਕਾ ਨੇ ਗੈਰ-ਕਾਨੂੰਨੀ ਪ੍ਰਵਾਸ ...

"ਅਸੀਂ ਵਿਦੇਸ਼ੀ ਤਸਕਰੀ ਨੈੱਟਵਰਕਾਂ ਨੂੰ ਖਤਮ ਕਰਨ ਲਈ ਟ੍ਰੈਵਲ ਏਜੰਸੀਆਂ ਦੇ ਮਾਲਕਾਂ, ਕਾਰਜਕਾਰੀਆਂ ਅਤੇ ਸੀਨੀਅਰ ਅਧਿਕਾਰੀਆਂ ਵਿਰੁੱਧ ਵੀਜ਼ਾ ਪਾਬੰਦੀਆਂ ਲਗਾਉਣ ਲਈ ਕਦਮ ਚੁੱਕਣਾ ਜਾਰੀ ਰੱਖਾਂਗੇ," ਬਰੂਸ ਨੇ ਕਿਹਾ, ਇਹ ਵੇਰਵੇ ਦਿੱਤੇ ਬਿਨਾਂ ਕਿ ਟ੍ਰੈਵਲ ਏਜੰਟਾਂ ਨੇ ਗੈਰ-ਕਾਨੂੰਨੀ ਪ੍ਰਵਾਸ ਨੂੰ ਕਿਵੇਂ ਸੁਵਿਧਾ ਦਿੱਤੀ ਸੀ।

ਇਹ ਕਦਮ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸੰਯੁਕਤ ਰਾਜ ਅਮਰੀਕਾ 'ਚ ਪ੍ਰਵਾਸ 'ਤੇ ਵਿਆਪਕ ਕਾਰਵਾਈ ਅਤੇ ਦੇਸ਼ ਵਿਚ ਗੈਰ-ਦਸਤਾਵੇਜ਼ੀ ਪ੍ਰਵਾਸੀ ਨੂੰ ਰੋਕਣ ਲਈ ਚੱਲ ਰਹੇ ਯਤਨਾਂ ਦਾ ਹਿਸਾ ਹੈ।

ਨਵੀਂ ਦਿੱਲੀ 'ਚ ਅਮਰੀਕੀ ਦੂਤਾਵਾਸ ਨੇ ਆਪਣੀਆਂ ਸੋਸ਼ਲ ਮੀਡੀਆ ਸਾਈਟਾਂ 'ਤੇ ਵਾਰ-ਵਾਰ ਅਮਰੀਕਾ ਆਉਣ ਵਾਲੇ ਭਾਰਤੀ ਨਾਗਰਿਕਾਂ ਨੂੰ ਦੇਸ਼ ਵਿਚ ਆਪਣੀ ਅਧਿਕਾਰਤ ਠਹਿਰਾਅ ਦੀ ਮਿਆਦ ਤੋਂ ਵੱਧ ਨਾ ਰਹਿਣ ਦੀ ਚੇਤਾਵਨੀ ਦਿੰਦਿਆਂ ਕਿਹਾ ਹੈ ਕਿ ਅਜਿਹਾ ਕਰਨ 'ਤੇ ਉਨ੍ਹਾਂ ਨੂੰ ਦੇਸ਼ ਨਿਕਾਲੇ ਅਤੇ ਦੇਸ਼ ਵਿਚ ਦਾਖਲ ਹੋਣ 'ਤੇ ਸਥਾਈ ਪਾਬੰਦੀ ਦਾ ਸਾਹਮਣਾ ਕਰਨਾ ਪਵੇਗਾ।

ਸਫਾ 1 ਦਾ ਬਾਕੀ

## ਹਾਈਕੋਰਟ ਵੱਲੋਂ ਪੰਜਾਬ ਦੀਆਂ ਜੇਲ੍ਹਾਂ...

ਅਦਾਲਤ ਨੇ ਸਾਫ਼ ਨਿਰਦੇਸ਼ ਦਿੱਤੇ ਸੀ ਕਿ ਐੱਸ.ਐੱਸ.ਪੀ. ਖ਼ੁਦ ਜਾਂਚ ਫਾਈਲ ਦੀ ਸਮੀਖਿਆ ਕਰਨ ਅਤੇ ਇਹ ਸਪੱਸ਼ਟ ਕਰਨ ਕਿ ਜੇਲ੍ਹ ਅਧਿਕਾਰੀਆਂ ਨੂੰ ਹੁਣ ਤੱਕ ਕਥਿਤ ਦੋਸ਼ੀ ਵਜੋਂ ਪੇਸ਼ ਕਿਉਂ ਨਹੀਂ ਕੀਤਾ ਗਿਆ। ਹਾਲਾਂਕਿ, ਐੱਸ.ਐੱਸ.ਪੀ. ਨੇ ਇਹ ਜ਼ਿੰਮੇਵਾਰੀ ਇੱਕ ਡੀ.ਐੱਸ.ਪੀ. ਨੂੰ ਸੌਂਪ ਦਿੱਤੀ ਸੀ, ਜਿਸ ਨੂੰ ਅਦਾਲਤ ਨੇ ਅਪਮਾਨ ਮਾਣਹਾਨੀ ਦੇ ਬਰਾਬਰ ਕਰਾਰ ਦਿੱਤਾ ਹੈ। ਜਸਟਿਸ ਸ਼ੇਖਾਵਤ ਨੇ ਕਿਹਾ, "ਇੱਕ ਵਾਰ ਜਦੋਂ ਐੱਸ.ਐੱਸ.ਪੀ. ਨੂੰ ਕੇਸ ਦੀ ਫਾਈਲ ਨੂੰ ਨਿੱਜੀ ਤੌਰ 'ਤੇ ਪੜ੍ਹਨ ਅਤੇ ਉਸ ਅਨੁਸਾਰ ਪ੍ਰਭਾਵਸ਼ਾਲੀ ਕਦਮ ਚੁੱਕਣ ਲਈ ਇੱਕ ਖਾਸ ਨਿਰਦੇਸ਼ ਦਿੱਤਾ ਗਿਆ ਸੀ, ਤਾਂ ਉਹ ਮਾਮਲਾ ਅੱਗੇ ਡੀ.ਐੱਸ.ਪੀ. ਨੂੰ ਨਹੀਂ ਸੌਂਪ ਸਕਦੇ ਸਨ।" ਮੁੜ ਸ਼ੁਰੂ ਹੋਈ ਸੁਣਵਾਈ ਦੌਰਾਨ ਅਦਾਲਤ ਨੂੰ ਦੱਸਿਆ ਗਿਆ ਕਿ 14 ਮਈ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਅੰਮ੍ਰਿਤਸਰ (ਦਿਹਾਤੀ) ਦੇ ਐੱਸ.ਐੱਸ.ਪੀ. ਮਨਿੰਦਰ ਸਿੰਘ ਅਦਾਲਤ 'ਚ ਪੇਸ਼ ਹੋਏ ਅਤੇ ਇੱਕ ਹਲਫ਼ਨਾਮਾ ਜਮ੍ਹਾ ਕਰਦਿਆਂ ਬਿਨਾਂ ਸ਼ਰਤ ਮੁਆਫ਼ੀ ਮੰਗੀ, ਜਿਸ ਨੂੰ ਅਦਾਲਤ ਨੇ ਸਵੀਕਾਰ ਕਰ ਲਿਆ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਜੇਲ੍ਹਾਂ ਵਿਚ ਨਸ਼ਾ ਤਸਕਰੀ ਜੇਲ੍ਹ ਅਤੇ ਪੁਲਿਸ ਅਧਿਕਾਰੀਆਂ ਦੀ ਮਿਲੀ-ਭੁਗਤ ਤੋਂ ਬਿਨਾਂ ਸੰਭਵ ਨਹੀਂ ਹੋ ਸਕਦੀ। ਅਜਿਹੇ ਵਿਚ ਹੁਣ ਤੱਕ ਬਣੀਆਂ ਕਮੇਟੀਆਂ ਤੋਂ ਹਰ ਕੇਸ ਦੀ ਨਿਰਪੱਖ ਅਤੇ ਡੂੰਘਾਈ ਨਾਲ ਜਾਂਚ ਦੀ ਉਮੀਦ ਕੀਤੀ ਜਾ ਰਹੀ ਹੈ। ਮਾਮਲੇ ਨੂੰ 28 ਜੁਲਾਈ ਤੱਕ ਮੁਲਤਵੀ ਕਰਦਿਆਂ ਜਸਟਿਸ ਸ਼ੇਖਾਵਤ ਨੇ ਨਿਰਦੇਸ਼ ਦਿੱਤਾ ਕਿ ਅੰਮ੍ਰਿਤਸਰ (ਦਿਹਾਤੀ) ਦੇ ਐੱਸ.ਐੱਸ.ਪੀ. ਵੱਲੋਂ ਇੱਕ ਹਲਫ਼ਨਾਮੇ ਰਾਹੀਂ ਜਾਂਚ ਦੀ ਇੱਕ ਨਵੀਂ ਸਥਿਤੀ ਰਿਪੋਰਟ ਦਾਇਰ ਕੀਤੀ ਜਾਵੇ, ਜੋ ਨਿੱਜੀ ਤੌਰ 'ਤੇ ਜਾਂਚ ਦੀ ਨਿਗਰਾਨੀ ਯਕੀਨੀ ਬਣਾਉਣ। ਉਨ੍ਹਾਂ ਨੂੰ ਅਗਲੇ ਹੁਕਮਾਂ ਤੱਕ ਨਿੱਜੀ ਪੇਸ਼ੀ ਤੋਂ ਛੋਟ ਦਿੱਤੀ ਗਈ ਸੀ।

ਸਫਾ 1 ਦਾ ਬਾਕੀ

## ਦਿੱਲੀ 'ਚ 'ਆਪ' ਨੂੰ ਝਟਕਾ...

ਉਨ੍ਹਾਂ ਕਿਹਾ ਕਿ ਕਿ ਇਹ ਧੜਾ ਇਥੇ ਸੱਤਾ ਲਈ ਲੜਨ ਲਈ ਨਹੀਂ ਆਇਆ, ਸਗੋਂ ਲੋਕਾਂ ਦੀ ਸੇਵਾ ਕਰਨ ਲਈ ਆਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੌਜੂਦਾ ਲੀਡਰਸ਼ਿਪ ਜ਼ਮੀਨੀ ਹਕੀਕਤ ਤੋਂ ਟੁੱਟ ਚੁੱਕੀ ਹੈ, ਜਿਸ ਕਰਕੇ ਦਿੱਲੀ ਦੇ ਲੋਕਾਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਲਈ ਨਵੀਂ ਪਾਰਟੀ ਬਣਾਈ ਗਈ ਹੈ। ਬਗਾਵਤ ਕਰਨ ਵਾਲੇ ਕੌਂਸਲਰਾਂ ਦਾ ਵੀ ਵਿਚਾਰ ਹੈ ਕਿ ਪਾਰਟੀ ਆਪਣੇ ਸਿਧਾਂਤਾਂ ਤੋਂ ਬਹੁਤ ਛੇਤੀ ਹੀ ਥਿੜਕ ਗਈ ਹੈ ਅਤੇ ਇਸ ਵਿਚ ਦੂਜੀਆਂ ਪਾਰਟੀਆਂ ਵਾਲੀਆਂ ਅਲਾਮਤਾਂ ਆ ਚੁੱਕੀਆਂ ਹਨ। ਸੀਨੀਅਰ ਆਗੂਆਂ ਦੀ ਝੂਠ ਬੋਲਣ ਦੀ ਆਦਤ ਨੇ ਪਾਰਟੀ ਦੇ ਆਧਾਰ ਨੂੰ ਖੋਰਾ ਲਾਇਆ ਹੈ। ਦਿੱਲੀ ਦੀ ਰਾਜਨੀਤੀ 'ਚ ਇਸ ਸਿਆਸੀ ਫੁੱਟ ਨੂੰ ਆਮ ਆਦਮੀ ਪਾਰਟੀ ਅੰਦਰ ਗੰਭੀਰ ਸੰਕਟ ਨੂੰ ਹੋਰ ਡੂੰਘਾ ਕਰਨ ਵਾਲਾ ਮੰਨਿਆ ਜਾ ਰਿਹਾ ਹੈ ਕਿਉਂਕਿ ਦਿੱਲੀ ਨਗਰ ਨਿਗਮ ਦੀਆਂ ਚੋਣਾਂ ਜਿੱਤਣ ਦੇ ਬਾਵਜੂਦ ਆਮ ਆਦਮੀ ਪਾਰਟੀ ਦੇ ਕੌਂਸਲਰਾਂ ਨੇ ਭਾਜਪਾ ਵਿਚ ਦਲ-ਬਦਲੀ ਕੀਤੀ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਭਾਜਪਾ ਦਿੱਲੀ ਨਗਰ ਨਿਗਮ ਉੱਪਰ ਕਾਬਜ਼ ਹੋ ਚੁੱਕੀ ਹੈ।

'ਆਪ' ਵਿਚ ਚੱਲ ਰਹੇ ਅੰਦਰੂਨੀ ਮਤਭੇਦਾਂ ਅਤੇ ਫੁੱਟ 'ਤੇ ਪ੍ਰਤੀਕਿਰਿਆ ਦਿੰਦਿਆਂ ਦਿੱਲੀ ਪ੍ਰਦੇਸ਼ ਕਾਂਗਰਸ ਦੇ ਸੀਨੀਅਰ ਬੁਲਾਰੇ ਡਾ. ਨਰੇਸ਼ ਕੁਮਾਰ ਨੇ ਕਿਹਾ ਹੈ ਕਿ ਮੌਜੂਦਾ ਸਥਿਤੀ ਪਾਰਟੀ ਵਿਚ ਲੀਡਰਸ਼ਿਪ ਅਤੇ ਵਿਚਾਰਧਾਰਕ ਆਧਾਰ ਦੀ ਘਾਟ ਦਾ ਸਪੱਸ਼ਟ ਸਬੂਤ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਥਾਪਨਾ ਕਿਸੇ ਸਪੱਸ਼ਟ ਵਿਚਾਰਧਾਰਾ ਜਾਂ ਲੋਕ ਸੇਵਾ ਲਹਿਰ ਦੇ ਸੰਕਲਪ ਦੇ ਆਧਾਰ 'ਤੇ ਨਹੀਂ ਕੀਤੀ ਗਈ ਸੀ, ਸਗੋਂ ਮੌਕਾਪ੍ਰਸਤੀ ਦੇ ਆਧਾਰ 'ਤੇ ਕੀਤੀ ਗਈ ਸੀ। ਹੁਣ ਜਦੋਂ ਇਹ ਮੌਕਾਪ੍ਰਸਤੀ ਖਤਮ ਹੋ ਗਈ ਹੈ, ਆਮ ਆਦਮੀ ਪਾਰਟੀ ਵੀ ਆਪਣੇ ਪਤਨ ਵੱਲ ਵਧ ਰਹੀ ਹੈ। ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਚੁੱਪੀ ਅਤੇ ਸਰਗਰਮ ਰਾਜਨੀਤੀ ਤੋਂ ਦੂਰੀ 'ਤੇ ਸਵਾਲ ਉਠਾਉਂਦੇ ਹੋਏ ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਦੀ ਹਾਰ ਤੋਂ ਬਾਅਦ ਉਨ੍ਹਾਂ ਦੀ ਗੈਰ-ਹਾਜ਼ਰੀ ਨੇ ਪਾਰਟੀ ਵਰਕਰਾਂ ਨੂੰ ਉਲਝਣ ਅਤੇ ਨਿਰਾਸ਼ਾ ਵਿਚ ਪਾ ਦਿੱਤਾ ਹੈ। ਕੌਂਸਲਰਾਂ ਦੀ ਬਗਾਵਤ ਮਗਰੋਂ ਆਮ ਆਦਮੀ ਪਾਰਟੀ ਨੇ ਇਸ ਪਿੱਛੇ ਭਾਜਪਾ ਦਾ ਹੱਥ ਹੋਣ ਦਾ ਦਾਅਵਾ ਕੀਤਾ ਹੈ। ਪਾਰਟੀ ਅਨੁਸਾਰ ਮੇਅਰ ਚੋਣ ਦੇ ਸਮੇਂ ਤੋਂ ਹੀ ਭਾਜਪਾ 'ਆਪ' ਦੇ ਕੌਂਸਲਰਾਂ ਨੂੰ ਆਪਣੇ ਕਬਜ਼ੇ ਵਿਚ ਲੈਣ ਦੀ ਕੋਸ਼ਿਸ਼ ਕਰ ਰਹੀ ਹੈ। ਹਰੇਕ ਕੌਂਸਲਰ ਨੂੰ 5 ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਗਈ ਸੀ। ਭਾਜਪਾ ਕੋਲ ਸਟੈਂਡਿੰਗ ਕਮੇਟੀ ਜਾਂ ਵਾਰਡ ਕਮੇਟੀਆਂ ਬਣਾਉਣ ਲਈ ਬਹੁਮਤ ਨਹੀਂ ਹੈ, ਇਸ ਲਈ ਉਹ ਲੋਕਾਂ ਨੂੰ ਖਰੀਦਣ ਦਾ ਸਹਾਰਾ ਲੈ ਰਹੀ ਹੈ। ਮੇਅਰ ਚੋਣ ਦੌਰਾਨ ਹੀ ਭਾਜਪਾ ਦੀ ਕੌਂਸਲਰ ਨੇ ਖਰੀਦੋ-ਫਰੋਖਤ ਦਾ ਪਰਦਾਫਾਸ਼ ਕੀਤਾ ਸੀ, ਉਹ ਹੁਣ ਇਹ ਦਿਖਾਵਾ ਕਰਕੇ ਡਰਾਮਾ ਕਰ ਰਹੇ ਹਨ ਕਿ ਇਹ ਦਲ-ਬਦਲੀ ਕਿਸੇ ਹੋਰ ਪਾਰਟੀ ਤੋਂ ਹੈ ਪਰ ਇਹ

# ਸ਼੍ਰੋਮਣੀ ਅਕਾਲੀ ਦਲ ਦੀ ਪੰਜ ਮੈਂਬਰੀ ਕਮੇਟੀ ਵੱਲੋਂ ਆਨਲਾਈਨ ਭਰਤੀ ਸ਼ੁਰੂ



ਚੰਡੀਗੜ੍ਹ 'ਚ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਪੰਜ ਮੈਂਬਰੀ ਕਮੇਟੀ ਦੇ ਮੈਂਬਰ।

**ਚੰਡੀਗੜ੍ਹ, (ਪੰਜਾਬ ਮੇਲ)**- ਸ਼੍ਰੋਮਣੀ ਅਕਾਲੀ ਦਲ ਦੀ ਮੁੜ ਸੁਰਜੀਤੀ ਲਈ ਅਕਾਲ ਤਖ਼ਤ ਵੱਲੋਂ ਬਣਾਈ ਗਈ ਭਰਤੀ ਕਮੇਟੀ ਨੇ ਵਿਦੇਸ਼ਾਂ ਅਤੇ ਹੋਰਨਾਂ ਸੂਬਿਆਂ ਵਿਚ ਬੈਠੇ ਪੰਜਾਬੀਆਂ ਨੂੰ ਪਾਰਟੀ ਨਾਲ ਜੋੜਨ ਲਈ ਆਨਲਾਈਨ ਭਰਤੀ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਇਹ ਜਾਣਕਾਰੀ ਭਰਤੀ ਕਮੇਟੀ ਦੇ ਮੈਂਬਰਾਂ ਮਨਪ੍ਰੀਤ ਇਯਾਲੀ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜਥੇਦਾਰ ਇਕਬਾਲ ਸਿੰਘ ਝੂੰਦਾਂ, ਜਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਨੇ ਇਥੇ ਪ੍ਰੈੱਸ ਕਲੱਬ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ। ਭਰਤੀ ਕਮੇਟੀ ਦੇ ਮੈਂਬਰਾਂ ਨੇ ਆਨਲਾਈਨ ਭਰਤੀ ਲਈ ਪੋਰਟਲ **www.akalidalbharti.com** ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਪੋਰਟਲ ਨਾਲ ਵਿਦੇਸ਼ਾਂ ਵਿਚ ਬੈਠੇ ਲੋਕ ਵੀ ਪਾਰਟੀ ਨਾਲ ਜੁੜ ਸਕਣਗੇ। ਉਨ੍ਹਾਂ ਕਿਹਾ ਕਿ ਕਮੇਟੀ ਵੱਲੋਂ ਭਰਤੀ ਦੇ ਅਮਲ ਨੂੰ 18 ਜੂਨ ਤੱਕ ਮੁਕੰਮਲ ਕੀਤਾ ਜਾਵੇਗਾ।

ਮਨਪ੍ਰੀਤ ਇਯਾਲੀ ਨੇ ਕਿਹਾ ਕਿ ਇਸ ਪੋਰਟਲ ਰਾਹੀਂ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਬੈਠਾ ਪੰਜਾਬੀ, ਭਾਵੇਂ ਉਹ ਕਿਸੇ ਵੀ ਜਾਤ ਧਰਮ ਨਾਲ ਸਬੰਧਤ ਹੈ, ਉਹ ਖੁਦ ਵੀ ਮੈਂਬਰ ਬਣੇ ਅਤੇ ਆਪਣੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਦੋਸਤਾਂ ਸਕੇ ਸਬੰਧੀਆਂ ਨੂੰ ਵੀ ਜਾਰੀ ਆਨਲਾਈਨ ਫਾਰਮ ਭਰ ਕੇ ਮੈਂਬਰ ਬਣਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੂਨ ਦੇ ਪਹਿਲੇ ਹਫ਼ਤੇ ਘੱਲੂਘਾਰਾ ਹਫ਼ਤਾ ਹੋਣ ਕਰਕੇ ਭਰਤੀ ਦਾ ਕੰਮ ਨਹੀਂ ਚਲਾਇਆ ਜਾਵੇਗਾ। ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਵਿਦੇਸ਼ਾਂ ਵਿਚ ਬੈਠੇ ਵੱਡੀ ਗਿਣਤੀ ਵਿਚ ਪੰਜਾਬੀ ਅਕਾਲੀ ਦਲ ਨਾਲ ਜੁੜਨ ਲਈ ਉਤਸ਼ਾਹਿਤ ਹਨ।

## ਕੈਨੇਡੀਅਨ ਏਅਰ ਫੋਰਸ 'ਚ ਪੰਜਾਬਣ ਬਣੀ ਅਫ਼ਸਰ

**ਸਰੀ, (ਪੰਜਾਬ ਮੇਲ)**- ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਅਰਗੋਵਾਲ ਨੇੜੇ ਦਸੂਹਾ ਦੇ ਰਹਿਣ ਵਾਲੇ ਗੁਰਜੀਤ ਸਿੰਘ ਮੱਲ੍ਹੀ ਤੇ ਰੁਪਿੰਦਰ ਕੌਰ ਮੱਲ੍ਹੀ ਦੀ



ਧੀ ਅਤੇ ਜਰਨੈਲ ਸਿੰਘ ਦੀ ਪੋਤੀ ਦਰਪਨ ਮੱਲ੍ਹੀ ਨੇ ਕੈਨੇਡੀਅਨ ਏਅਰ ਫੋਰਸ 'ਚ ਅਫਸਰ ਬਣ ਕੇ ਸਮੂਹ ਪੰਜਾਬੀਆਂ ਦਾ ਮਾਣ ਵਧਾਇਆ ਹੈ। ਇਸ ਸਮੇਂ ਕੈਨੇਡਾ ਦੇ ਸ਼ਹਿਰ ਵੈਨਕੂਵਰ 'ਚ ਰਹਿ ਰਹੀ ਦਰਪਨ ਮੱਲ੍ਹੀ (26) ਨੇ ਕ੍ਰਿਮੀਨੋਲੋਜੀ ਅਤੇ ਕਮਿਊਨੀਕੇਸ਼ਨ 'ਚ ਡਿਗਰੀਆਂ ਹਾਸਲ ਕੀਤੀਆਂ ਹਨ ਤੇ ਉਸ ਨੂੰ ਕੈਨੇਡੀਅਨ ਏਅਰ ਫੋਰਸ ਦੇ ਆਪ੍ਰੇਸ਼ਨ ਬ੍ਰਾਂਚ 'ਚ ਅਫਸਰ ਵਜੋਂ ਕਮਿਸ਼ਨ ਮਿਲਿਆ ਹੈ। ਦੱਸਣਯੋਗ ਹੈ ਕਿ ਦਰਪਨ ਮੱਲ੍ਹੀ ਆਪਣੇ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਦੀ ਵਿਰਾਸਤ ਨੂੰ ਅੱਗੇ ਵਧਾ ਰਹੀ ਹੈ। ਉਨ੍ਹਾਂ ਦੇ ਨਾਨਾ ਜਗੀਰ ਸਿੰਘ ਵਾਸੀ ਪਿੰਡ ਬੇਰਛਾ ਜ਼ਿਲ੍ਹਾ ਹੁਸ਼ਿਆਰਪੁਰ ਜਿੱਥੇ ਭਾਰਤੀ ਨੇਵੀ 'ਚ ਅਫਸਰ ਸਨ, ਉਥੇ ਉਨ੍ਹਾਂ ਦੇ ਪਿਤਾ ਗੁਰਜੀਤ ਸਿੰਘ ਮੱਲ੍ਹੀ ਤੇ ਦਾਦਾ ਵੀ ਨੇਵੀ 'ਚ ਉੱਚ ਅਹੁਦੇ 'ਤੇ ਸੇਵਾ ਨਿਭਾਅ ਚੁੱਕੇ ਹਨ। ਪਰਿਵਾਰ ਦੇ ਨਜ਼ਦੀਕੀ ਰਿਸ਼ਤੇਦਾਰ ਐਡਵੋਕੇਟ ਮਨਦੀਪ ਸਿੰਘ ਵਾਲੀਆ ਨੇ ਕਿਹਾ ਕਿ ਦਰਪਨ ਮੱਲ੍ਹੀ ਦੀ ਇਸ ਪ੍ਰਾਪਤੀ 'ਤੇ ਸਮੁੱਚੇ ਪਰਿਵਾਰ ਨੂੰ ਮਾਣ ਹੈ।


# ਰੂਸ ਤੇ ਯੂਕਰੇਨ ਤੁਰੰਤ ਜੰਗਬੰਦੀ ਗੱਲਬਾਤ ਲਈ ਸਹਿਮਤ : ਟਰੰਪ

**ਵਾਸ਼ਿੰਗਟਨ/ਮਾਸਕੋ/ਕੀਵ, (ਪੰਜਾਬ ਮੇਲ)**- ਅਮਰੀਕੀ



ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਮਵਾਰ ਨੂੰ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਆਪਣੀ ਗੱਲਬਾਤ ਤੋਂ ਬਾਅਦ ਕਿਹਾ ਕਿ ਰੂਸ ਅਤੇ ਯੂਕਰੇਨ ਤੁਰੰਤ ਜੰਗਬੰਦੀ ਲਈ ਗੱਲਬਾਤ ਸ਼ੁਰੂ ਕਰਨਗੇ। ਪਰ ਕ੍ਰੇਮਲਿਨ ਨੇ ਕਿਹਾ ਕਿ ਪ੍ਰਕਿਰਿਆ ਵਿਚ ਸਮਾਂ ਲੱਗੇਗਾ ਅਤੇ ਅਮਰੀਕੀ ਰਾਸ਼ਟਰਪਤੀ ਨੇ ਸੰਕੇਤ ਦਿੱਤਾ ਕਿ ਉਹ ਮਾਸਕੋ 'ਤੇ ਦਬਾਅ ਪਾਉਣ ਲਈ ਯੂਰਪ 'ਚ ਨਵੀਆਂ ਪਾਬੰਦੀਆਂ ਲਗਾਉਣ ਲਈ ਤਿਆਰ ਨਹੀਂ ਹਨ।

ਇਕ ਸੋਸ਼ਲ ਮੀਡੀਆ ਪੋਸਟ 'ਚ ਟਰੰਪ ਨੇ ਕਿਹਾ ਕਿ ਉਸ ਨੇ ਰੂਸੀ ਨੇਤਾ ਨਾਲ ਆਪਣੇ ਸੈਸ਼ਨ ਤੋਂ ਬਾਅਦ ਇਕ ਗਰੁੱਪ ਕਾਲ 'ਚ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਦੇ ਨਾਲ-ਨਾਲ ਯੂਰਪੀਅਨ ਯੂਨੀਅਨ, ਫਰਾਂਸ, ਇਟਲੀ, ਜਰਮਨੀ ਅਤੇ ਫਿਨਲੈਂਡ ਦੇ ਨੇਤਾਵਾਂ ਨੂੰ ਯੋਜਨਾ ਬਾਰੇ ਦੱਸਿਆ ਹੈ। ਟਰੰਪ ਨੇ ਕਿਹਾ, "ਰੂਸ ਅਤੇ ਯੂਕਰੇਨ ਤੁਰੰਤ ਜੰਗਬੰਦੀ



ਅਤੇ ਸਭ ਤੋਂ ਮਹੱਤਵਪੂਰਨ ਯੁੱਧ ਦੇ ਅੰਤ ਲਈ ਗੱਲਬਾਤ ਸ਼ੁਰੂ ਕਰਨਗੇ।" ਬਾਅਦ ਵਿਚ ਵ੍ਹਾਈਟ ਹਾਊਸ ਨੇ ਕਿਹਾ ਉਹ ਸੋਚਦੇ ਹਨ ਕਿ "ਗੱਲਬਾਤ ਅੱਗੇ ਵਧ ਰਹੀ ਹੈ।"

ਪਿਛਲੇ ਹਫ਼ਤੇ ਤੁਰਕੀ ਵਿਚ ਮੁਲਾਕਾਤ ਤੋਂ ਬਾਅਦ ਪੂਤਿਨ ਨੇ ਮਾਸਕੋ ਅਤੇ ਕੀਵ ਵਿਚਕਾਰ ਸਿੱਧੀ ਗੱਲਬਾਤ ਮੁੜ ਸ਼ੁਰੂ ਕਰਨ ਦਾ ਸਮਰਥਨ ਕਰਨ ਲਈ ਟਰੰਪ ਦਾ ਧੰਨਵਾਦ ਕੀਤਾ। ਪਰ ਸੋਮਵਾਰ ਦੀ ਕਾਲ ਤੋਂ ਬਾਅਦ ਉਨ੍ਹਾਂ ਨੇ ਕਿਹਾ ਕੋਸ਼ਿਸ਼ਾਂ ਆਮ ਤੌਰ 'ਤੇ ਸਹੀ ਰਾਹ 'ਤੇ ਹਨ। ਪੂਤਿਨ ਨੇ ਸੋਚੀ ਦੇ ਕਾਲੇ ਸਾਗਰ ਰਿਜ਼ੋਰਟ ਨੇੜੇ ਪੱਤਰਕਾਰਾਂ ਨੂੰ ਕਿਹਾ, "ਅਸੀਂ ਸੰਯੁਕਤ ਰਾਜ ਦੇ ਰਾਸ਼ਟਰਪਤੀ ਨਾਲ ਸਹਿਮਤ ਹੋਏ ਹਾਂ ਕਿ ਰੂਸ ਪ੍ਰਸਤਾਵ ਦੇਵੇਗਾ ਅਤੇ ਭਵਿੱਖ ਵਿਚ ਇਕ ਸੰਭਾਵੀ ਸ਼ਾਂਤੀ ਸਮਝੌਤੇ 'ਤੇ ਇੱਕ ਮੈਮੋਰੰਡਮ 'ਤੇ ਯੂਕਰੇਨੀ ਪੱਖ ਨਾਲ ਕੰਮ ਕਰਨ ਲਈ ਤਿਆਰ ਹੈ।"

# ਅਮਰੀਕਾ ਵੱਲੋਂ ਤੁਰਕੀ ਨੂੰ ਖਤਰਨਾਕ AMRAAM ਮਿਜ਼ਾਈਲਾਂ ਸਪਲਾਈ ਕਰਨ ਦੀ ਮਨਜ਼ੂਰੀ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਨੇ ਹਾਲ ਹੀ ਵਿਚ ਤੁਰਕੀ ਨੂੰ ਖਤਰਨਾਕ **AMRAAM** ਮਿਜ਼ਾਈਲਾਂ ਸਪਲਾਈ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਲਗਭਗ 300 ਮਿਲੀਅਨ ਅਮਰੀਕੀ ਡਾਲਰ ਦੇ ਇਸ ਸੌਦੇ ਵਿਚ ਤੁਰਕੀ ਨੂੰ ਨਵੀਂ ਪੀੜ੍ਹੀ ਦੇ ਏ.ਆਈ.ਐੱਮ.-120ਸੀ-8 ਉੱਨਤ ਮੱਧਮ ਦੂਰੀ ਦੀਆਂ ਹਵਾ ਤੋਂ ਹਵਾ ਵਿਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਮਿਲਣਗੀਆਂ। ਇਸ ਤੋਂ ਇਲਾਵਾ ਅਮਰੀਕਾ ਨੇ ਤੁਰਕੀ ਨੂੰ ਏ.ਆਈ.ਐੱਮ-9ਐੱਕਸ ਸਾਈਡਵਿੰਡਰ ਮਿਜ਼ਾਈਲਾਂ ਵੇਚਣ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਇਹ ਸੌਦਾ ਭਾਰਤ ਲਈ ਚਿੰਤਾ ਦਾ ਕਾਰਨ ਹੈ ਕਿਉਂਕਿ ਤੁਰਕੀ ਖੁੱਲ੍ਹ ਕੇ ਪਾਕਿਸਤਾਨ ਦਾ ਸਮਰਥਨ ਕਰਦਾ ਆ ਰਿਹਾ ਹੈ। ਅਜਿਹੀ ਸਥਿਤੀ 'ਚ ਜੇਕਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਵਧਦਾ ਹੈ, ਤਾਂ ਤੁਰਕੀ ਦੇ ਹਥਿਆਰ ਸਿੱਧੇ ਤੌਰ 'ਤੇ ਭਾਰਤ ਵਿਰੁੱਧ ਵਰਤੇ ਜਾ ਸਕਦੇ ਹਨ।

ਅਮਰਾਮ ਐਡਵਾਂਸਡ ਮੀਡੀਅਮ-ਰੇਂਜ ਏਅਰ-ਟੂ-ਏਅਰ ਮਿਜ਼ਾਈਲ ਦਾ ਪੂਰਾ ਰੂਪ ਇੱਕ ਬਹੁਤ ਹੀ ਘਾਤਕ ਹਵਾ-ਤੋਂ-ਏਅਰ ਮਿਜ਼ਾਈਲ ਪ੍ਰਣਾਲੀ ਹੈ। ਇਹ ਮਿਜ਼ਾਈਲ ਦਰਮਿਆਨੀ ਦੂਰੀ 'ਤੇ ਆਪਣੇ ਨਿਸ਼ਾਨੇ ਨੂੰ ਬਹੁਤ ਸਟੀਕਤਾ ਨਾਲ ਮਾਰਨ ਦੇ ਸਮਰੱਥ ਹੈ। ਏ.ਆਈ.ਐੱਮ.-120ਸੀ-8 ਸੰਸਕਰਣ ਅਮਰੀਕਾ ਦੀ ਨਵੀਨਤਮ ਤਕਨਾਲੋਜੀ ਨਾਲ ਲੈਸ ਹੈ, ਜਿਸਦੀ ਗਤੀ ਲਗਭਗ 4900 ਕਿਲੋਮੀਟਰ ਪ੍ਰਤੀ ਘੰਟਾ ਤੱਕ ਪਹੁੰਚ ਸਕਦੀ ਹੈ। ਖਾਸ ਗੱਲ ਇਹ ਹੈ ਕਿ ਇਹ ਮਿਜ਼ਾਈਲਾਂ ਖਰਾਬ ਮੌਸਮ 'ਚ ਵੀ ਆਪਣੇ ਨਿਸ਼ਾਨੇ ਤੋਂ ਖੁੰਝਦੀਆਂ ਨਹੀਂ ਹਨ ਅਤੇ ਜਹਾਜ਼ ਤੋਂ ਹਵਾ 'ਚ ਦਾਗੀਆਂ ਜਾਂਦੀਆਂ ਹਨ। ਉਨ੍ਹਾਂ ਦੇ ਅੰਦਰ ਇੱਕ ਸਿਸਟਮ ਹੈ, ਜੋ ਨਿਸ਼ਾਨਾ ਲੱਭਦਾ ਹੈ ਤੇ ਉਸਨੂੰ ਨਸ਼ਟ ਕਰ ਦਿੰਦਾ ਹੈ। ਅਮਰੀਕੀ ਹਵਾਈ ਸੈਨਾ ਵੀ ਇਨ੍ਹਾਂ ਉੱਨਤ ਮਿਜ਼ਾਈਲਾਂ ਦੀ ਵਰਤੋਂ ਕਰਦੀ ਹੈ, ਜਿਸ ਨਾਲ ਇਸਦੀ ਤਾਕਤ ਹੋਰ ਵਧ ਜਾਂਦੀ ਹੈ।

ਅਮਰੀਕਾ ਅਤੇ ਤੁਰਕੀ ਵਿਚਕਾਰ ਹੋਏ ਸੌਦੇ 'ਚ ਤੁਰਕੀ ਨੂੰ ਕੁੱਲ 53 **AMRAAM** ਮਿਜ਼ਾਈਲਾਂ ਤੇ 6 ਮਾਰਗਦਰਸ਼ਨ ਪ੍ਰਣਾਲੀਆਂ ਦਿੱਤੀਆਂ ਜਾਣਗੀਆਂ। ਇਸ ਦੇ ਨਾਲ, ਤੁਰਕੀ ਨੂੰ ਏ.ਆਈ.ਐੱਮ.-9ਐਕਸ ਸਾਈਡਵਿੰਡਰ ਬਲਾਕ-2 ਮਿਜ਼ਾਈਲਾਂ ਵੀ ਮਿਲਣਗੀਆਂ, ਜਿਨ੍ਹਾਂ ਦੀ ਕੀਮਤ ਲਗਭਗ $79 ਮਿਲੀਅਨ ਹੈ। ਇਸ ਤੋਂ ਇਲਾਵਾ ਤੁਰਕੀ ਨੂੰ 60 ਆਲ-ਅਰਾਊਂਡ ਮਿਜ਼ਾਈਲਾਂ ਤੇ 11 ਰਣਨੀਤਕ ਮਾਰਗਦਰਸ਼ਨ ਯੂਨਿਟ ਵੀ ਮਿਲਣਗੇ। ਇਹ ਸਾਰੇ ਹਥਿਆਰ ਤੁਰਕੀ ਦੀ ਹਵਾਈ ਸ਼ਕਤੀ ਨੂੰ ਬਹੁਤ ਮਜ਼ਬੂਤ ਕਰਨਗੇ, ਜਿਸ ਨਾਲ ਇਸਦੀ ਹਵਾਈ ਤਾਕਤ ਵਿਚ ਬਹੁਤ ਵਾਧਾ ਹੋਵੇਗਾ। ਇਸ ਦੇ ਨਾਲ ਇਹ ਅਸਿੱਧੇ ਤੌਰ 'ਤੇ ਪਾਕਿਸਤਾਨ ਨੂੰ ਵੀ ਲਾਭ ਪਹੁੰਚਾ ਸਕਦਾ ਹੈ ਕਿਉਂਕਿ ਤੁਰਕੀ ਖੁੱਲ੍ਹ ਕੇ ਪਾਕਿਸਤਾਨ ਦਾ ਸਮਰਥਨ ਕਰਦਾ ਰਿਹਾ ਹੈ।

ਤੁਰਕੀ ਨੇ ਹਮੇਸ਼ਾ ਕਸ਼ਮੀਰ ਮੁੱਦੇ 'ਤੇ ਪਾਕਿਸਤਾਨ ਦਾ ਸਮਰਥਨ ਕੀਤਾ ਹੈ। ਹਾਲ ਹੀ ਦੇ ਸਾਲਾਂ ਵਿਚ, ਤੁਰਕੀ ਨੇ ਭਾਰਤ ਵਿਰੋਧੀ ਮੰਚਾਂ 'ਤੇ ਪਾਕਿਸਤਾਨ ਦੀ ਭਾਸ਼ਾ ਬੋਲੀ ਹੈ। 2019 ਦੇ ਤਣਾਅ ਦੌਰਾਨ ਵੀ ਤੁਰਕੀ ਨੇ ਪਾਕਿਸਤਾਨ ਦਾ ਪੱਖ ਲਿਆ ਸੀ। ਅਜਿਹੀ ਸਥਿਤੀ ਵਿਚ, ਜਦੋਂ ਪਾਕਿਸਤਾਨ ਭਾਰਤ ਵਿਰੁੱਧ ਫੌਜੀ ਗਤੀਵਿਧੀਆਂ ਵਿਚ ਸ਼ਾਮਲ ਹੁੰਦਾ ਹੈ, ਤਾਂ ਤੁਰਕੀ ਦਾ ਹਥਿਆਰਾਂ ਦਾ ਸਮਰਥਨ ਇੱਕ ਵੱਡਾ ਖ਼ਤਰਾ ਬਣ ਸਕਦਾ ਹੈ।

ਟਰੰਪ-ਤੁਰਕੀ ਸੌਦਾ ਪਾਕਿਸਤਾਨ ਲਈ ਇੱਕ ਵੱਡੀ ਜਿੱਤ ਹੈ ਕਿਉਂਕਿ ਤੁਰਕੀ ਨੂੰ ਜੋ ਹਥਿਆਰ ਮਿਲ ਰਹੇ ਹਨ, ਉਹ ਖਾਸ ਤੌਰ 'ਤੇ ਐੱਫ-16 ਵਰਗੇ ਲੜਾਕੂ ਜਹਾਜ਼ਾਂ ਲਈ ਤਿਆਰ ਕੀਤੇ ਗਏ ਹਨ ਅਤੇ ਪਾਕਿਸਤਾਨ ਕੋਲ ਪਹਿਲਾਂ ਹੀ ਐੱਫ-16 ਜਹਾਜ਼ ਹਨ। 2019 ਵਿਚ, ਪਾਕਿਸਤਾਨ ਨੇ ਭਾਰਤੀ ਫੌਜੀ ਠਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਲਈ ਇਨ੍ਹਾਂ ਹੀ ਜਹਾਜ਼ਾਂ ਤੋਂ **AMRAAM** ਮਿਜ਼ਾਈਲਾਂ ਦਾਗਣ ਦੀ ਕੋਸ਼ਿਸ਼ ਕੀਤੀ। ਅਜਿਹੀ ਸਥਿਤੀ 'ਚ ਜੇਕਰ ਤੁਰਕੀ ਕੋਲ ਹੋਰ ਮਿਜ਼ਾਈਲਾਂ ਹਨ, ਤਾਂ ਉਹ ਉਨ੍ਹਾਂ ਨੂੰ ਪਾਕਿਸਤਾਨ ਨਾਲ ਸਾਂਝਾ ਕਰ ਸਕਦਾ ਹੈ ਜਾਂ ਇਸਨੂੰ ਤਕਨੀਕੀ ਮਦਦ ਵਜੋਂ ਵਰਤਿਆ ਜਾ ਸਕਦਾ ਹੈ, ਜੋ ਕਿ ਪਾਕਿਸਤਾਨ ਲਈ ਬਹੁਤ ਫਾਇਦੇਮੰਦ ਸਾਬਤ ਹੋਵੇਗਾ।

ਭਾਰਤ ਲਈ ਸਭ ਤੋਂ ਵੱਡਾ ਝਟਕਾ ਇਹ ਹੈ ਕਿ ਇੱਕ ਪਾਸੇ ਅਮਰੀਕਾ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਅਤੇ ਸ਼ਾਂਤੀ ਦੀ ਗੱਲ ਕਰਦਾ ਸੀ, ਪਰ ਦੂਜੇ ਪਾਸੇ ਉਹ ਪਾਕਿਸਤਾਨ ਦਾ ਸਮਰਥਨ ਕਰਨ ਵਾਲੇ ਤੁਰਕੀ ਨੂੰ ਅਜਿਹੇ ਖਤਰਨਾਕ ਹਥਿਆਰਾਂ ਨਾਲ ਲੈਸ ਕਰ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਭੂਮਿਕਾ 'ਤੇ ਪਹਿਲਾਂ ਹੀ ਕਈ ਸਵਾਲ ਉੱਠ ਚੁੱਕੇ ਹਨ। ਇਸ ਤੋਂ ਇਲਾਵਾ, ਖ਼ਬਰਾਂ ਇਹ ਵੀ ਆ ਰਹੀਆਂ ਹਨ ਕਿ ਟਰੰਪ ਪਰਿਵਾਰ ਦੇ ਇੱਕ ਕ੍ਰਿਪਟੋਕਰੰਸੀ ਕੰਪਨੀ ਨਾਲ ਸਬੰਧ ਹਨ, ਜੋ ਪਾਕਿਸਤਾਨ ਨਾਲ ਜੁੜੀ ਹੋਈ ਹੈ। ਇਨ੍ਹਾਂ ਗੱਲਾਂ ਕਾਰਨ ਭਾਰਤ ਵਿਚ ਇਹ ਵਿਸ਼ਵਾਸ ਬਣ ਰਿਹਾ ਹੈ ਕਿ ਅਮਰੀਕਾ ਦੋਹਰੀ ਖੇਡ ਖੇਡ ਰਿਹਾ ਹੈ - ਇੱਕ ਪਾਸੇ, ਸ਼ਾਂਤੀ ਅਤੇ ਸਮਝੌਤੇ ਦਾ ਦਿਖਾਵਾ, ਅਤੇ ਦੂਜੇ ਪਾਸੇ, ਪਾਕਿਸਤਾਨ ਨੂੰ ਮਜ਼ਬੂਤ ਕਰਨ ਅਤੇ ਮਦਦ ਕਰਨ ਦੀ ਰਣਨੀਤੀ।

# ਆਈ.ਐੱਮ.ਐੱਫ. ਵੱਲੋਂ ਅਗਲੀ ਕਿਸ਼ਤ ਜਾਰੀ ਕਰਨ ਲਈ ਪਾਕਿਸਤਾਨ 'ਤੇ 11 ਨਵੀਆਂ ਸ਼ਰਤਾਂ

**■ ਭਾਰਤ ਨਾਲ ਤਣਾਅ ਕਾਰਨ ਵਧਣ ਵਾਲੇ ਜ਼ੋਖਮ ਬਾਰੇ ਦਿੱਤੀ ਚਿਤਾਵਨੀ**

**ਇਸਲਾਮਾਬਾਦ, (ਪੰਜਾਬ ਮੇਲ)**-ਕੌਮਾਂਤਰੀ ਮੁਦਰਾ ਕੋਸ਼ (ਆਈ.ਐੱਮ.ਐੱਫ.) ਨੇ ਆਪਣੇ ਰਾਹਤ ਪ੍ਰੋਗਰਾਮ ਦੀ ਅਗਲੀ ਕਿਸ਼ਤ ਜਾਰੀ ਕਰਨ ਲਈ ਪਾਕਿਸਤਾਨ 'ਤੇ 11 ਨਵੀਆਂ ਸ਼ਰਤਾਂ ਲਾਈਆਂ ਹਨ। ਇਸ ਦੇ ਨਾਲ ਹੀ ਆਈ.ਐੱਮ.ਐੱਫ. ਨੇ ਪਾਕਿਸਤਾਨ ਨੂੰ ਚਿਤਾਵਨੀ ਦਿੱਤੀ ਹੈ ਕਿ ਭਾਰਤ ਨਾਲ ਤਣਾਅ ਵਧਣ ਕਾਰਨ ਵਿੱਤੀ, ਬਾਹਰੀ ਤੇ ਸੁਧਾਰ ਦੇ ਟੀਚਿਆਂ ਲਈ ਜ਼ੋਖਮ ਵੱਧ ਸਕਦੇ ਹਨ। ਮੀਡੀਆ 'ਚ ਆਈਆਂ ਖ਼ਬਰਾਂ 'ਚ ਇਹ ਜਾਣਕਾਰੀ ਦਿੱਤੀ ਗਈ ਹੈ।

ਪਾਕਿਸਤਾਨ 'ਤੇ ਲਾਈਆਂ ਗਈਆਂ ਨਵੀਆਂ ਸ਼ਰਤਾਂ 'ਚ 17,600 ਅਰਬ ਰੁਪਏ ਦੇ ਨਵੇਂ ਬਜਟ ਨੂੰ ਸੰਸਦ ਦੀ ਮਨਜ਼ੂਰੀ, ਬਿਜਲੀ ਬਿੱਲਾਂ 'ਤੇ ਕਰਜ਼ਾ ਭੁਗਤਾਨ ਸਰਚਾਰਜ 'ਚ ਵਾਧਾ ਤੇ ਤਿੰਨ ਸਾਲ ਪੁਰਾਣੀਆਂ ਕਾਰਾਂ ਦੀ ਦਰਾਮਦ 'ਤੇ ਪਾਬੰਦੀ ਹਟਾਉਣਾ ਸ਼ਾਮਲ ਹੈ।

ਇਕ ਮੀਡੀਆ ਰਿਪੋਰਟ ਅਨੁਸਾਰ ਆਈ.ਐੱਮ.ਐੱਫ. ਵੱਲੋਂ ਬੀਤੇ ਦਿਨੀਂ ਜਾਰੀ ਕਰਮਚਾਰੀ ਪੱਧਰ ਦੀ ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਤੇ ਪਾਕਿਸਤਾਨ ਵਿਚਾਲੇ ਵਧਦੇ ਤਣਾਅ ਕਾਰਨ ਇਸ ਪ੍ਰੋਗਰਾਮ ਦੇ ਵਿੱਤੀ, ਬਾਹਰੀ ਤੇ ਸੁਧਾਰ ਸਬੰਧੀ ਟੀਚਿਆਂ ਲਈ ਜ਼ੋਖਮ ਵੱਧ ਸਕਦੇ ਹਨ।

ਰਿਪੋਰਟ 'ਚ ਅੱਗੇ ਕਿਹਾ ਗਿਆ ਹੈ ਕਿ ਪਿਛਲੇ ਦੋ ਹਫ਼ਤਿਆਂ 'ਚ ਪਾਕਿਸਤਾਨ ਤੇ ਭਾਰਤ ਵਿਚਾਲੇ ਤਣਾਅ ਕਾਫੀ ਵਧ ਗਿਆ ਹੈ ਪਰ ਹੁਣ ਤੱਕ ਬਾਜ਼ਾਰ ਦੀ ਪ੍ਰਤੀਕਿਰਿਆ ਮਾਮੂਲੀ ਰਹੀ ਹੈ ਤੇ ਸ਼ੇਅਰ ਬਾਜ਼ਾਰ ਨੇ ਆਪਣੇ ਹਾਲੀਆ ਲਾਭ ਨੂੰ ਬਰਕਰਾਰ ਰੱਖਿਆ ਹੈ। ਆਈ.ਐੱਮ.ਐੱਫ. ਦੀ ਰਿਪੋਰਟ 'ਚ ਅਗਲੇ ਵਿੱਤੀ ਸਾਲ ਲਈ ਰੱਖਿਆ ਬਜਟ 2,414 ਅਰਬ ਰੁਪਏ ਦਿਖਾਇਆ ਗਿਆ ਹੈ, ਜੋ 252 ਅਰਬ ਰੁਪਏ ਜਾਂ 21 ਫੀਸਦੀ ਵੱਧ ਹੈ। ਆਈ.ਐੱਮ.ਐੱਫ. ਦੇ ਅਨੁਮਾਨ ਮੁਕਾਬਲੇ ਸਰਕਾਰ ਨੇ ਇਸ ਮਹੀਨੇ ਦੀ ਸ਼ੁਰੂਆਤ 'ਚ ਭਾਰਤ ਨਾਲ ਟਕਰਾਅ ਵਧਣ ਤੋਂ ਬਾਅਦ ਰੱਖਿਆ ਖੇਤਰ ਲਈ 2500 ਅਰਬ ਰੁਪਏ ਜਾਂ 18 ਫੀਸਦੀ ਵੱਧ ਰਾਸ਼ੀ ਅਲਾਟ ਕਰਨ ਦਾ ਸੰਕੇਤ ਦਿੱਤਾ ਹੈ। ਮੀਡੀਆ ਰਿਪੋਰਟ ਅਨੁਸਾਰ ਆਈ.ਐੱਮ.ਐੱਫ. ਨੇ ਪਾਕਿਸਤਾਨ 'ਤੇ ਹੁਣ 11 ਹੋਰ ਸ਼ਰਤਾਂ ਲਾਈਆਂ ਹਨ। ਇਸ ਤਰ੍ਹਾਂ ਪਾਕਿਸਤਾਨ 'ਤੇ ਹੁਣ ਤੱਕ 50 ਸ਼ਰਤਾਂ ਲਾਈਆਂ ਜਾ ਚੁੱਕੀਆਂ ਹਨ।

# ਫੈਡਰਲ ਜੱਜ ਵੱਲੋਂ ਨਵੇਂ ਫੌਜੀ ਜ਼ੋਨ 'ਚ ਗ੍ਰਿਫ਼ਤਾਰ 98 ਗੈਰ ਕਾਨੂੰਨੀ ਲੋਕਾਂ ਵਿਰੁੱਧ ਉਲੰਘਣਾ ਦੇ ਦੋਸ਼ ਖਾਰਜ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ-ਮੈਕਸੀਕੋ ਸਰਹੱਦ ਦੇ ਨਾਲ ਇੱਕ ਨਵੇਂ ਸਥਾਪਿਤ ਫੌਜੀ-ਨਿਯੰਤਰਿਤ ਜ਼ੋਨ ਰਾਹੀਂ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਦਾਖਲ ਹੋਏ ਦਰਜਨਾਂ ਪ੍ਰਵਾਸੀਆਂ ਦੇ ਉਲੰਘਣਾ ਦੇ ਦੋਸ਼ ਖਾਰਜ ਕਰ ਦਿੱਤੇ ਗਏ ਹਨ।

ਮੁੱਖ ਅਮਰੀਕੀ ਮੈਜਿਸਟ੍ਰੇਟ ਜੱਜ ਗ੍ਰੈਗਰੀ ਵਰਮੂਥ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਪ੍ਰਵਾਸੀਆਂ ਨੂੰ ਪਤਾ ਨਹੀਂ ਸੀ ਕਿ ਉਹ ਫੌਜੀ ਜ਼ੋਨ, ਜਿਸਨੂੰ ਨਿਊ ਮੈਕਸੀਕੋ ਨੈਸ਼ਨਲ ਡਿਫੈਂਸ ਏਰੀਆ (ਐੱਨ.ਐੱਮ.ਐੱਨ.ਡੀ.ਏ.) ਵਜੋਂ ਜਾਣਿਆ ਜਾਂਦਾ ਹੈ, ਵਿਚ ਦਾਖਲ ਹੋ ਰਹੇ ਹਨ ਅਤੇ ਇਸ ਲਈ ਉਨ੍ਹਾਂ 'ਤੇ ਦੋਸ਼ ਨਹੀਂ ਲਗਾਇਆ ਜਾ ਸਕਦਾ।

ਜੱਜ ਵਰਮੂਥ ਨੇ ਫੈਸਲਾ ਸੁਣਾਇਆ ਕਿ ਸੰਘੀ ਸਰਕਾਰ ਸੰਭਾਵਿਤ ਕਾਰਨ ਦਿਖਾਉਣ ਵਿਚ ਅਸਫਲ ਰਹੀ ਕਿ ਪ੍ਰਵਾਸੀ ਜਾਣਦੇ ਸਨ ਕਿ ਉਹ ਜ਼ੋਨ ਵਿਚ ਦਾਖਲ ਹੋ ਰਹੇ ਹਨ।

ਸਰਕਾਰ ਨੇ ਇੱਕ ਅਪਰਾਧਿਕ ਸ਼ਿਕਾਇਤ ਵਿਚ ਦਲੀਲ ਦਿੱਤੀ ਸੀ ਕਿ ਫੌਜ ਨੇ ਜ਼ੋਨਾਂ ਵਿਚ ਅੰਗਰੇਜ਼ੀ ਅਤੇ ਸਪੈਨਿਸ਼ ਦੋਵਾਂ ਵਿਚ ਸੰਕੇਤ ਲਗਾਏ ਸਨ ਕਿ ਇਹ ਇੱਕ ਪਾਬੰਦੀਸ਼ੁਦਾ ਖੇਤਰ ਸੀ ਅਤੇ ਅਣਅਧਿਕਾਰਤ ਦਾਖਲਾ ਵਰਜਿਤ ਹੈ।

ਜੱਜ ਨੇ ਨੋਟ ਕੀਤਾ ਕਿ ਚੁਣੌਤੀਪੂਰਨ ਭੂਮੀ ਨੇ ਇਹ ਅਸੰਭਵ ਬਣਾ ਦਿੱਤਾ ਕਿ ਬਚਾਅ ਪੱਖ ਨੇ ਚੇਤਾਵਨੀਆਂ ਵੇਖੀਆਂ।

ਇਹ ਫੈਸਲਾ ਟਰੰਪ ਪ੍ਰਸ਼ਾਸਨ ਦੇ ਸਰਹੱਦੀ ਕਾਰਵਾਈ ਲਈ ਇੱਕ ਝਟਕਾ ਹੈ ਕਿਉਂਕਿ ਐੱਨ.ਐੱਮ.ਐੱਨ.ਡੀ.ਏ. ਨੂੰ ਲਾਗੂ ਕਰਨ ਲਈ ਘੁਸਪੈਠ ਦੇ ਦੋਸ਼ ਕੇਂਦਰੀ ਸਨ।

ਐੱਨ.ਐੱਮ.ਐੱਨ.ਡੀ.ਏ. ਅਪ੍ਰੈਲ ਵਿਚ ਸਥਾਪਿਤ ਕੀਤਾ ਗਿਆ ਸੀ ਅਤੇ ਦੱਖਣੀ ਨਿਊ ਮੈਕਸੀਕੋ ਸਰਹੱਦ ਦੇ ਨਾਲ ਲਗਭਗ 180 ਮੀਲ ਤੱਕ ਫੈਲਿਆ ਹੋਇਆ ਹੈ। ਅਮਰੀਕੀ ਫੌਜ ਦੇ ਕਰਮਚਾਰੀ ਹੁਣ ਖੇਤਰ ਵਿਚ ਗਸ਼ਤ ਕਰਦੇ ਹਨ ਅਤੇ ਅਣਅਧਿਕਾਰਤ ਪ੍ਰਵੇਸ਼ ਕਰਨ ਵਾਲਿਆਂ ਨੂੰ ਹਿਰਾਸਤ ਵਿਚ ਲੈਣ ਲਈ ਅਧਿਕਾਰਤ ਹਨ।

ਜੱਜ ਵਰਮਥ ਨੇ 16 ਪੰਨਿਆਂ ਦੇ ਫੈਸਲੇ ਵਿਚ ਲਿਖਿਆ "ਸਾਈਨਬੋਰਡ ਦੇ ਹਵਾਲੇ ਤੋਂ ਪਰੇ, ਸੰਯੁਕਤ ਰਾਜ ਅਮਰੀਕਾ ਕੋਈ ਵੀ ਤੱਥ ਪ੍ਰਦਾਨ ਨਹੀਂ ਕਰਦਾ ਹੈ, ਜਿਸ ਤੋਂ ਕੋਈ ਇਹ ਸਿੱਟਾ ਕੱਢ ਸਕੇ ਕਿ ਬਚਾਓ ਪੱਖ ਜਾਣਦਾ ਸੀ ਕਿ ਉਹ ਨਿਊ ਮੈਕਸੀਕੋ ਨੈਸ਼ਨਲ ਡਿਫੈਂਸ ਏਰੀਆ (ਐੱਨ.ਐੱਮ.ਐੱਨ.ਡੀ.ਏ.) ਵਿਚ ਦਾਖਲ ਹੋ ਰਿਹਾ ਸੀ"। ਵਰਮਥ ਨੇ 2009 ਤੋਂ ਇੱਕ ਅਮਰੀਕੀ ਮੈਜਿਸਟ੍ਰੇਟ ਜੱਜ ਵਜੋਂ ਸੇਵਾ ਨਿਭਾਈ ਹੈ। ਮੈਜਿਸਟ੍ਰੇਟ ਜੱਜ ਜ਼ਿਲ੍ਹਾ ਅਦਾਲਤ ਦੇ ਜੱਜਾਂ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ, ਨਾ ਕਿ ਰਾਸ਼ਟਰਪਤੀ ਦੁਆਰਾ।

ਜੱਜ ਨੇ 98 ਗ੍ਰਿਫਤਾਰ ਪ੍ਰਵਾਸੀਆਂ ਦੁਆਰਾ ਦਰਪੇਸ਼ ਦੋ ਦੋਸ਼ਾਂ ਨੂੰ ਖਾਰਜ ਕਰ ਦਿੱਤਾ, ਜਿਸ ਵਿਚ ਸੁਰੱਖਿਆ ਨਿਯਮਾਂ ਦੀ ਉਲੰਘਣਾ ਅਤੇ ਗੈਰ-ਕਾਨੂੰਨੀ ਉਦੇਸ਼ ਲਈ ਫੌਜੀ ਜਾਇਦਾਦ ਵਿਚ ਦਾਖਲ ਹੋਣਾ, ਦੋਵੇਂ ਹੀ ਦੋਸ਼ ਸ਼ਾਮਲ ਸਨ। ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਦਾਖਲ ਹੋਣ ਦਾ ਤੀਜਾ ਦੋਸ਼ ਅਜੇ ਵੀ ਬਾਕੀ ਹੈ। 9 ਮਈ ਤੱਕ, ਐਲੀਸਨ ਦੇ ਦਫ਼ਤਰ ਨੇ ਨਿਊ ਮੈਕਸੀਕੋ ਫੌਜੀ ਖੇਤਰ ਵਿਚ ਦਾਖਲ ਹੋਣ ਲਈ 339 ਪ੍ਰਵਾਸੀਆਂ 'ਤੇ ਦੋਸ਼ ਲਗਾਉਣ ਦੀ ਰਿਪੋਰਟ ਦਿੱਤੀ। ਟਰੰਪ ਨੇ ਦੱਖਣੀ ਸਰਹੱਦ 'ਤੇ ਸੰਘੀ ਜ਼ਮੀਨ ਦਾ ਕੰਟਰੋਲ ਲੈਣ ਲਈ ਫੌਜ ਨੂੰ ਆਦੇਸ਼ ਦਿੱਤੇ। ਪਿਛਲੇ ਮਹੀਨੇ, ਗ੍ਰਹਿ ਸਕੱਤਰ ਡੱਗ ਬਰਗਮ ਨੇ ਨਿਊ ਮੈਕਸੀਕੋ ਦਾ ਦੌਰਾ ਕਰਕੇ ਐਲਾਨ ਕੀਤਾ ਕਿ ਫੌਜ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਤਸਕਰੀ ਨੂੰ ਰੋਕਣ ਲਈ ਟਰੰਪ ਪ੍ਰਸ਼ਾਸਨ ਦੇ ਯਤਨਾਂ ਦੇ ਹਿੱਸੇ ਵਜੋਂ ਸੰਘੀ ਜ਼ਮੀਨ ਦਾ ਕੰਟਰੋਲ ਲੈ ਰਹੀ ਹੈ। 109, 651 ਏਕੜ ਸੰਘੀ ਜ਼ਮੀਨ ਨੂੰ ਤਿੰਨ ਸਾਲਾਂ ਲਈ ਫੌਜ ਨੂੰ ਤਬਦੀਲ ਕਰ ਦਿੱਤਾ ਗਿਆ ਸੀ, ਜੋ ਕਿ ਮੌਜੂਦਾ ਅਧਿਕਾਰਾਂ ਦੇ ਅਧੀਨ ਹੈ।

ਗ੍ਰਹਿ ਵਿਭਾਗ ਦੇ ਅਨੁਸਾਰ, ਅਧਿਕਾਰ ਖੇਤਰ ਵਿਚ ਤਬਦੀਲੀ ਸਰਕਾਰ ਨੂੰ ਖੇਤਰ ਵਿਚ ਸੰਵੇਦਨਸ਼ੀਲ ਕੁਦਰਤੀ ਅਤੇ ਸੱਭਿਆਚਾਰਕ ਸਰੋਤਾਂ ਦੀ ਰੱਖਿਆ ਕਰਨ ਦੀ ਆਗਿਆ ਦਿੰਦੀ ਹੈ, ਜਦੋਂ ਕਿ ਫੌਜ ਨੂੰ ਸਰਹੱਦ ਨੂੰ ਸੁਰੱਖਿਅਤ ਕਰਨ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਵਿਚ ਅਮਰੀਕੀ ਸਰਹੱਦੀ ਗਸ਼ਤ ਕਾਰਜਾਂ ਦਾ ਸਮਰਥਨ ਕਰਨ ਵਿਚ ਮਦਦ ਕਰਦੀ ਹੈ।

# PUNJAB MAIL USA

## TV Channel, Newspaper, Radio

## All over America, Canada, Australia & Europe

### All over America, Canada, Australia & Europe

24 Hours 7 Days

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

*For any Information & Advertisement Call at*

**+1-916-320-9444**



-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com



# ਕੈਨੇਡਾ ਦੀ ਮਾਰਕ ਕਾਰਨੀ ਸਰਕਾਰ ਵਿਚ ਭਾਰਤੀ ਮੂਲ ਦੇ ਛੇ ਵਿਚੋਂ ਚਾਰ ਪੰਜਾਬੀ ਮੰਤਰੀ






ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੀ ਨਵੀਂ ਸਰਕਾਰ ਦਾ ਗਠਨ ਕਰ ਲਿਆ ਹੈ। ਲਿਬਰਲ ਪਾਰਟੀ ਨੇ ਲਗਾਤਾਰ ਚੌਥੀ ਵਾਰ ਸੰਘੀ ਸਰਕਾਰ ਬਣਾਈ ਹੈ। 60 ਸਾਲਾ ਮਾਰਕ ਕਾਰਨੀ ਅਤੇ ਉਨ੍ਹਾਂ ਦੇ ਸਾਥੀ ਮੰਤਰੀਆਂ ਨੂੰ ਕੈਨੇਡਾ ਦੀ ਰਾਜਧਾਨੀ ਓਟਾਵਾ ਵਿਖੇ ਕੈਨੇਡਾ ਦੇ ਰਾਜਪਾਲ ਜਨਰਲ ਮੈਰੀ ਸਾਈਮਨ ਨੇ ਅਹੁਦੇ ਅਤੇ ਭੇਦ ਗੁਪਤ ਰੱਖਣ ਦੀ ਸਹੁੰ ਚੁੱਕਾਈ। ਕੈਨੇਡਾ ਦੇ ਲੋਕਾਂ ਨੂੰ ਮਾਰਕ ਕਾਰਨੀ ਦੇ ਆਰਥਿਕ ਮਾਹਿਰ ਹੋਣ ਕਰਕੇ ਦੇਸ ਦੀ ਆਰਥਿਕ ਹਾਲਤ ਨੂੰ ਮਜ਼ਬੂਤ ਕਰਨ ਦੀਆਂ ਵੱਡੀਆਂ ਆਸਾਂ ਹਨ। ਮਾਰਕ ਕਾਰਨੀ ਮੰਤਰੀ ਮੰਡਲ ਵਿਚ 38 ਮੰਤਰੀ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਵਿਚ 28 ਕੈਬਨਿਟ ਅਤੇ 10 ਸੈਕਰੇਟਰੀ ਆਫ ਸਟੇਟ ਹਨ, ਜਿਨ੍ਹਾਂ ਨੂੰ ਰਾਜ ਮੰਤਰੀ ਕਿਹਾ ਜਾਂਦਾ ਹੈ। ਮਾਰਕ ਕਾਰਨੀ ਮੰਤਰੀ ਮੰਡਲ ਵਿਚ 38 ਵਿਚੋਂ 24 ਨਵੇਂ ਮੰਤਰੀ ਹਨ, ਇਨ੍ਹਾਂ ਵਿਚੋਂ 13 ਅਜਿਹੇ ਹਨ, ਜਿਹੜੇ ਪਹਿਲੀ ਵਾਰ ਮੈਂਬਰ ਪਾਰਲੀਮੈਂਟ ਬਣੇ ਹਨ। ਲਗਪਗ ਸਾਰੇ ਸੂਬਿਆਂ ਤੇ ਸਮੁਦਾਇ ਨੂੰ ਮੰਤਰੀ ਮੰਡਲ ਵਿਚ ਪ੍ਰਤੀਨਿਧਤਾ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੇ ਮੰਤਰੀ ਮੰਡਲ ਵਿਚ ਨੌਜਵਾਨਾਂ ਨੂੰ ਸ਼ਾਮਲ ਕਰਕੇ ਨਵੀਂ ਦਿੱਖ ਦੇਣ ਦੀ ਕੋਸ਼ਿਸ਼ ਕੀਤੀ ਹੈ, ਤਾਂ ਜੋ ਉਹ ਜੋਸ਼ ਅਤੇ ਉਤਸ਼ਾਹ ਨਾਲ ਆਪਣੇ ਫ਼ਰਜ ਨਿਭਾਕੇ ਸਫਲਤਾ ਪ੍ਰਾਪਤ ਕਰਕੇ ਕੈਨੇਡਾ ਨੂੰ ਬੁਲੰਦੀਆਂ ’ਤੇ ਪਹੁੰਚਾ ਸਕਣ ਅਤੇ ਕੈਨੇਡਾ ਦੇ ਲੋਕਾਂ ਨੇ ਜਿਹੜਾ ਭਰੋਸਾ ਉਸ ਵਿਚ ਕੀਤਾ ਹੈ, ਉਸ ’ਤੇ ਪੂਰਾ ਉਤਰਿਆ ਜਾ ਸਕੇ। ਕੁਝ ਕੁ ਮੰਤਰੀਆਂ ਨੂੰ ਛੱਡਕੇ ਬਹੁਤੇ ਮੰਤਰੀ 50 ਸਾਲ ਦੇ ਨੇੜੇ-ਤੇੜੇ ਹਨ। ਇਸ ਵਾਰ ਫਿਰ ਪੰਜਾਬੀਆਂ ਦੀ ਸੰਘੀ ਸਰਕਾਰ ਵਿਚ ਬੱਲੇ-ਬੱਲੇ ਹੋ ਗਈ ਹੈ। ਪੰਜਾਬੀਆਂ ਦੇ ਗੜ੍ਹ ਸਮਝੇ ਜਾਂਦੇ ਇਕੱਲੇ ਬਰੈਂਪਟਨ ਵਿਚੋਂ ਤਿੰਨ ਮੈਂਬਰਾਂ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਵਿਚ ਰੂਬੀ ਸਹੋਤਾ, ਮਨਿੰਦਰ ਸਿੰਘ ਸਿੱਧੂ ਅਤੇ ਸ਼ਫਕਤ ਅਲੀ ਸ਼ਾਮਲ ਹਨ। ਇਹ ਤਿੰਨੇ ਭਾਰਤੀ ਮੂਲ ਦੇ ਲਹਿੰਦੇ ਅਤੇ ਚੜ੍ਹਦੇ ਪੰਜਾਬੀ ਹਨ। ਨਵੇਂ ਮੰਤਰੀ ਮੰਡਲ ਵਿਚ ਛੇ ਭਾਰਤੀ ਮੂਲ ਦੇ ਵਿਚੋਂ ਚਾਰ ਪੰਜਾਬੀਆਂ ਨੂੰ ਸ਼ਾਮਲ ਕੀਤਾ ਗਿਆ। ਭਾਰਤੀ ਮੂਲ ਦੇ ਪੰਜਾਬੀ ਅਨੀਤਾ ਇੰਦਰਾ ਆਨੰਦ, ਮਨਿੰਦਰ ਸਿੰਘ ਸਿੱਧੂ, ਰਣਦੀਪ ਸਿੰਘ ਸਰਾਏ, ਰੂਬੀ ਸਹੋਤਾ ਅਤੇ ਸ਼ਫਕਤ ਅਲੀ ਨੂੰ ਮੰਤਰੀ ਬਣਾਇਆ ਗਿਆ ਹੈ। ਭਾਰਤੀ ਮੂਲ ਦੇ ਤਾਮਿਲ ਗੈਰੀ ਆਨੰਦਸੰਗਾਰੀ ਨੂੰ ਵੀ ਜਨਤਕ ਸੁਰੱਖਿਆ ਮੰਤਰੀ ਬਣਾਇਆ ਗਿਆ ਹੈ। ਸਭ ਤੋਂ ਮਹੱਤਵਪੂਰਨ ਵਿਦੇਸ਼ ਮੰਤਰੀ ਦਾ ਵਿਭਾਗ ਅਨੀਤਾ ਇੰਦਰਾ ਆਨੰਦ ਨੂੰ ਦਿੱਤਾ ਗਿਆ ਹੈ। ਅਨੀਤਾ ਇੰਦਰਾ ਆਨੰਦ ਕੈਨੇਡਾ ਦੀ ਪਹਿਲੀ ਹਿੰਦੂ ਇਸਤਰੀ ਹੈ, ਜਿਹੜੀ ਚੌਥੀ ਵਾਰ ਓਕਵਿਲੇ ਹਲਕੇ ਤੋਂ ਸੰਸਦ ਮੈਂਬਰ ਚੁਣੀ ਗਈ ਹੈ ਤੇ ਪਹਿਲੀ ਹੀ ਹਿੰਦੂ ਵਿਦੇਸ਼ ਮੰਤਰੀ ਬਣੀ ਹੈ। ਮਨਿੰਦਰ ਸਿੰਘ ਸਿੱਧੂ ਨੂੰ ਇੰਟਰਨੈਸ਼ਨਲ ਟਰੇਡ ਮੰਤਰੀ ਬਣਾਇਆ ਗਿਆ ਹੈ। ਇਹ ਦੋਵੇਂ ਕੈਬਨਿਟ ਮੰਤਰੀ ਹਨ। ਦੋ ਭਾਰਤੀ ਮੂਲ ਦੇ ਰਾਜ ਮੰਤਰੀ ਬਣਾਏ ਗਏ ਹਨ, ਜਿਨ੍ਹਾਂ ਵਿਚ ਰੂਬੀ ਸਹੋਤਾ ਨੂੰ ਜੁਰਮ ਨਾਲ ਸਿੱਝਣ ਲਈ ਅਤੇ ਰਣਦੀਪ ਸਿੰਘ ਸਰਾਏ ਨੂੰ ਅੰਤਰਰਾਸ਼ਟਰੀ ਵਿਕਾਸ ਦੇ ਰਾਜ ਮੰਤਰੀ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਪਾਕਿਸਤਾਨ ਵਾਲੇ ਲਹਿੰਦੇ ਪੰਜਾਬ ਦੇ ਸ਼ਫਕਤ ਅਲੀ ਨੂੰ ਖ਼ਜ਼ਾਨਾ ਬੋਰਡ ਦੇ ਮੁਖੀ ਭਾਵ ਟਰੈਜ਼ਰੀ ਬੋਰਡ ਦੇ ਪ੍ਰਧਾਨ ਬਣਾਇਆ ਗਿਆ ਹੈ। ਇਨ੍ਹਾਂ ਚਾਰੇ ਮੰਤਰੀਆਂ ਦੇ ਵਿਭਾਗ ਮਹੱਤਵਪੂਰਨ ਹਨ। ਛੇਵੀਂ ਵਾਰ ਚੋਣ ਜਿੱਤੇ ਸੁੱਖ ਧਾਲੀਵਾਲ ਦੇ ਮੰਤਰੀ ਬਣਨ ਦੀ ਪੂਰੀ ਆਸ ਸੀ ਪ੍ਰੰਤੂ ਉਸਨੂੰ ਮੰਤਰੀ ਨਹੀਂ ਬਣਾਇਆ ਗਿਆ। ਇਨ੍ਹਾਂ ਚਾਰਾਂ ਵਿਚ ਰਣਦੀਪ ਸਿੰਘ ਸਰਾਏ ਅੰਮ੍ਰਿਤਧਾਰੀ ਦਸਤਾਰਧਾਰੀ ਮੰਤਰੀ ਹਨ।

ਅਨੀਤਾ ਇੰਦਰਾ ਆਨੰਦ ਜੋ ਅਨੀਤਾ ਆਨੰਦ ਦੇ ਨਾਮ ਨਾਲ ਜਾਣੇ ਜਾਂਦੇ ਹਨ, ਉਹ ਜਸਟਿਨ ਟਰੂਡੋ ਅਤੇ ਮਾਰਕ ਕਾਰਨੀ ਪ੍ਰਧਾਨ ਮੰਤਰੀਆਂ ਦੀਆਂ ਸਰਕਾਰਾਂ ਵਿਚ ਮਹੱਤਵਪੂਰਨ ਵਿਭਾਗਾਂ ਦੇ ਮੰਤਰੀ ਰਹੇ ਹਨ, ਤੀਜੀ ਵਾਰ ਓਕਵਿਲੇ ਹਲਕੇ ਤੋਂ ਚੋਣ ਲੜਕੇ ਜਿੱਤੇ ਹਨ। ਅਨੀਤਾ ਆਨੰਦ ਦੀ ਤਰੱਕੀ ਨੂੰ ਕੈਨੇਡਾ ਦੀ ਸਿਆਸਤ ਵਿਚ ਬਹੁਤ ਹੀ ਮਹੱਤਵਪੂਰਨ ਸਮਝਿਆ ਜਾ ਰਿਹਾ ਹੈ, ਕਿਉਂਕਿ ਜਸਟਿਨ ਟਰੂਡੋ ਨੂੰ ਭਾਰਤੀ ਮੂਲ ਦੇ ਪੰਜਾਬੀਆਂ ਦਾ ਖ਼ੈਰ ਖਵਾਹ ਗਿਣਿਆਂ ਜਾਂਦਾ ਸੀ। ਉਸਦੇ ਮੰਤਰੀ ਮੰਡਲ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਸ਼ਾਮਲ ਸਨ। ਮਾਰਕ ਕਾਰਨੀ ਨੇ ਵੀ ਪੰਜਾਬੀਆਂ ਨੂੰ ਖ਼ੁਸ਼ ਰੱਖਣ ਲਈ ਪੰਜ ਪੰਜਾਬੀਆਂ ਨੂੰ ਮੰਤਰੀ ਬਣਾਇਆ ਹੈ। ਅਨੀਤਾ ਇੰਦਰਾ ਆਨੰਦ ਨੇ ਅਪ੍ਰੈਲ ਦੀਆਂ ਸੰਘੀ ਚੋਣਾਂ ਤੋਂ ਪਹਿਲਾਂ ਸੰਸਦ ਦੀ ਚੋਣ ਨਾ ਲੜਨ ਦਾ ਐਲਾਨ ਕਰ ਦਿੱਤਾ ਸੀ ਪ੍ਰੰਤੂ ਮਾਰਕ ਕਾਰਨੀ ਨੇ ਉਸਨੂੰ ਚੋਣ ਲੜਨ ਲਈ ਮਨਾ ਲਿਆ ਸੀ। ਜਸਟਿਨ ਟਰੂਡੋ ਨੇ ਕੋਵਿਡ ਦੌਰਾਨ ਨਵੰਬਰ 2019 ਵਿਚ ਅਨੀਤਾ ਆਨੰਦ ਨੂੰ ਮਹੱਤਵਪੂਰਨ ਪਬਲਿਸ ਸਰਵਿਸ ਐਂਡ ਪ੍ਰੋਕਿਊਰਮੈਂਟ ਵਿਭਾਗ ਦਾ ਮੰਤਰੀ ਬਣਾਇਆ ਸੀ। ਉਸਨੇ ਕੈਨੇਡਾ ਵਿਚ ਕਰੋਨਾ ਦੇ ਮਰੀਜਾਂ ਲਈ ਵੈਕਸੀਨ ਖਰੀਦਣੀ ਅਤੇ ਸਪਲਾਈ ਕਰਨੀ ਸੀ। ਅਨੀਤਾ ਆਨੰਦ ਨੇ ਆਪਣੇ ਫਰਜ਼ਾਂ ਨੂੰ ਬਾਖ਼ੂਬੀ ਸੁਚੱਜੇ ਢੰਗ ਨਾਲ ਨਿਭਾਇਆ, ਜਿਸ ਕਰਕੇ 2021 ਵਿਚ ਅਨੀਤਾ ਆਨੰਦ ਨੂੰ ਹੋਰ ਵੀ ਮਹੱਤਵਪੂਰਨ ਨੈਸ਼ਨਲ ਡਿਫੈਂਸ ਵਿਭਾਗ ਦਿੱਤਾ ਗਿਆ ਸੀ। ਫਿਰ ਉਸਨੂੰ ਟਰੈਜਰੀ ਬੋਰਡ ਦੇ ਮੁਖੀ ਤੇ ਟਰਾਂਸਪੋਰਟ ਵਿਭਾਗ ਦੇ ਮੰਤਰੀ ਬਣਾਇਆ ਗਿਆ। 2019 ਦੀਆਂ ਸੰਸਦੀ ਚੋਣਾਂ ਸਮੇਂ ਅਨੀਤਾ ਆਨੰਦ ਯੂਨੀਵਰਸਿਟੀ ਆਫ ਟਰਾਂਟੋ ਵਿਚ ਕਾਨੂੰਨ ਦੀ ਪ੍ਰੋਫੈਸਰ ਸਨ। 41 ਸਾਲਾ ਮਨਿੰਦਰ ਸਿੰਘ ਸਿੱਧੂ ਦੂਜੀ ਵਾਰ ਬਰੈਂਪਟਨ ਈਸਟ ਤੋਂ ਸੰਸਦ ਮੈਂਬਰ ਚੁਣੇ ਗਏ ਹਨ। ਉਸਨੇ ਕੰਜ਼ਰਵੇਟਿਵ ਪਾਰਟੀ ਦੇ ਬੌਬ ਦੋਸਾਂਝ ਨੂੰ ਹਰਾਇਆ ਹੈ। ਉਹ ਪਹਿਲੀ ਵਾਰ 2019 ਵਿਚ ਚੋਣ ਜਿੱਤੇ ਸਨ, ਉਸ ਤੋਂ ਬਾਅਦ ਲਗਾਤਾਰ 2021 ਅਤੇ ਹੁਣ ਅਪ੍ਰੈਲ 2025 ਵਿਚ ਚੋਣ ਜਿੱਤੇ ਹਨ। ਇਸ ਤੋਂ ਇਲਾਵਾ ਉਹ ਨੈਚਰਲ ਰਿਸੋਰਸਿਜ਼, ਟਰਾਂਸਪੋਰਟ ਅਤੇ ਇਨਫਰਾਸਟਰਕਚਰ ਦੀ ਸਟੈਂਡਿੰਗ ਕਮੇਟੀਆਂ ਦੇ ਮੈਂਬਰ ਵੀ ਰਹੇ ਹਨ। 45 ਸਾਲਾ ਰੂਬੀ ਸਹੋਤਾ 2015 ਤੋਂ ਲਗਾਤਾਰ ਬਰੈਂਪਟਨ ਨਾਰਥ ਤੋਂ ਸੰਸਦ ਮੈਂਬਰ ਬਣਦੇ ਆ ਰਹੇ ਹਨ। ਇਸ ਸਮੇਂ ਦੌਰਾਨ ਉਹ ਵਿਮੈਨ ਅਤੇ ਪ੍ਰੋਸੀਜ਼ਰ ਐਂਡ ਹਾਊਸ ਅਫੇਅਰਜ਼ ਦੀਆਂ ਸਟੈਂਡਿੰਗ ਕਮੇਟੀਆਂ ਦੇ ਮੈਂਬਰ ਅਤੇ ਪਾਰਟੀ ਦੇ ਚੀਫ ਵਿਪ ਵੀ ਰਹੇ ਹਨ। ਇਸ ਤੋਂ ਇਲਾਵਾ ਉਹ ਇਨਟਰਮ ਗਵਰਨਮੈਂਟ ਹਾਊਸ ਲੀਡਰ ਵੀ ਰਹੇ ਹਨ।

50 ਸਾਲਾ ਜਲੰਧਰ ਜ਼ਿਲ੍ਹੇ ਦੇ ਪਿੰਡ ਸਰਾਏ ਖਾਸ ਦੇ ਰਣਦੀਪ ਸਿੰਘ ਸਰਾਏ ਸਰੀ ਸੈਂਟਰ ਤੋਂ ਕੰਜ਼ਰਵੇਟਿਵ ਪਾਰਟੀ ਦੇ ਗੁਰਬਖ਼ਸ਼ ਸੈਣੀ ਨੂੰ ਹਰਾਕੇ ਚੋਣ ਜਿੱਤੇ ਹਨ। ਰਣਦੀਪ ਸਿੰਘ ਸਰਾਏ 2015 ਤੋਂ ਸੰਸਦੀ ਚੋਣ ਜਿੱਤਦੇ ਆ ਰਹੇ ਹਨ। ਹੁਣ ਉਹ ਚੌਥੀ ਵਾਰ ਜਿੱਤੇ ਹਨ। ਉਹ ਰੀਅਲ ਅਸਟੇਟ ਦੇ ਕਾਰੋਬਾਰੀ ਹਨ। ਉਨ੍ਹਾਂ ਨੇ 1998 ਵਿਚ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਤੋਂ ਆਰਟਸ ਵਿਚ ਗ੍ਰੈਜੂਏਸ਼ਨ ਕੀਤੀ ਸੀ ਪ੍ਰੰਤੂ ਪੋਲੀਟੀਕਲ ਸਾਇੰਸ ਉਸ ਦਾ ਮਨਪਸੰਦ ਸਬਜੈਕਟ ਹੈ। ਇਸ ਤੋਂ ਬਾਅਦ 2001 ਵਿਚ ਕਾਨੂੰਨ ਦੀ ਡਿਗਰੀ ਲਾਅ ਸਕੂਲ ਕਿਊਨਜ਼ ਯੂਨੀਵਰਸਿਟੀ ਕਿੰਗਸਟਨ ਓਨਟਾਰੀਓ ਤੋਂ ਪਾਸ ਕੀਤੀ। ਉਹ ਸਿਟੀਜ਼ਨ ਇਮੀਗ੍ਰੇਸ਼ਨ ਕੈਨੇਡਾ-ਅਮਰੀਕਾ ਇੰਟਰ ਰਿਲੇਸ਼ਨਜ਼ ਐਸੋਸੀਏਸ਼ਨ ਦੇ ਮੈਂਬਰ ਅਤੇ ਲਿਬਰਲ ਪਾਰਟੀ ਦੀ ਪੈਸਫਿਕ ਕੈਕਸ ਦੀ ਚੇਅਰ ਵੀ ਕੀਤੀ। 28 ਅਪ੍ਰੈਲ 2025 ਨੂੰ ਕੈਨੇਡਾ ਦੀਆਂ ਹੋਈਆਂ ਸੰਘੀ ਚੋਣਾਂ ਵਿਚ 343 ਮੈਂਬਰੀ ਹਾਊਸ ਆਫ ਕਾਮਨਜ਼ ਵਿਚੋਂ ਲਿਬਰਲ ਪਾਰਟੀ ਨੂੰ 170 ਸੀਟਾਂ ’ਤੇ ਜਿੱਤ ਪ੍ਰਾਪਤ ਹੋਈ ਸੀ, ਪ੍ਰੰਤੂ ਪੂਰਨ ਬਹੁਮਤ ਤੋਂ ਦੋ ਸੀਟਾਂ ਘੱਟ ਹਨ। ਚਾਰ ਸੀਟਾਂ ’ਤੇ ਦੁਬਾਰਾ ਵੋਟਾਂ ਦੀ ਗਿਣਤੀ ਹੋ ਰਹੀ ਹੈ, ਜਿਥੇ ਜਿੱਤ ਹਾਰ 25 ਤੋਂ 50 ਵੋਟਾਂ ਤੱਕ ਦੇ ਅੰਤਰ ਨਾਲ ਹੋਈ ਹੈ, ਪ੍ਰੰਤੂ ਅਜੇ ਤੱਕ ਮਾਰਕ ਕਾਰਨੀ ਦੀ ਘੱਟ ਗਿਣਤੀ ਦੀ ਸਰਕਾਰ ਹੈ, ਉਨ੍ਹਾਂ ਸਰਕਾਰ ਚਲਾਉਣ ਲਈ ਕਿਸੇ ਹੋਰ ਪਾਰਟੀ ਦਾ ਸਹਾਰਾ ਲੈਣਾ ਪਵੇਗਾ।

ਪਿਛਲੀ ਵਾਰ 2021 ਵਿਚ ਹੋਈਆਂ ਫੈਡਰਲ ਚੋਣਾਂ ਵਿਚ 45 ਭਾਰਤੀ/ਪੰਜਾਬੀ/ਸਿੱਖ ਚੋਣ ਲੜੇ ਸਨ 18 ਪੰਜਾਬੀਆਂ/ਸਿੱਖਾਂ ਨੇ ਸੰਸਦੀ ਚੋਣਾਂ ਵਿਚ ਜਿੱਤ ਪ੍ਰਾਪਤ ਕੀਤੀ ਸੀ। ਇਸ ਵਾਰ ਭਾਰਤੀ ਮੂਲ ਦੇ 66 ਉਮੀਦਵਾਰ ਚੋਣ ਲੜੇ ਸਨ, ਜਿਨ੍ਹਾਂ ਵਿਚ ਕਰਮਵਾਰ ਲਿਬਰਲ ਪਾਰਟੀ ਦੇ 17, ਕੰਜ਼ਰਵੇਟਿਵ 28, ਨਿਊ ਡੈਮੋਕਰੈਟਿਕ ਪਾਰਟੀ 10, ਗਰੀਨ ਪਾਰਟੀ 8 ਅਤੇ ਦੋ ਆਜ਼ਾਦ ਸਨ। ਇਨ੍ਹਾਂ ਵਿਚ 16 ਦਸਤਾਰਧਾਰੀ ਉਮੀਦਵਾਰ ਸ਼ਾਮਲ ਹਨ। 16 ਦਸਤਾਰਧਾਰੀਆਂ ਵਿਚੋਂ 10 ਉਮੀਦਵਾਰ ਪਹਿਲੀ ਵਾਰ ਚੋਣ ਲੜੇ ਹਨ। 5 ਦਸਤਾਰਧਾਰੀ ਚੋਣ ਜਿੱਤ ਗਏ ਹਨ। ਭਾਰਤੀ ਮੂਲ ਦੇ 28 ਪੰਜਾਬੀਆਂ/ਸਿੱਖਾਂ ਨੇ ਚੋਣ ਲੜੀ ਸੀ, ਜਿਨ੍ਹਾਂ ਵਿਚੋਂ 22 ਚੋਣ ਜਿੱਤ ਗਏ ਹਨ, ਪਿਛਲੇ ਅੱਠ ਸਾਲਾਂ ’ਚ ਪੰਜਾਬੀ ਉਮੀਦਵਾਰਾਂ ਦੀ ਇਹ ਸਭ ਤੋਂ ਵੱਡੀ ਗਿਣਤੀ ਹੈ। ਜਿਹੜੇ ਪੰਜਾਬੀ/ਸਿੱਖ ਚੋਣ ਜਿੱਤੇ ਹਨ, ਉਨ੍ਹਾਂ ਵਿਚ ਲਿਬਰਲ 12 ਅਤੇ ਕੰਜ਼ਰਵੇਟਿਵ ਪਾਰਟੀ ਦੇ 10 ਉਮੀਦਵਾਰ ਸ਼ਾਮਲ ਹਨ। ਇਨ੍ਹਾਂ ਵਿਚ 6 ਇਸਤਰੀਆਂ ਸ਼ਾਮਲ ਹਨ। ਇਸ ਵਾਰ ਚਾਰ ਭਾਰਤੀ ਮੂਲ ਦੇ ਗੁਜਰਾਤੀਆਂ ਨੇ ਵੀ ਚੋਣ ਲੜੀ ਸੀ ਪ੍ਰੰਤੂ ਉਹ ਚੋਣ ਹਾਰ ਗਏ ਹਨ। ਪੰਜਾਬੀਆਂ ਦਾ ਹਮੇਸ਼ਾ ਹੀ ਕੈਨੇਡਾ ਦੀ ਸਿਆਸਤ ਵਿਚ ਦਬਦਬਾ ਰਿਹਾ ਹੈ।

# ਗੁਰੂਤਾ ਖਿੱਚ ਨਾਲੋਂ ਵਧੇਰੇ ਸ਼ਕਤੀਸ਼ਾਲੀ ਸੱਤਾ ਅਕਰਸ਼ਨ ਹੈ

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ
ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA



ਗੁਰੂਤਾ ਬਲ ਗੁਰੂਤਾ ਬਲ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੁੰਦਾ ਹੈ। ਨਿਊਟਨ ਨੂੰ ਇਸ ਆਕਰਸ਼ਣ ਦੀ ਖੋਜ ਕਰਨ ਦੀ ਕੋਈ ਲੋੜ ਨਹੀਂ ਸੀ। ਇਸ ਦੇ ਪ੍ਰਭਾਵ ਕਾਰਨ, ਲੋਕ ਸੱਤਾ ਤੱਕ ਪਹੁੰਚਣ ਅਤੇ ਇਸ ਨਾਲ ਜੁੜੇ ਰਹਿਣ ਲਈ ਕੁਝ ਵੀ ਕਰਦੇ ਹਨ। ਜਿਵੇਂ ਗੁਰੂਤਾ ਸ਼ਕਤੀ ਪੂਰੀ ਧਰਤੀ ’ਤੇ ਬਰਾਬਰ ਲਾਗੂ ਹੁੰਦੀ ਹੈ, ਉਸੇ ਤਰ੍ਹਾਂ ਆਕਰਸ਼ਣ ਸਿਰਫ਼ ਸਾਡੇ ਦੇਸ਼ ਵਿਚ ਹੀ ਨਹੀਂ, ਸਗੋਂ ਹਰ ਦੇਸ਼ ਵਿਚ ਮੌਜੂਦ ਹੈ। ਇਤਿਹਾਸ ਵਿਚ ਬਹੁਤ ਸਾਰੀਆਂ ਘਟਨਾਵਾਂ ਦਾ ਜ਼ਿਕਰ ਹੈ ਕਿ ਫਲਾਣੇ ਨੇ ਸੱਤਾ ਲਈ ਆਪਣੇ ਪਿਤਾ ਨੂੰ ਮਾਰਿਆ, ਫਿਰ ਫਲਾਣੇ ਨੇ ਸੌ ਭਰਾਵਾਂ ਨੂੰ ਮਾਰ ਕੇ ਸੱਤਾ ਵਿਚ ਆਇਆ। ਇਸ ਤੋਂ ਇਲਾਵਾ, ਵਿਸ਼ਵਾਸਘਾਤ ਅਤੇ ਵਫ਼ਾਦਾਰੀ ਦੀਆਂ ਬਹੁਤ ਸਾਰੀਆਂ ਕਹਾਣੀਆਂ ਹਨ, ਜੋ ਸ਼ਕਤੀ ਤੋਂ ਪ੍ਰੇਰਿਤ ਹਨ ਅਤੇ ਹੁਣ ਬੂਥ ਕੈਪਚਰਿੰਗ ਤੋਂ ਬਾਅਦ, ਈ.ਵੀ.ਐੱਮ. ਪ੍ਰਬੰਧਨ ਵਰਗੇ ਨਵੇਂ ਤਰੀਕੇ ਚਰਚਾ ਵਿਚ ਹਨ। ਜੇਕਰ ਅਮਰੀਕੀ ਰਾਸ਼ਟਰਪਤੀ ਦੁਬਾਰਾ ਸੱਤਾ ਵਿਚ ਆਉਂਦੇ ਹਨ, ਤਾਂ ਉਹ ਇੱਕ ਦੇਸ਼ ਨੂੰ ਆਪਣਾ ਸੂਬਾ ਬਣਾਉਣ ’ਤੇ ਤੁਲੇ ਹੋਏ ਹਨ ਅਤੇ ਦੂਜੇ ਦੇਸ਼ ’ਤੇ ਟੈਰਿਫ ਲਗਾਉਣ ਲਈ ਬੇਤਾਬ ਹਨ। ਜੇ ਉਹ ਇੱਕ ਦੇਸ਼ ਦੇ ਖਣਿਜਾਂ ’ਤੇ ਕਬਜ਼ਾ ਕਰਨਾ ਚਾਹੁੰਦੇ ਹਨ, ਤਾਂ ਉਹ ਦੂਜੇ ਦੇਸ਼ ’ਤੇ ਬੰਬ ਸੁੱਟਣ ਦੀ ਧਮਕੀ ਦੇ ਰਹੇ ਹਨ। ਸੱਤਾ ਪ੍ਰਤੀ ਖਿੱਚ ਤੋਂ ਪ੍ਰਭਾਵਿਤ ਹੋ ਕੇ, ਸਰ ਨੇ ਆਪਣੇ ਦੇਸ਼ ਦੇ ਸੰਵਿਧਾਨ ਨੂੰ ਬਦਲਣ ਦਾ ਇਰਾਦਾ ਪ੍ਰਗਟ ਕੀਤਾ ਹੈ। ਉੱਥੋਂ ਦੇ ਸੰਵਿਧਾਨ ਅਨੁਸਾਰ ਕੋਈ ਵੀ ਵਿਅਕਤੀ ਦੋ ਵਾਰ ਤੋਂ ਵੱਧ ਰਾਸ਼ਟਰਪਤੀ ਦਾ ਅਹੁਦਾ ਨਹੀਂ ਸੰਭਾਲ ਸਕਦਾ। ਪਰ ਟਰੰਪ ਆਪਣੇ ਆਪ ਨੂੰ ਤੀਜੀ ਵਾਰ ਅਤੇ ਜੇ ਸੰਭਵ ਹੋਵੇ, ਤਾਂ ਹਮੇਸ਼ਾ ਲਈ ਰਾਸ਼ਟਰਪਤੀ ਬਣਾਈ ਰੱਖਣ ਲਈ ਕੋਈ ਟਰੰਪ ਕਾਰਡ ਖੇਡਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਰੂਸ ਵਿਚ ਪਹਿਲਾਂ ਹੀ ਹੋ ਚੁੱਕਾ ਹੈ, ਇਹ ਚੀਨ ਵਿਚ ਹੋ ਰਿਹਾ ਹੈ। ਤੁਰਕੀ ਇਸ ਰਾਹ ’ਤੇ ਹੈ। ਸਾਡੇ ਦੇਸ਼ ਵਿਚ ਅਜਿਹੀ ਕੋਈ ਪਾਬੰਦੀ ਨਹੀਂ ਹੈ, ਪਰ ਗੈਰ-ਸਰਕਾਰੀ ਤੌਰ ’ਤੇ, ਇੱਕ ਪਾਰਟੀ ਆਪਣੇ ਆਗੂਆਂ ਨੂੰ ਗਾਈਡ ਗੈਲਰੀ ਵਿਚ ਬਿਠਾਉਣਾ ਪਸੰਦ ਕਰਦੀ ਹੈ, ਜੋ ਪੰਝੱਤਰ ਸਾਲ ਤੋਂ ਵੱਧ ਉਮਰ ਦੇ ਹਨ। ਜਿੰਨਾ ਸੌਖਾ ਕਿਸੇ ਹੋਰ ਨੂੰ ਮਾਰਗਦਰਸ਼ਨ ਗੈਲਰੀ ਵਿਚ ਰੱਖਣਾ ਹੈ, ਓਨਾ ਹੀ ਔਖਾ ਹੈ ਆਪਣੇ ਆਪ ਨੂੰ ਉਸ ਗੈਲਰੀ ਵਿਚ ਰੱਖਣਾ। ਅਜਿਹੀ ਸਥਿਤੀ ਵਿਚ, ਜੇਕਰ ਪਾਰਟੀ ਦਾ ਕੋਈ ਸ਼ਕਤੀਸ਼ਾਲੀ ਆਗੂ ਪੰਝੱਤਰ ਸਾਲ ਦਾ ਹੋ ਜਾਂਦਾ ਹੈ, ਤਾਂ ਇਸ ਨੀਤੀ ਵਿਚ ਸੋਧ ਕੀਤੀ ਜਾਵੇਗੀ ਜਾਂ ਨਹੀਂ, ਇਹ ਭਵਿੱਖ ਦੇ ਗਰਭ ਵਿਚ ਹੈ। ਖੈਰ, ਹੁਣ ਤੱਕ ਆਈਆਂ ਪ੍ਰਤੀਕਿਰਿਆਵਾਂ ਤੋਂ ਇਹ ਜਾਪਦਾ ਹੈ ਕਿ ਐਨੀਮਲ ਫਾਰਮ ਦੇ ਅਨੁਸਾਰ, ਸਾਰੇ ਬਰਾਬਰ ਹਨ ਪਰ ਕੁਝ ਦੂਜਿਆਂ ਨਾਲੋਂ ਵਧੇਰੇ ਬਰਾਬਰ ਹਨ। ਇਸ ਲਈ ਇਹ ਪੰਝੱਤਰ ਦਾ ਨਿਯਮ ਉਸ ਵਿਅਕਤੀ ’ਤੇ ਲਾਗੂ ਨਹੀਂ ਹੋਵੇਗਾ, ਜੋ ‘ਵਧੇਰੇ ਬਰਾਬਰ’ ਹੈ। ਪਾਕਿਸਤਾਨ ਵਿਚ, ਇਹ ਜਾਣਦੇ ਹੋਏ ਵੀ ਕਿ ਸੱਤਾ ਵਿਚ ਆਉਣ ਤੋਂ ਬਾਅਦ ਜਾਂ ਤਾਂ ਜੇਲ੍ਹ ਜਾਣਾ ਪਵੇਗਾ ਜਾਂ ਫਾਂਸੀ ’ਤੇ ਚੜ੍ਹਨਾ ਪਵੇਗਾ, ਲੋਕ ਸੱਤਾ ਦਾ ਮੋਹ ਨਹੀਂ ਛੱਡ ਸਕਦੇ। ਹਾਲਾਂਕਿ, ਪਾਕਿਸਤਾਨ ਦੇ ਜੇਲ੍ਹ ਵਿਚ ਬੰਦ ਸਾਬਕਾ ਰਾਸ਼ਟਰਪਤੀ ਨੂੰ ਨੋਬਲ ਸ਼ਾਂਤੀ ਪੁਰਸਕਾਰ ਨਾਲ ਹੈਰਾਨ ਕੀਤਾ ਜਾ ਰਿਹਾ ਹੈ। ਕੁਝ ਹੱਦ ਤੱਕ, ਇਹੀ ਗੱਲ ਬੰਗਲਾਦੇਸ਼ ਲਈ ਵੀ ਸੱਚ ਹੈ, ਜੋ ਪਾਕਿਸਤਾਨ ਦੇ ਮਾਣ ਨੂੰ ਤਬਾਹ ਕਰਕੇ ਬਣਿਆ ਸੀ। ਉੱਥੇ, ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਇੱਕ ਵਿਅਕਤੀ ਅਸ਼ਾਂਤੀ ਫੈਲਾ ਕੇ ਸੱਤਾ ਵਿਚ ਆਇਆ ਹੈ। ਸਵੈ-ਸਹਾਇਤਾ ਸਮੂਹ ਦੇ ਸੰਸਥਾਪਕ ਨੂੰ ਚੀਨ ਤੋਂ ਮਿਲੀ ਮਦਦ ’ਤੇ ਮਾਣ ਹੈ।

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA

# ਪੰਜਾਬ ਦੇ ਜ਼ਖ਼ਮਾਂ ਦਾ ਹਿਸਾਬ

**ਆਹ ਵੇਖੋ ਨਾ ਹੁਣੇ ਜਿਹੇ ਪੰਜਾਬ ਜੰਗ ਦੀ ਤਪਸ਼ ਹੰਢਾ ਬੈਠਾ। ਕੁਰੇਦੇ ਗਏ ਹਨ ਜ਼ਖ਼ਮ ਪੰਜਾਬ ਦੇ। ਪੰਜਾਬ ਨੂੰ ਸੰਨ '47 ਯਾਦ ਆਇਆ। ਪੰਜਾਬ ਨੂੰ ਸੰਨ '62, '65, '70 '99 ਯਾਦ ਆਇਆ ਤੇ ਵਿਚ-ਵਿਚਾਲੇ '84 ਨੇ ਉਹਨੂੰ ਬੇਆਰਾਮ ਕੀਤਾ। ਸਿਤਮ ਵੇਖੋ, ਜਿਹੜਾ ਵੀ ਉੱਠਦਾ ਪੰਜਾਬ ਨੂੰ ਦੱਬ ਲੈਂਦਾ, ਕੇਰੀ ਅੱਖ ਪੰਜਾਬ ਵੱਲ ਕਰ ਲੈਂਦਾ। ਚੰਗੇ ਭਲੇ ਜੀਓ ਰਹੇ ਸਾਂ, ਪੂਰਬੋਂ-ਪੱਛਮੋਂ ਆਉਂਦੀਆਂ ਹਵਾਵਾਂ ਸੀਨਾ ਠਾਰ ਰਹੀਆਂ ਹਨ ਕਿ ਠਾਹ-ਠੂਹ, ਗੋਲੇ, ਬੰਬ, ਮਿਜ਼ਾਇਲਾਂ ਪੰਜਾਬ 'ਤੇ ਡਿੱਗਣ ਲੱਗੇ। ਕੀ ਕਸੂਰ ਸੀ ਯਾਰੋ ਪੰਜਾਬ ਦੇ ਲੋਕਾਂ ਦਾ? ਕਈ ਰਾਤਾਂ ਜਾਗਦਿਆਂ ਕੱਟੀਆਂ।**




ਪੰਜਾਬ ਦੇ ਜ਼ਖ਼ਮਾਂ ਦਾ ਹਿਸਾਬ ਆਖ਼ਿਰ ਕੌਣ ਦੇਵੇਗਾ? ਪੰਜਾਬ ਇਸ ਵੇਲੇ ਉਬਾਲੇ ਖਾ ਰਿਹਾ ਹੈ। ਪੰਜਾਬ ਇਸ ਵੇਲੇ ਤਪਸ਼ ਨਾਲ ਭੁੱਜ ਰਿਹਾ ਹੈ। ਪੰਜਾਬ ਇਸ ਵੇਲੇ ਵੱਡੇ ਕਸ਼ਟ ਹੰਢਾ ਰਿਹਾ ਹੈ। ਪੰਜਾਬ ਦੇ ਇਨ੍ਹਾਂ ਕਸ਼ਟਾਂ ਨੇ ਪੰਜਾਬ ਅਧਮੋਇਆ ਕੀਤਾ ਹੋਇਆ ਹੈ। ਸਮੱਸਿਆਵਾਂ ਵੱਡੀਆਂ ਹਨ, ਜ਼ਖ਼ਮ ਵੱਡੇ ਹਨ, ਮਲ੍ਹਮ-ਪੱਟੀ ਲਾਉਣ ਵਾਲੇ ਗਾਇਬ ਹਨ। ਕਿਥੇ ਤੁਰ ਗਏ ਪੰਜਾਬ ਦੇ ਰਾਖੇ, ਛੈਲ-ਛਬੀਲੇ ਗੱਭਰੂ, ਮੁਟਿਆਰਾਂ, ਸਿਆਣੇ ਲੋਕ? ਪੰਜਾਬ ਸਿਰਫ਼ ਸਿਆਸਤਦਾਨਾਂ ਹੱਥ ਫੜਾਕੇ!

ਪੰਜਾਬ ਦਾ ਤਾਪਮਾਨ 42 ਡਿਗਰੀ ਸੈਲਸੀਅਸ ਤੋਂ 45 ਡਿਗਰੀ ਸੈਲਸੀਅਸ ਬਣਿਆ ਹੋਇਆ। ਤੱਪ ਰਿਹਾ ਹੈ ਪੰਜਾਬ, ਪੰਜਾਬ ਦੀ ਸਿਆਸਤ ਵਾਂਗਰ। ਰਤਾ ਕੁ ਕਿਸੇ ਪਾਸਿਓਂ ਖੰਗੂਰਾ ਪੈਂਦਾ, ਦੂਜੇ ਪਾਸਿਓਂ ਚੀਕਾਂ, ਬੜਕਾਂ ਪੈਣ ਲੱਗ ਪੈਂਦੀਆਂ ਹਨ। ਆਹ ਵੇਖੋ ਨਾ ਹੁਣੇ ਜਿਹੇ ਪੰਜਾਬ ਜੰਗ ਦੀ ਤਪਸ਼ ਹੰਢਾ ਬੈਠਾ। ਕੁਰੇਦੇ ਗਏ ਹਨ ਜ਼ਖ਼ਮ ਪੰਜਾਬ ਦੇ। ਪੰਜਾਬ ਨੂੰ ਸੰਨ '47 ਯਾਦ ਆਇਆ। ਪੰਜਾਬ ਨੂੰ ਸੰਨ '62, '65, '70 '99 ਯਾਦ ਆਇਆ ਤੇ ਵਿਚ-ਵਿਚਾਲੇ '84 ਨੇ ਉਹਨੂੰ ਬੇਆਰਾਮ ਕੀਤਾ। ਸਿਤਮ ਵੇਖੋ, ਜਿਹੜਾ ਵੀ ਉੱਠਦਾ ਪੰਜਾਬ ਨੂੰ ਦੱਬ ਲੈਂਦਾ, ਕੇਰੀ ਅੱਖ ਪੰਜਾਬ ਵੱਲ ਕਰ ਲੈਂਦਾ। ਚੰਗੇ ਭਲੇ ਜੀਓ ਰਹੇ ਸਾਂ, ਪੂਰਬੋਂ-ਪੱਛਮੋਂ ਆਉਂਦੀਆਂ ਹਵਾਵਾਂ ਸੀਨਾ ਠਾਰ ਰਹੀਆਂ ਹਨ ਕਿ ਠਾਹ-ਠੂਹ, ਗੋਲੇ, ਬੰਬ, ਮਿਜ਼ਾਇਲਾਂ ਪੰਜਾਬ 'ਤੇ ਡਿੱਗਣ ਲੱਗੇ। ਕੀ ਕਸੂਰ ਸੀ ਯਾਰੋ ਪੰਜਾਬ ਦੇ ਲੋਕਾਂ ਦਾ? ਕਈ ਰਾਤਾਂ ਜਾਗਦਿਆਂ ਕੱਟੀਆਂ। ਮਣਾਂ ਮੂੰਹੀ ਦਰਦ ਸੀਨੇ ਹੰਢਾਇਆ। ਪ੍ਰਮਾਣੂ ਦੇ ਡਰ ਨੇ ਸੀਨਾ ਤਾਰ-ਤਾਰ ਕੀਤਾ। ਆਖ਼ਰ ਜਿਹੜੇ ਹੁਣੇ-ਹੁਣੇ ਤਾਜ਼ੇ-ਤਾਜ਼ੇ ਜ਼ਖ਼ਮ ਉਸਦੇ ਪਿੰਡੇ 'ਤੇ ਸੀਨੇ 'ਤੇ ਆ ਪਏ ਹਨ, ਉਹਦੀ ਜ਼ੁੰਮੇਵਾਰੀ ਕੀਹਦੀ ਆ ਭਾਈ? "ਹਮ ਦੇਸ਼ ਕੇ ਰਖਵਾਲੇ ਹੈਂ, ਹਮ ਤਹਿਸ-ਨਹਿਸ ਕਰ ਦੇਂਗੇ" ਵਾਲਿਆਂ ਦੀ ਜਾਂ ਸਾਡੇ ਆਪਣਿਆਂ ਦੀ, ਜੋ ਮੂੰਹ 'ਚ ਘੁੰਗਣੀਆਂ ਪਾਕੇ ਬੈਠੇ ਰਹਿੰਦੇ ਹਨ, ਤਿਆਰ-ਬਰ-ਤਿਆਰ ਰਹਿੰਦੇ ਹਨ, ਲੋਕਾਂ ਨੂੰ ਝੂਠੇ ਦਲਾਸੇ ਦੇਣ ਲਈ। ਇੱਕ ਮਾਂ ਦਾ ਪੁੱਤ ਮਰ ਗਿਆ, ਸਰਹੱਦ 'ਤੇ ਰਾਖੀ ਕਰਦਿਆਂ, ਉਹਨੂੰ ਦੇ ਦਿਓ ਨਾ ਵਾਪਿਸ ਉਸਦਾ ਪੁੱਤ, ਚਾਰ ਛਿਲੜ ਦੇ ਕੇ ਆਖਦੇ ਹੋ, 'ਜੈ ਜਵਾਨ' ਅਤੇ ਤੁਸੀਂ ਕੀ ਦੇਣਾ ਹੈ, ਚਾਰ ਛਿਲੜ ਦੇ ਦਿਓਗੇ, ਮੂੰਹ ਪਲੋਸ ਦਿਓਗੇ। ਦਿੰਦੇ ਤਾਂ ਤੁਸੀਂ ਉਸਨੂੰ ਵੀ ਕੁਝ ਨਹੀਂ, ਜਿਹੜਾ ਪੂਰੇ ਦੇਸ਼ ਦਾ ਢਿੱਡ ਪਾਲਦਾ, ਆਪਣਾ ਢਿੱਡ ਖਾਲੀ ਰੱਖਦਾ, ਕਰਜ਼ਾਈ ਹੋਇਆ, ਛਤੀਰਾਂ ਨੂੰ ਜੱਫੇ ਜਾ ਪਾਉਂਦਾ। ਜੈ ਕਿਸਾਨ!! ਹੈ ਕਿ ਨਾ!!!

ਐਂਵੇ ਕਈ ਵਾਰ ਦੁਖੀ ਹੋ ਕੇ ਪੰਜਾਬ ਬਾਰੇ ਇਹੋ ਜਿਹੇ ਜਜ਼ਬਾਤੀ ਸ਼ਬਦ ਕਲਮ ਲਿਖ ਬਹਿੰਦੀ ਹੈ। ਖ਼ੂਨ ਦੇ ਅੱਥਰੂ ਵਹਾ ਦੇਂਦੀ ਹੈ। ਚਲੋ ਪੰਜਾਬ ਦੇ ਜ਼ਖ਼ਮਾਂ ਦੀ ਕਹਾਣੀ ਲਿਖੀਏ, ਸੁਣੀਏ, ਬੋਲੀਏ। ਦੂਰ ਨਹੀਂ ਜਾਣਾ ਆਪਾਂ! ਬੱਸ ਪੰਜਾਬ ਦੇ ਪਹਿਲੇ ਵੱਡੇ ਜ਼ਖ਼ਮ 1947 ਦੀ ਗੱਲ ਕਰ ਲੈਂਦੇ ਹਾਂ :-

ਭਾਰਤ ਦੀ ਵੰਡ 'ਚ 10 ਲੱਖ ਲੋਕ ਦੰਗਿਆਂ 'ਚ ਮਰੇ, ਕਰੋੜਾਂ ਲੋਕ ਪ੍ਰਭਾਵਤ ਹੋਏ। ਲਗਭਗ 1.46 ਕਰੋੜ ਲੋਕ ਸ਼ਰਨਾਰਥੀ ਬਣੇ। ਔਰਤਾਂ ਦੀ ਇੱਜ਼ਤ ਰੁਲੀ। ਬੱਚਿਆਂ ਦਾ ਬਚਪਨ ਗੁਆਚ ਗਿਆ। ਵੱਢ-ਟੁੱਕ 'ਚ ਲੋਕਾਂ ਦੇ ਇਹੋ ਜਿਹੇ ਅੰਦਰੂਨੀ ਫੱਟ ਲੱਗੇ ਕਿ ਜੀਵਨ ਭਰ ਉਹ ਇਨ੍ਹਾਂ ਫੱਟਾਂ-ਸੱਟਾਂ, ਜ਼ਖ਼ਮਾਂ ਨੂੰ ਭੁੱਲ ਨਹੀਂ ਸਕੇ। ਸਰਹੱਦੀ ਸੂਬਾ ਹੈ ਪੰਜਾਬ। ਇਸਨੂੰ ਗੁਆਂਢੀਆਂ ਨਾਲ ਲੜਾਈ ਦਾ ਵੱਡਾ ਮੁੱਲ ਤਾਰਨਾ ਪਿਆ। ਸੰਨ 1962, 1970, 1999 ਅਤੇ ਫਿਰ 2025 ਦੀ ਜੰਗ ਨੇ ਪੰਜਾਬ 'ਚ ਵੱਡੀ ਤਬਾਹੀ ਮਚਾਈ! ਵੱਡੇ ਜ਼ਖ਼ਮ ਦਿੱਤੇ। ਇਨ੍ਹਾਂ ਸਾਲਾਂ 'ਚ ਪੰਜਾਬ ਨੂੰ 1984 ਦਾ ਦਰਦ ਝੱਲਣਾ ਪਿਆ। ਪੰਜਾਬ ਹਲੂਣਿਆ ਗਿਆ। ਹਰ ਪੰਜਾਬੀ ਦੀ ਰੂਹ ਜ਼ਖ਼ਮੀ ਹੋਈ। ਇਹ ਜ਼ਖ਼ਮ ਵਰ੍ਹਿਆਂ ਤੱਕ ਰਿਸਦੇ ਰਹੇ। ਇਨ੍ਹਾਂ ਜ਼ਖ਼ਮਾਂ ਨੂੰ ਭਰਨ, ਫੈਹੇ ਲਾਉਣ ਲਈ ਕਦੇ ਵੀ ਉਹ ਯਤਨ ਨਹੀਂ ਹੋਏ, ਜਿਹੜੇ ਹੋਣੇ ਜ਼ਰੂਰੀ ਸਨ। ਬੱਸ ਇਨ੍ਹਾਂ 'ਤੇ ਵੀ ਸਿਆਸਤ ਹੋਈ। ਹੁਣ ਤੱਕ 'ਅਦਾਲਤਾਂ' 'ਚ ਕੇਸ ਦਰਜ ਹਨ। ਦੋਸ਼ੀ ਬਾਹਰ ਹਨ। ਕਿੱਢਾ ਦਰਦਨਾਕ ਵਰਤਾਰਾ ਹੈ।

ਇਹ ਵਾਰਤਾ ਤਾਂ ਉਹ ਹੈ, ਜਿਹੜਾ ਪੰਜਾਬੀਆਂ ਅੱਖੀਂ ਸਬਰ ਕਰਕੇ ਵੇਖੀ, ਸੁਣੀ, ਹੰਢਾਈ। ਪਰ ਕੁਝ ਵਾਰਤਾਵਾਂ ਉਹ ਹਨ, ਜਿਹੜੀਆਂ "ਅਣਹੋਈਆਂ" ਦਿੱਸਦੀਆਂ ਹਨ। ਜਿਹੜੀ ਪੰਜਾਬੀਆਂ ਦਾ ਸਬਰ ਸੰਤੋਖ ਪਰਖਣ ਲਈ ਉਸਦੇ ਮੱਥੇ ਮੜ੍ਹ ਦਿੱਤੀਆਂ ਗਈਆਂ। ਪੰਜਾਬੀ ਸੂਬਾ ਪੰਜਾਬ ਨੂੰ 'ਬਖ਼ਸ਼ ' ਦਿੱਤਾ ਗਿਆ, ਰਾਜਧਾਨੀ ਤੋਂ ਬਿਨ੍ਹਾਂ, ਪੰਜਾਬੀ ਬੋਲਦੇ ਇਲਾਕੇ ਜਾਣ-ਬੁੱਝ ਕੇ ਹੋਰ ਸੂਬਿਆਂ 'ਚ ਰਹਿਣ ਦਿੱਤੇ ਗਏ। ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਿਆ ਗਿਆ। ਬਿਨ੍ਹਾਂ ਹਿੱਸੇ ਤੋਂ ਰਾਜਸਥਾਨ ਨੂੰ ਪਾਣੀ ਦੇ ਦਿੱਤਾ ਗਿਆ। ਅੱਜ ਜਦੋਂ ਪੰਜਾਬ ਪਾਣੀ ਦੀ ਆਪਣੀ ਲੋੜ ਪੂਰੀ ਕਰਨੋਂ ਵੀ ਅਸਮਰਥ ਹੈ, ਉਹਦਾ ਪਾਣੀ ਹਰਿਆਣਾ, ਦਿੱਲੀ ਨੂੰ ਦੇਣ ਲਈ ਕੇਂਦਰ ਪੱਬਾਂ ਭਾਰ ਹੈ। ਬਾਵਜੂਦ ਇਸਦੇ ਕਿ ਪੰਜਾਬ ਵਿਧਾਨ ਸਭਾ 'ਚ ਸਾਰੀਆਂ ਪਾਰਟੀਆਂ ਅਤੇ ਮਤੇ ਪਾਸ ਕਰ ਚੁੱਕੀਆਂ ਹਨ। ਪਰ ਉਸਦੀ ਸੁਣਦਾ ਕੋਈ ਨਹੀਂ। ਅਦਾਲਤਾਂ 'ਚ ਪੰਜਾਬ ਧੱਕੇ ਖਾ ਰਿਹਾ ਹੈ, ਆਪਣਾ ਹੱਕ ਪ੍ਰਾਪਤ ਕਰਨ ਲਈ। ਇਸ ਕਿਸਮ ਦੀ ਬੇਇਨਸਾਫੀ-ਦਰ-ਬੇਇਨਸਾਫ਼ੀ ਪੰਜਾਬ ਵਰ੍ਹਿਆਂ ਤੋਂ ਭੁਗਤ ਰਿਹਾ ਹੈ। ਰਾਜ ਭਾਵੇਂ ਉਪਰ ਕਾਂਗਰਸ ਦਾ ਰਿਹਾ ਜਾਂ ਫਿਰ ਹੁਣ ਵਾਲੀ ਭਾਜਪਾ ਦਾ, ਇਨ੍ਹਾਂ ਲਈ ਤਾਂ ਪੰਜਾਬ ਦੁਪਰਿਆਰਾ ਰਿਹਾ! ਜੇਕਰ ਇੰਜ ਨਾ ਹੁੰਦਾ ਤਾਂ ਕਿਸਾਨ ਜਿਨ੍ਹਾਂ ਆਪਣੇ ਜ਼ਮੀਨ 'ਤੋਂ ਸਿਰਿਆਂ ਤੱਕ ਪਾਣੀ ਕੱਢਦੇ ਪੂਰੇ ਦੇਸ਼ ਦਾ ਢਿੱਡ ਭਰਿਆ ਤੇ ਭਰ ਰਿਹਾ ਹੈ, ਉਹਨੂੰ ਸਾਲ ਭਰ ਤੋਂ ਵੱਧ ਸਮਾਂ ਆਪਣੀ ਜ਼ਮੀਨ ਬਚਾਉਣ ਲਈ ਵੱਡਾ ਸੰਘਰਸ਼ ਕਿਉਂ ਕਰਨਾ ਪੈਂਦਾ? ਹਰੇ ਇਨਕਲਾਬ ਨੇ ਪੰਜਾਬ 'ਚ ਹਰਿਆਲੀ ਲਿਆਂਦੀ, ਪਰ ਇਹ ਹਰਿਆਲੀ ਦੇਸ਼ ਦੀ ਹਰਿਆਲੀ ਤਾਂ ਬਣੀ ਪਰ ਪੰਜਾਬ ਦੀ ਧਰਤੀ ਅਧਮੋਈ ਕਰ ਗਈ, ਸਰੀਰ ਨੂੰ ਲੱਗੇ ਨਸ਼ਿਆਂ ਵਾਂਗਰ ਧਰਤੀ ਖਾਦਾਂ, ਦਵਾਈਆਂ 'ਤੇ ਲੱਗ ਗਈ ਅਤੇ ਅੱਜ ਪਾਣੀ ਦੀ ਥੁੜੋਂ ਕਾਰਨ ਮਾਰੂਥਲ ਹੋਣ ਵੱਲ ਵੱਧ ਰਹੀ ਹੈ। ਇੱਕ ਰਿਪੋਰਟ ਕਹਿੰਦੀ ਹੈ ਕਿ ਪੰਜਾਬ ਦੇ 136 ਬਲਾਕਾਂ ਵਿਚੋਂ 125 ਬਲਾਕਾਂ ਵਿਚ ਧਰਤੀ ਹੇਠਲਾ ਪਾਣੀ ਹਰ ਸਾਲ ਪਹੁੰਚ ਤੋਂ ਬਾਹਰ ਹੋ ਰਿਹਾ ਹੈ। ਇਹ ਵੱਡਾ ਜ਼ਖ਼ਮ ਆਖ਼ਿਰ ਪੰਜਾਬ ਸਹਿਣ ਕਿਵੇਂ ਕਰੇਗਾ? ਜਿਹੜਾ ਪਹਿਲਾਂ ਹੀ ਕਿਸਾਨਾਂ ਨੂੰ ਖੁਦਕੁਸ਼ੀਆਂ, ਕਰਜ਼ੇ ਵੱਲ ਅੱਗੇ ਵਧਾ ਰਿਹਾ ਹੈ ਅਤੇ ਖੇਤੀ ਛੱਡਣ ਲਈ ਮਜਬੂਰ ਕਰ ਰਿਹਾ ਹੈ।

ਪੰਜਾਬ ਦੀ ਉਪਜਾਊ ਧਰਤੀ ਦਾ ਸੀਨਾ ਪਾੜਕੇ ਜਿਵੇਂ ਪੰਜਾਬ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਵੱਡੀਆਂ ਸੜਕਾਂ ਦਾ ਜਾਲ ਕਾਰਪੋਰੇਟਾਂ ਨੂੰ ਖੁਸ਼ ਕਰਨ ਲਈ ਵਿਛਾਇਆ ਜਾ ਰਿਹਾ ਹੈ, ਉਸ ਨਾਲ ਕਾਰਪੋਰੇਟ ਤਾਂ ਬੁਲ੍ਹੇ ਲੁੱਟਣਗੇ, ਮਾਲ ਇਧਰ-ਉਧਰ ਲੈ ਜਾਣ ਕਰਨ ਲਈ, ਪਰ ਪੰਜਾਬੀਆਂ ਪੱਲੇ ਕੀ ਪਏਗਾ? ਉਜਾੜਾ? ਇੱਕ ਹੋਰ ਜ਼ਖ਼ਮ, ਉਸ ਧਰਤੀ ਨੂੰ ਖੋਹਣ ਦਾ ਜਿਸ ਨਾਲ ਉਸਨੂੰ ਅੰਤਾਂ ਦਾ ਪਿਆਰ ਹੈ, ਜਿਸਦੇ ਇੱਕ ਬੰਨ੍ਹੇ ਨੂੰ ਖੋਹਣ ਲਈ ਲੜਨ ਖ਼ਾਤਰ ਉਹ ਮਰਨ-ਮਾਰਨ 'ਤੇ ਹੋ ਤੁਰਦਾ ਹੈ। ਬਣਦੀਆਂ ਸੜਕਾਂ ਦੇ ਇਸ ਜਾਲ ਨਾਲ ਪੰਜਾਬ ਇੱਕ ਰਿਪੋਰਟ ਅਨੁਸਾਰ ਲਗਭਗ ਇੱਕ ਤਿਹਾਈ ਉਪਜਾਊ ਧਰਤੀ ਗੁਆ ਬੈਠੇਗਾ। ਕਿਸਾਨ, ਖੇਤ ਮਜ਼ਦੂਰ ਜਿਨ੍ਹਾਂ ਲਗਾਤਾਰ ਉਜਾੜਾ ਵੇਖਿਆ, ਇਹ ਹੋਰ ਉਜਾੜਾ ਵੇਖ ਰਹੇ ਹਨ।

ਪੰਜਾਬ ਨੂੰ ਉਜਾੜਾ ਤਾਂ ਉਦੋਂ ਵੀ ਵੇਖਣਾ ਪੈ ਰਿਹਾ ਹੈ, ਜਦੋਂ ਪੰਜਾਬ 'ਚੋਂ ਬਰੇਨ ਡਰੇਨ ਅਤੇ ਮਨੀ (ਦਿਮਾਗ ਅਤੇ ਦੌਲਤ) ਡਰੇਨ (ਬਾਹਰ) ਹੋ ਰਹੀ ਹੈ। ਲੱਖਾਂ ਪੰਜਾਬੀ ਮੁੰਡੇ ਕਾਨੂੰਨ ਵਿਵਸਥਾ ਅਤੇ ਬੇਰੁਜ਼ਗਾਰੀ ਦੀ ਮਾਰ ਝਲਦਿਆਂ ਪੰਜਾਬੋਂ ਤੁਰ ਗਏ ਹਨ ਜਾਂ ਤੁਰੇ ਜਾ ਰਹੇ ਹਨ। ਹੈ ਕੋਈ ਉਨ੍ਹਾਂ ਦੇ ਦਰਦ ਦਾ ਪਾਰਖੂ? ਹੈ ਕੋਈ ਉਨ੍ਹਾਂ ਨੂੰ ਰੋਕਣ ਦੇ ਯਤਨ ਕਰਨ ਵਾਲਾ? ਸਿਆਸਤ ਹੋ ਰਹੀ ਹੈ। ਬੱਸ ਉਨ੍ਹਾਂ ਨੂੰ ਪੁਚਕਾਰਿਆ ਜਾ ਰਿਹਾ ਹੈ। ਪੰਜਾਬ ਤਪਸ਼ ਹੇਠ ਹੈ। ਨਸ਼ਿਆਂ ਦੇ ਦਰਿਆ ਨੇ ਜਵਾਨੀ ਖਾ ਲਈ, ਕੀ ਇਹ ਕੋਈ ਸਾਜ਼ਿਸ਼ ਨਹੀਂ? ਪੰਜਾਬੀ ਸੂਰਬੀਰਾਂ, ਯੋਧਿਆਂ, ਸੋਚਵਾਨਾਂ ਦੀ ਧਰਤੀ ਖਾਲੀ ਕਰਨ ਦੀ ਸਾਜ਼ਿਸ਼? ਕਿੰਨੇ ਕੁ ਜ਼ਖ਼ਮ ਸਹਿ ਸਕੇਗਾ ਪੰਜਾਬ? ਨਿੱਤ-ਦਿਹਾੜੇ ਮੁਹਿੰਮਾਂ ਹਨ। ਪੰਜਾਬ ਦੀ ਧਰਤੀ ਕੁਰਲਾ ਰਹੀ ਹੈ, ਪੰਜਾਬ ਦੀ ਧਰਤੀ ਹੁਣ ਗਾ ਨਹੀਂ ਰਹੀ। ਉਹ ਰੰਗ ਜਿਹੜੇ ਪੰਜਾਬ ਦੇ ਨਿਵੇਕਲੇ ਹਨ। ਉਹ ਰੰਗ ਜਿਨ੍ਹਾਂ ਕਾਰਨ ਪੰਜਾਬ ਨਵੀਆਂ ਪੈੜਾ ਪਾਉਂਦਾ ਰਿਹਾ ਹੈ। ਉਹ ਪੰਜਾਬ ਜਿਹੜਾ "ਜੀਊਂਦਾ ਗੁਰਾਂ ਦੇ ਨਾਂ 'ਤੇ" ਉਹ ਕਿਧਰ ਤੋਰਿਆ ਜਾ ਰਿਹਾ ਹੈ। ਉਨ੍ਹਾਂ ਅਣਦਿੱਸਦੇ ਰਾਹਾਂ 'ਤੇ, ਜਿਥੋਂ ਮੋੜਾ ਕੋਈ ਨਹੀਂ। ਜਿਥੇ ਉਜਾੜਾ ਹੈ। ਜਿਥੇ ਰੌਣਕਾਂ ਨਹੀਂ, ਸਿਆਪਾ ਹੈ। ਪੰਜਾਬ ਦਾ ਕਿਹੜਾ ਪਿੰਡ ਰਹਿ ਗਿਆ, ਜਿਸਦੇ ਵਿਚ ਵੱਡੀ ਗਿਣਤੀ ਘਰਾਂ ਦੇ ਦਰਵਾਜ਼ੇ ਵੱਡੇ "ਤਾਲਿਆਂ" ਨਾਲ ਬੰਦ ਨਹੀਂ, ਜਿਥੇ ਖੂਹਾਂ 'ਤੇ ਰੌਣਕਾਂ ਸਨ, ਸੱਥਾਂ ਬਜ਼ੁਰਗਾਂ ਨਾਲ ਭਰੀਆਂ ਸਨ, ਜਿਥੇ ਫ਼ੈਸਲੇ ਪਰਿਆਂ 'ਚ ਹੁੰਦੇ ਸਨ, ਜਿਥੇ ਲੋਕ ਜੁੜਦੇ ਸਨ, ਦੁੱਖ-ਸੁੱਖ ਕਰਦੇ ਸਨ। ਹੁਣ ਤਾਂ ਪੰਜਾਬ ਦੀ ਨੀਂਹ, ਪੰਜਾਬ ਦਾ ਪਿੰਡ ਹੀ ਮਨਫ਼ੀ ਕਰ ਦਿੱਤਾ ਗਿਆ ਹੈ।

ਪੰਜਾਬ ਦੇ ਜ਼ਖ਼ਮਾਂ ਦੀ ਬਾਤ ਪ੍ਰਦੇਸ਼ ਵਸਦੇ ਪੁੱਤਰ, ਧੀਆਂ ਦਾ ਮਾਂ-ਬਾਪ ਖੁਸ਼ੀਆਂ ਦੇ ਉਜੜੇ ਘਰ ਤੋਂ ਪਾਉਂਦਾ ਹੈ। ਪੱਗ ਦੇ ਲੜ ਨਾਲ ਅੱਖਾਂ ਪੂੰਝ ਪਿਓ ਡੁਸਕਦਾ ਹੈ, ਮਾਂ ਰੋ-ਰੋ ਅੱਖਾਂ ਚੁੰਨੀਆਂ ਕਰਦੀ ਹੈ। ਪ੍ਰਦੇਸ਼ ਗਏ ਪੁੱਤ, ਧੀ ਦਾ ਦਰਦ ਵੀ ਪੰਜਾਬ ਲਈ ਵੱਡਾ ਹੈ, ਤੇ ਸਰਹੱਦ ਗਏ ਪੁੱਤਾਂ ਦਾ ਵੀ। ਪੰਜਾਬ ਲਈ '47 ਦੇ ਉਜਾੜੇ ਦਾ ਦਰਦ ਵੀ ਓਡਾ ਹੀ ਹੈ, ਜਿੱਡਾ '84 ਦਾ, '65, '70, '99, '25 ਦੀ ਜੰਗ ਦਾ। ਜਦੋਂ ਉਸਦੇ ਜਾਇਆਂ ਦਾ ਦਰਦ ਉਛਲਦਾ ਹੈ। ਉਹਦਾ ਖ਼ੂਨ ਖੌਲਦਾ ਹੈ। ਉਬਾਲੇ ਮਾਰਦਾ ਹੈ। ਪਰ ਉਹਦੀਆਂ ਰਗਾਂ 'ਚ ਭਰਿਆ ਜਾ ਰਿਹਾ ਜ਼ਹਿਰ, ਉਹਦੇ ਖੋਹੇ ਜਾ ਰਹੇ ਹੱਕ, ਕਲੇਜਾ ਧੂ ਲੈਂਦੇ ਹਨ, ਉਹ ਜੀਊਂਦਾ ਵੀ ਮਰਿਆ-ਮਰਿਆ ਮਹਿਸੂਸਦਾ ਹੈ।

ਹੈ ਕੋਈ ਦਵਾਈ ਦੀ ਖ਼ੁਰਾਕ, ਜੋ ਉਸਦੇ ਪਿੰਡੇ ਦੇ ਦਰਦ ਨੂੰ ਹਟਾ, ਘਟਾ ਸਕੇ, ਉਹਦੀਆਂ ਚੀਸਾਂ ਦਾ ਨਿਵਾਰਨ ਕਰ ਸਕੇ। "ਮਿੱਠੀਆਂ ਗੋਲੀਆਂ" ਦੇਣ ਵਾਲੇ ਸਿਆਸਤਦਾਨ ਆਖ਼ਰ ਉਹਦੇ ਜ਼ਖ਼ਮਾਂ ਦੀ ਸਾਰ ਕਿਉਂ ਨਹੀਂ ਲੈਂਦੇ? ਰਿਸਦੇ ਜ਼ਖ਼ਮਾਂ 'ਤੇ "ਫੂਕਾਂ" ਕਿਉਂ ਨਹੀਂ ਮਾਰਦੇ? ਕਿਉਂ ਕਦੇ ਚੁੱਪ ਕਰਕੇ ਅਤੇ ਕਦੇ ਵੱਡੀਆਂ ਟਾਹਰਾਂ ਮਾਰਕੇ ਆਪਣੀ ਕੁਰਸੀ ਦੀਆਂ ਚਾਰੇ ਟੰਗਾਂ ਬਚਾਉਣ ਦੇ ਆਹਰ 'ਚ ਲੱਗੇ ਹੋਏ ਹਨ।

ਐ ਪੰਜਾਬ। ਉੱਠ! ਸਮਝ! ਹੰਭਲਾ ਮਾਰ! ਜ਼ਖ਼ਮ ਤੇਰੇ ਲਈ ਨਵੇਂ ਨਹੀਂ! ਤੂੰ ਸਭ ਕੁਝ ਸਹਿੰਦਾ, ਲੜਦਾ, ਮੁੜ ਨਵਾਂ ਨਰੋਆ ਰੰਗਲਾ ਪੰਜਾਬ ਬਣਦਾ ਰਿਹਾ ਹੈਂ।

ਐ ਪੰਜਾਬ! ਕਰਾਂ ਕੀ ਸਿਫ਼ਤ ਤੇਰੀ, ਤੇਰੇ ਜਿਹਾ ਕੋਈ ਹੋਰ ਨਾ! ਵੱਢਿਆ-ਟੁੱਕਿਆ ਤੂੰ ਮੁੜ ਸੁਰਜੀਤ ਹੁੰਦਾ ਰਿਹੈਂ! ਹੁਣ ਵੀ ਹੋਵੇਂਗਾ।

"ਤੂੰ ਉੱਠ ਜਗਾ ਦੇ ਮੋਮਬੱਤੀਆਂ,
ਇਹ ਤਾਂ ਏਥੇ ਵਗਦੀਆਂ ਹੀ ਰਹਿਣੀਆਂ ਹਵਾਵਾਂ,
ਕੁਪੱਤੀਆਂ
ਉੱਠ ਜਗਾ ਦੇ ਮੋਮਬੱਤੀਆਂ।" –
(ਸੁਰਜੀਤ ਪਾਤਰ)

# ਪੰਜਾਬੀਆਂ ਵਲੋਂ ਕੈਨੇਡਾ ਵਿਚ ਸਥਾਪਤੀ ਲਈ ਜੱਦੋ ਜਹਿਦ ਦਾ ਸਿਰਨਾਵਾਂ 'ਗੁਰੂ ਨਾਨਕ ਜਹਾਜ਼'

## 23 ਮਈ ਲਈ ਵਿਸ਼ੇਸ਼



ਗੁਰਪ੍ਰੀਤ ਸਿੰਘ ਤਲਵੰਡੀ
ਸਰੀ (ਕੈਨੇਡਾ)
ਫੋਨ : 001-778-980-9196
ਪੰਜਾਬ ਮੇਲ USA


ਭਾਰਤ ਉੱਪਰ ਬਰਤਾਨੀਆ ਸਾਮਰਾਜ ਦੌਰਾਨ ਬਰਤਾਨਵੀਆਂ ਦੁਆਰਾ ਭਾਰਤੀਆਂ ਉੱਪਰ ਕੀਤੇ ਜਾ ਰਹੇ ਜ਼ਾਲਮਾਂ ਦੀ ਦਾਸਤਾਨ ਲੰਬੀ ਹੈ। ਮੌਜੂਦਾ ਸਮੇਂ ਦੌਰਾਨ ਭਾਰਤੀ ਲੋਕਾਂ ਖਾਸਕਰ ਪੰਜਾਬੀਆਂ ਵਲੋਂ ਆਪਣੇ ਉੱਜਲੇ ਭਵਿੱਖ ਲਈ ਵਿਦੇਸ਼ ਜਾਣ ਲਈ ਯਤਨ ਕੀਤੇ ਜਾ ਰਹੇ ਹਨ। 20ਵੀਂ ਸਦੀ ਦੇ ਸ਼ੁਰੂ ਵਿਚ ਵੀ ਪੰਜਾਬੀਆਂ ਵਲੋਂ ਕੈਨੇਡਾ ਵਰਗੇ ਮੁਲਕਾਂ ਵਿਚ ਜਾ ਵਸਣ ਨੂੰ ਤਕੜੀ ਤਰਜੀਹ ਦਿੱਤੀ ਜਾ ਰਹੀ ਸੀ। ਕੈਨੇਡਾ ਵੀ ਉਸ ਵਕਤ ਬਰਤਾਨੀਆ ਸਾਮਰਾਜ ਦੇ ਅਧਿਕਾਰ ਹੇਠ ਸੀ, ਲੇਕਿਨ ਕੈਨੇਡਾ ਨੂੰ ਆਪਣੇ ਅੰਦਰੂਨੀ ਫੈਸਲੇ ਲੈਣ ਦੀ ਖੁੱਲ੍ਹ ਸੀ। ਕੈਨੇਡਾ ਵਿਚ ਪੰਜਾਬੀਆਂ ਦੇ ਦਾਖਲੇ ਨੂੰ ਰੋਕਣ ਲਈ ਕੈਨੇਡਾ ਦੀ ਸਰਕਾਰ ਵਲੋਂ ਦੋ ਅਹਿਮ ਕਾਨੂੰਨ ਬਣਾਏ ਗਏ। ਇਨਾਂ ਕਾਨੂੰਨਾਂ ਅਨੁਸਾਰ ਭਾਰਤ ਤੋਂ ਕੈਨੇਡਾ ਸਿੱਧਾ ਜਾਣ ਵਾਲੇ ਯਾਤਰੀਆਂ ਨੂੰ ਛੱਡ ਕੇ ਹੋਰਨਾਂ ਦੇਸ਼ਾਂ ਵਿਚਦੀ ਜਾਣ ਵਾਲੇ ਯਾਤਰੀਆਂ ਨੂੰ ਕੈਨੇਡੀਅਨ ਇੰਮੀਗ੍ਰੇਸ਼ਨ ਅਧਿਕਾਰੀ ਰੋਕ ਸਕਦੇ ਸਨ। ਦੂਸਰਾ ਜੇਕਰ ਕਿਸੇ ਯਾਤਰੀ ਕੋਲ 200 ਡਾਲਰ ਤੋਂ ਘੱਟ ਰਾਸ਼ੀ ਹੋਈ, ਤਾਂ ਵੀ ਕੈਨੇਡੀਅਨ ਅਧਿਕਾਰੀ ਯਾਤਰੀ ਨੂੰ ਕੈਨੇਡਾ ਵਿਚ ਦਾਖਲੇ ਤੋਂ ਜਵਾਬ ਦੇ ਸਕਣਗੇ। ਅੰਗਰੇਜ਼ ਇਤਿਹਾਸਕਾਰ ਹਿਊਗ ਜੌਹਨਸਟਨ ਲਿਖਦਾ ਹੈ ਕਿ ਗੋਰੇ ਕੈਨੇਡੀਅਨਾਂ ਵਲੋਂ ਹੋਰਨਾਂ ਭਾਈਚਾਰਿਆਂ ਨੂੰ ਜਾਣਬੁੱਝ ਕੇ ਤੰਗ ਪ੍ਰੇਸ਼ਾਨ ਕਰਕੇ ਇਹ ਅਹਿਸਾਸ ਕਰਵਾਇਆ ਜਾਂਦਾ ਸੀ ਕਿ ਕੈਨੇਡਾ ਇੱਕ 'ਗੋਰਿਆਂ ਦਾ ਦੇਸ਼' ਹੈ। 20ਵੀਂ ਸਦੀ ਦੇ ਸ਼ੁਰੂ ਵਿਚ ਭਾਰਤੀ ਲੋਕ ਜਿਨ੍ਹਾਂ ਵਿਚ ਵਧੇਰੇ ਵਸੋਂ ਪੰਜਾਬੀਆਂ ਦੀ ਸੀ, ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਵਸਣੇ ਸ਼ੁਰੂ ਹੋ ਗਏ। ਕੈਨੇਡਾ ਅਤੇ ਅਮਰੀਕਾ ਹਮੇਸ਼ਾ ਚੀਨ ਅਤੇ ਜਪਾਨੀਆਂ ਦਾ ਆਪਣੇ ਦੇਸ਼ਾਂ ਵਿਚ ਵਸਣ ਦਾ ਵਿਰੋਧ ਕਰਦੇ ਰਹੇ। ਅਖੀਰ 1908 ਵਿਚ ਕੈਨੇਡਾ ਨੇ ਭਾਰਤ ਤੋਂ ਵੀ ਇਮੀਗ੍ਰੇਸ਼ਨ ਬੰਦ ਕਰ ਦਿੱਤੀ। ਜਦਕਿ ਅਮਰੀਕਾ ਵਲੋਂ ਇਹੀ ਫੈਸਲਾ ਸੰਨ 1910 ਵਿਚ ਲਾਗੂ ਕਰ ਦਿੱਤਾ ਗਿਆ। ਉਪਰੋਕਤ ਜ਼ਿਕਰ ਕੀਤੇ ਗਏ ਕਾਨੂੰਨ ਕੈਨੇਡਾ ਵਲੋਂ ਪੂਰੀ ਤਰ੍ਹਾਂ ਲਾਗੂ ਕਰ ਦਿੱਤੇ ਗਏ। ਇਸਦੇ ਚੱਲਦਿਆਂ ਇੱਕ ਕੈਨੇਡੀਅਨ ਜੱਜ ਵਲੋਂ 38 ਪੰਜਾਬੀਆਂ ਨੂੰ ਦੇਸ਼ ਨਿਕਾਲ਼ਾ ਦੇਣ ਦੇ ਇੰਮੀਗ੍ਰੇਸ਼ਨ ਵਿਭਾਗ ਦੇ ਹੁਕਮ ਰੱਦ ਕਰ ਦਿੱਤੇ ਗਏ। ਕੈਨੇਡਾ ਦੇ ਇੰਮੀਗ੍ਰੇਸ਼ਨ ਅਧਿਕਾਰੀਆਂ ਵਲੋਂ ਉਕਤ 38 ਪੰਜਾਬੀਆਂ ਨੂੰ ਦੇਸ਼ ਨਿਕਾਲ਼ਾ ਦੇਣ ਦੇ ਹੁਕਮ ਦਿੱਤੇ ਗਏ ਸਨ, ਕਿਉਂਕਿ ਉਹ ਭਾਰਤ ਤੋਂ ਸਿੱਧਾ ਕੈਨੇਡਾ ਜਾਣ ਦੀ ਬਜਾਏ ਜਾਪਾਨ ਰਾਹੀਂ ਕੈਨੇਡਾ ਪਹੁੰਚੇ ਸਨ। ਲੇਕਿਨ ਦੂਸਰੇ ਪਾਸੇ ਕੈਨੇਡਾ ਦੇ ਧਨਾਢ ਸਿੱਖ ਜਿਲ੍ਹਾ ਤਰਨ ਤਾਰਨ ਦੇ ਪਿੰਡ ਸਰਹਾਲ਼ੀ ਦੇ ਵਸਨੀਕ ਬਾਬਾ ਗੁਰਦਿੱਤ ਸਿੰਘ ਨੇ ਪੰਜਾਬੀਆਂ ਨੂੰ ਕੈਨੇਡਾ ਪਹੁੰਚਾਉਣ ਦੇ ਉਦੇਸ਼ ਨਾਲ ਸਮੁੰਦਰੀ ਜਹਾਜ਼ ਕਿਰਾਏ 'ਤੇ ਲੈਣ ਦੀ ਯੋਜਨਾ ਬਣਾਈ, ਪਰ ਬਹੁਤੀਆਂ ਕੰਪਨੀਆਂ ਅੰਗਰੇਜ਼ੀ ਸਾਮਰਾਜ ਦੇ ਅਧੀਨ ਹੋਣ ਕਾਰਨ ਉਨ੍ਹਾਂ ਬਰਤਾਨੀਆਂ ਸਾਮਰਾਜ ਤੋਂ ਆਜ਼ਾਦ ਮੁਲਕ ਹਾਂਗਕਾਂਗ ਦੀ ਕੰਪਨੀ ਐੱਸ.ਐੱਸ. ਕਾਮਾਗਾਟਾਮਾਰੂ ਦਾ ਜਹਾਜ਼ ਕਿਰਾਏ 'ਤੇ ਲੈ ਲਿਆ। ਇਹ ਜਹਾਜ਼ ਲਗਭਗ 20 ਕੁ ਸਾਲਾਂ ਤੋਂ ਜਰਮਨ ਮਾਲਕੀ ਅਧੀਨ ਚੱਲ ਰਿਹਾ ਸੀ ਅਤੇ ਇਸਨੂੰ ਇੱਕ ਵਪਾਰਕ ਜਹਾਜ਼ ਵਜੋਂ ਵਰਤਿਆ ਜਾ ਰਿਹਾ ਸੀ। ਬਾਬਾ ਗੁਰਦਿੱਤ ਸਿੰਘ ਵਲੋਂ ਹਾਂਗਕਾਂਗ ਵਿਚ ਹਜ਼ਾਰਾਂ ਪੰਜਾਬੀਆਂ ਨਾਲ਼ ਮੁਲਾਕਾਤ ਕੀਤੀ, ਜੋ ਕੈਨੇਡਾ ਅਤੇ ਅਮਰੀਕਾ ਜਾ ਵਸਣ ਦੇ ਚਾਹਵਾਨ ਸਨ। ਉਪਰੋਕਤ ਜ਼ਿਕਰ ਕੀਤੇ ਗਏ ਕਾਨੂੰਨ ਜਨਵਰੀ 1914 ਵਿਚ ਹੀ ਲਾਗੂ ਹੋ ਗਏ ਸਨ। ਜਹਾਜ਼ ਕਿਰਾਏ 'ਤੇ ਲੈਣ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਜਹਾਜ਼ ਦਾ ਨਾਮ ਗੁਰੂ ਨਾਨਕ ਜਹਾਜ਼ ਰੱਖਿਆ ਗਿਆ। ਇਸ ਤੋਂ ਠੀਕ ਤਿੰਨ ਮਹੀਨੇ ਬਾਅਦ ਗੁਰੂ ਨਾਨਕ ਜਹਾਜ਼ ਨੇ ਹਾਂਗਕਾਂਗ ਤੋਂ ਵੈਨਕੂਵਰ ਵੱਲ ਨੂੰ ਚਾਲੇ ਪਾ ਦਿੱਤੇ। ਜਹਾਜ਼ ਦੇ ਮੁੱਖ ਪ੍ਰਬੰਧਕ ਬਾਬਾ ਗੁਰਦਿੱਤ ਸਿੰਘ ਸਮੇਤ ਹੋਰਨਾਂ ਪ੍ਰਬੰਧਕਾਂ ਨੂੰ ਇਹ ਵਿਸ਼ਵਾਸ ਸੀ ਕਿ ਇੱਕ ਕੈਨੇਡੀਅਨ ਅਦਾਲਤ ਵਲੋਂ ਭਾਰਤੀਆਂ ਦੇ ਹੱਕ ਵਿਚ ਕੀਤੇ ਗਏ ਫੈਸਲੇ ਦਾ ਲਾਭ ਜ਼ਰੂਰ ਹੋਵੇਗਾ। ਪਰ ਜਹਾਜ਼ ਦੇ ਪ੍ਰਬੰਧਕਾਂ ਨੂੰ ਕੈਨੇਡਾ ਸਰਕਾਰ ਦੁਆਰਾ ਵਿਦੇਸ਼ੀਆਂ ਦੇ ਕੈਨੇਡਾ ਵਿਚ ਦਾਖਲ ਹੋਣ ਸੰਬੰਧੀ ਬਣਾਏ ਗਏ ਸਖਤ ਕਾਨੂੰਨਾਂ ਬਾਰੇ ਭੋਰਾ ਵੀ ਜਾਣਕਾਰੀ ਨਹੀਂ ਸੀ। ਵੈਨਕੂਵਰ ਵੱਲ ਨੂੰ ਵਧ ਰਹੇ ਜਹਾਜ਼ ਵਿਚ ਆਪੋ ਆਪਣੇ ਧਰਮ ਅਨੁਸਾਰ ਸਮਾਗਮ ਕਰਨ ਦਾ ਵੀ ਪ੍ਰਬੰਧ ਸੀ। ਇਸ ਤੋਂ ਇਲਾਵਾ ਹੋਰ ਸਿਆਸੀ ਸਮਾਗਮ ਕਰਨ ਦਾ ਵੀ ਪੂਰਾ-ਪੂਰਾ ਪ੍ਰਬੰਧ ਸੀ। ਜਹਾਜ਼ ਵਿਚ ਸਾਰੇ ਹੀ ਯਾਤਰੀ ਪੰਜਾਬੀ ਸਨ। ਇਨ੍ਹਾਂ ਕੁੱਲ ਯਾਤਰੀਆਂ ਵਿਚ ਦੋ ਔਰਤਾਂ ਅਤੇ ਚਾਰ ਬੱਚਿਆਂ ਤੋਂ ਇਲਾਵਾ ਬਾਕੀ ਸਾਰੇ ਹੀ ਮਰਦ ਸਨ। ਜਹਾਜ਼ ਵਿਚ ਸਵਾਰ ਸਾਰੇ ਯਾਤਰੀਆਂ ਵਿਚੋਂ 337 ਸਿੱਖ, ਲਗਭਗ 27 ਮੁਸਲਮਾਨ ਅਤੇ ਕਰੀਬ 12 ਹਿੰਦੂ ਸਨ। ਮੁਸਲਮਾਨਾਂ ਵਿਚੋਂ ਜ਼ਿਆਦਾਤਰ ਜ਼ਿਲ੍ਹਾ ਸ਼ਾਹਪੁਰ (ਪਾਕਿਸਤਾਨ) ਦੇ ਰਹਿਣ ਵਾਲੇ ਦੱਸੇ ਜਾਂਦੇ ਹਨ। 21 ਮਈ ਸੰਨ 1914 ਨੂੰ ਇਹ ਜਹਾਜ਼ ਕੈਨੇਡੀਅਨ ਪਾਣੀਆਂ ਵਿਚ ਦਾਖਲ ਹੋਇਆ ਅਤੇ 23 ਮਈ ਨੂੰ ਜਹਾਜ਼ ਵੈਨਕੂਵਰ ਦੀ ਹਰਬਰ ਬੰਦਰਗਾਹ 'ਤੇ ਲਗਾ ਦਿੱਤਾ ਗਿਆ। ਬਾਬਾ ਗੁਰਦਿੱਤ ਸਿੰਘ ਅਤੇ ਉਸਦੀ ਸਮੁੱਚੀ ਟੀਮ ਨੂੰ ਇਹ ਵੀ ਇਲਮ ਸੀ ਕਿ ਕੈਨੇਡਾ ਦੀ ਧਰਤੀ 'ਤੇ ਉਤਰਨਾਂ ਉਨ੍ਹਾਂ ਲਈ ਕੋਈ ਸੌਖਾ ਨਹੀਂ, ਕਿਉਂਕ ਭਾਰਤੀਆਂ ਨੂੰ ਕੈਨੇਡਾ ਆਉਣ ਤੋਂ ਰੋਕਣ ਲਈ ਤਾਂ ਕੈਨੇਡਾ ਸਰਕਾਰ ਪਹਿਲਾਂ ਹੀ ਸਖਤ ਕਾਨੂੰਨ ਬਣਾ ਚੁੱਕੀ ਸੀ। ਸੋ ਕੈਨੇਡਾ ਬੰਦਰਗਾਹ ਦੇ ਅਧਿਕਾਰੀਆਂ ਨੇ ਕਿਸੇ ਵੀ ਯਾਤਰੀ ਨੂੰ ਧਰਤੀ ਉਪਰ ਆਉਣ ਦੀ ਆਗਿਆ ਨਾਂ ਦਿੱਤੀ। ਯਾਤਰੀਆਂ ਦੇ ਕੈਨੇਡਾ ਵਿਚਲੇ ਰਿਸ਼ਤੇਦਾਰ ਜਾਂ ਹੋਰ ਸਕੇ ਸੰਬੰਧੀਆਂ ਵਲੋਂ ਵਕੀਲ ਕਰਕੇ ਕੈਨੇਡੀਅਨ ਅਧਿਕਾਰੀਆਂ ਨਾਲ ਗੱਲਬਾਤ ਆਰੰਭੀ ਗਈ। ਜਿਸ ਤੋਂ ਬਾਅਦ ਦੋਵੇਂ ਹੀ ਧਿਰਾਂ ਵਲੋਂ ਬ੍ਰਿਟਿਸ਼ ਕੋਲੰਬੀਆ ਕੋਰਟ ਵਿਚ ਕੇਸ ਲਿਜਾਣ ਦੀ ਸਹਿਮਤੀ ਬਣੀ। ਪ੍ਰੰਤੂ ਜਹਾਜ਼ ਦੇ ਯਾਤਰੀਆਂ ਨੂੰ ਕਿਧਰੋਂ ਵੀ ਕੋਈ ਲਾਭ ਨਹੀਂ ਮਿਲਿਆ। ਸਮੁੱਚੇ ਜਹਾਜ਼ ਦੇ ਯਾਤਰੀ ਹੇਠਲੀ ਅਦਾਲਤ ਦੇ ਫੈਸਲੇ ਨੂੰ ਕੈਨੇਡਾ ਦੀ ਸੁਪਰੀਮ ਕੋਰਟ ਜਾਂ ਲੰਡਨ ਸਥਿਤ ਬ੍ਰਿਟਿਸ਼ ਕੌਂਸਲ ਕੋਲ ਅਪੀਲ ਕਰਨ ਦੇ ਸਮਰੱਥ ਨਹੀਂ ਸਨ, ਕਿਉਂਕਿ ਸਾਰੇ ਹੀ ਆਰਥਿਕ ਮੰਦਹਾਲੀ ਨਾਲ ਜੱਦੋ-ਜਹਿਦ ਕਰ ਰਹੇ ਸਨ।



ਹੇਠਲੀ ਅਦਾਲਤ ਦੇ ਫੈਸਲੇ ਤੋਂ ਬਾਅਦ ਭਾਵੇਂ ਜਹਾਜ਼ ਦੀ ਭਾਰਤ ਵਾਪਸੀ ਦਾ ਰਾਹ ਪੱਧਰਾ ਹੋ ਗਿਆ ਸੀ, ਲੇਕਿਨ ਇਹ ਮਸਲਾ ਇੱਕ ਵਾਰ ਫਿਰ ਉਲਝ ਗਿਆ, ਕਿਉਂਕਿ ਯਾਤਰੀਆਂ ਅਤੇ ਉਨ੍ਹਾਂ ਦੇ ਸਮੱਰਥਕਾਂ ਨੇ ਸਰਕਾਰੀ ਅਧਿਕਾਰੀਆਂ ਅੱਗੇ ਇਹ ਮੰਗ ਰੱਖ ਦਿੱਤੀ ਕਿ ਜਹਾਜ਼ ਦੀ ਵਾਪਸੀ ਉੱਪਰ ਆਉਣ ਵਾਲੇ ਸਮੁੱਚੇ ਖਰਚ ਦਾ ਪ੍ਰਬੰਧ ਕੌਣ ਕਰੇਗਾ? ਅਖੀਰ ਵਿਚ ਕੈਨੇਡੀਅਨ ਸਰਕਾਰ ਵਲੋਂ ਜਹਾਜ਼ ਵਾਪਸੀ ਦੀ ਹਾਂਗਕਾਂਗ ਤੱਕ ਦੀ ਜ਼ਿੰਮੇਵਾਰੀ ਉਠਾ ਲਈ ਗਈ। ਇਸ ਤੋਂ ਬਾਅਦ 23 ਜੁਲਾਈ ਨੂੰ ਇਹ ਜਹਾਜ਼ ਭਾਰਤ ਵਾਪਸੀ ਲਈ ਚੱਲ ਪਿਆ। ਜਪਾਨ ਵਿਚ ਕੁੱਝ ਯਾਤਰੀਆਂ ਦੇ ਉੱਤਰਨ ਤੋਂ ਬਾਅਦ 29 ਸਤੰਬਰ 1914 ਨੂੰ 321 ਯਾਤਰੀਆਂ ਨੂੰ ਲੈ ਕੇ ਇਹ ਜਹਾਜ਼ ਬਜ ਬਜ ਦੀ ਕਲਕੱਤਾ ਨੇੜਲ਼ੀ ਬੰਦਰਗਾਹ 'ਤੇ ਪਹੁੰਚਿਆ। ਤਦ ਤੱਕ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੋ ਚੁੱਕਾ ਸੀ। ਬਜ ਬਜ ਦੀ ਬੰਦਰਗਾਹ 'ਤੇ ਜਦ ਜਹਾਜ਼ ਦੇ ਯਾਤਰੀਆਂ ਨੇ ਉਤਰਨਾਂ ਸ਼ੁਰੂ ਕੀਤਾ, ਤਾਂ ਯਾਤਰੀਆਂ ਅਤੇ ਸਰਕਾਰੀ ਅਧਿਕਾਰੀਆਂ ਵਿਚਕਾਰ ਹਿੰਸਾ ਭੜਕ ਗਈ। ਜਿਸ ਤੋਂ ਬਾਅਦ ਗੋਰੀ ਹਕੂਮਤ ਵਲੋਂ ਗੋਲ਼ੀ ਵੀ ਚਲਾਈ ਗਈ। ਇਸ ਦੌਰਾਨ ਕਰੀਬ 20 ਵਿਅਕਤੀ ਮਾਰੇ ਗਏ, ਜਿਨ੍ਹਾਂ ਵਿਚ ਪੁਲਿਸ ਮੁਲਾਜਮ ਵੀ ਸਨ। ਇਸ ਹਿੰਸਾ ਤੋਂ ਬਾਅਦ ਪੁਲਿਸ ਵਲੋਂ ਸਮੁੱਚੇ ਇਲਾਕੇ ਦੀ ਤਲਾਸ਼ੀ ਮੁਹਿੰਮ ਚਲਾਈ ਗਈ। ਪੁਲਿਸ ਦੁਆਰਾ ਕਰੀਬ 28 ਯਾਤਰੀਆਂ ਨੂੰ ਫੜ ਕੇ ਕਲਕੱਤਾ ਜੇਲ੍ਹ ਵਿਚ ਭੇਜ ਦਿੱਤਾ ਗਿਆ। ਸਿੱਖ ਵਿਦਵਾਨ ਮਲਵਿੰਦਰ ਸਿੰਘ ਵੜੈਚ ਲਿਖਦੇ ਹਨ ਕਿ ਹਿੰਸਾ ਤੋਂ ਬਾਅਦ ਕਰੀਬ 211 ਯਾਤਰੀ ਪੁਲਿਸ ਦੁਆਰਾ ਗ੍ਰਿਫਤਾਰ ਕੀਤੇ ਗਏ। ਗ੍ਰਿਫਤਾਰ ਕੀਤੇ ਗਏ ਜਹਾਜ਼ ਦੇ ਯਾਤਰੀਆਂ ਨੂੰ ਜੇਲ੍ਹਾਂ ਵਿਚ ਰੱਖ ਕੇ ਘੋਰ ਤਸ਼ੱਦਦ ਕੀਤਾ ਗਿਆ।



ਦੂਸਰੇ ਪਾਸੇ ਗੋਰੀ ਸਰਕਾਰ ਦੇ ਇਸ਼ਾਰਿਆਂ 'ਤੇ ਚੱਲਣ ਵਾਲੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਰਬਰਾਹ ਅਰੂੜ ਸਿੰਘ ਵਲੋਂ ਹੁਕਮਨਾਮਾ ਜਾਰੀ ਕਰਦਿਆਂ ਸਿੱਖ ਯਾਤਰੀਆਂ ਨੂੰ ਗੈਰ ਸਿੱਖ ਕਰਾਰ ਦੇ ਦਿੱਤਾ ਗਿਆ। ਜਿਸ ਤੋਂ ਬਾਅਦ 12 ਅਕਤੂਬਰ, 1920 ਨੂੰ ਇਸ ਹੁਕਮਨਾਮੇ ਨੂੰ ਰੱਦ ਕਰਦਿਆਂ ਅਰੂੜ ਸਿੰਘ ਨੂੰ ਗੈਰ ਸਿੱਖ ਗਰਦਾਨਿਆ ਗਿਆ। ਦੂਸਰੇ ਪਾਸੇ ਮਲਵਿੰਦਰ ਸਿੰਘ ਵੜੈਚ ਬਾਬਾ ਗੁਰਦਿੱਤ ਸਿੰਘ ਬਾਰੇ ਲਿਖਦੇ ਹਨ ਕਿ ਉਹ 1921 ਤੱਕ ਰੁਪੋਸ਼ ਰਹੇ ਅਤੇ 15 ਨਵੰਬਰ 1921 ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਨਨਕਾਣਾ ਸਾਹਿਬ ਵਿਖੇ ਗ੍ਰਿਫਤਾਰੀ ਦਿੱਤੀ। ਫਿਰ ਗੋਰੀ ਸਰਕਾਰ ਦੁਆਰਾ ਉਨ੍ਹਾਂ ਨੂੰ ਫਰਵਰੀ 1922 ਤੱਕ ਜੇਲ੍ਹ ਵਿਚ ਰੱਖਿਆ ਗਿਆ। 6 ਮਾਰਚ 1922 ਨੂੰ ਅੰਮ੍ਰਿਤਸਰ ਵਿਖੇ ਇੱਕ ਭੜਕਾਊ ਭਾਸ਼ਣ ਦੇਣ ਕਰਕੇ ਉਨ੍ਹਾਂ ਨੂੰ ਪੰਜ ਸਾਲ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਮਈ 1927 ਵਿਚ ਉਹ ਅਕਾਲੀ ਦਲ ਦੇ ਪ੍ਰਧਾਨ ਬਣੇ। ਉਹ ਦੇਸ਼ ਦੀ ਆਜ਼ਾਦੀ ਤੱਕ ਗੋਰੀ ਹਕੂਮਤ ਖਿਲਾਫ ਸੰਘਰਸ਼ ਲੜਦੇ ਰਹੇ। ਜਨਵਰੀ 1952 ਵਿਚ ਉਨ੍ਹਾਂ ਬਜ ਬਜ ਸ਼ਹੀਦੀ ਸਮਾਰਕ ਦਾ ਨੀਂਹ ਪੱਥਰ ਪੰਡਿਤ ਜਵਾਹਰ ਲਾਲ ਨਹਿਰੂ ਪਾਸੋਂ ਰਖਵਾਇਆ। ਉਹ 24 ਜੁਲਾਈ 1952 ਨੂੰ ਅਕਾਲ ਚਲਾਣਾ ਕਰ ਗਏ।

1990 ਦੇ ਦਹਾਕੇ ਤੱਕ ਕੈਨੇਡਾ ਭਰ ਵਿਚ ਪੰਜਾਬੀਆਂ ਦੀ ਗਿਣਤੀ ਪ੍ਰਭਾਵਸ਼ਾਲੀ ਹੱਦ ਤੱਕ ਵਧੀ। ਫਿਰ ਗੁਰੂ ਨਾਨਕ ਜਹਾਜ਼ ਘਟਨਾ ਦੀ ਸ਼ਤਾਬਦੀ ਨੇੜੇ ਆਉਂਦਿਆਂ ਹੀ ਪੰਜਾਬੀਆਂ ਵਲੋਂ ਕੈਨੇਡਾ ਸਰਕਾਰ ਪਾਸੋਂ ਜਨਤਕ ਮੁਆਫੀ ਮੰਗਣ ਦੀ ਮੰਗ ਉਠਾਉਣੀ ਸ਼ੁਰੂ ਕਰ ਦਿੱਤੀ ਗਈ। ਮਈ 2008 ਵਿਚ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਸਰਕਾਰ ਨੇ ਗੁਰੂ ਨਾਨਕ ਜਹਾਜ਼ ਦੇ ਯਾਤਰੀਆਂ ਨਾਲ ਹੋਏ ਦੁਰਵਿਵਹਾਰ ਲਈ ਮੁਆਫੀ ਮੰਗ ਲਈ। ਅਗਸਤ 2008 ਵਿਚ ਉਸ ਵੇਲੇ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਵਿਚ ਗਦਰੀ ਬਾਬਿਆਂ ਦੇ ਮੇਲੇ ਵਿਚ ਮੁਆਫੀ ਮੰਗੀ। ਫਿਰ 18 ਮਈ, 2016 ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਕੈਨੇਡਾ ਦੀ ਪਾਰਲੀਮੈਂਟ ਵਿਚ ਸਮੁੱਚੇ ਸਦਨ ਦੇ ਸਾਹਮਣੇ ਇਸ ਘਟਨਾ ਲਈ ਮੁਆਫੀ ਮੰਗੀ ਗਈ। ਸੰਨ 2012 ਨੂੰ ਵੈਨਕੂਵਰ ਦੀ ਹਰਬਰ ਪੋਰਟ ਕੋਲ਼ ਇੱਕ ਵਿਸ਼ੇਸ਼ ਯਾਦਗਾਰ ਗੁਰੂ ਨਾਨਕ ਜਹਾਜ਼ ਦੀ ਘਟਨਾ ਦੀ ਯਾਦ ਵਜੋਂ ਬਣਾਈ ਗਈ। ਸਮੁੰਦਰੀ ਕਿਨਾਰੇ ਬਣਾਈ ਗਈ ਇਸ ਯਾਦਗਾਰ ਕੋਲ਼ ਇੱਕ ਧਾਤੂ ਦਾ ਵੱਡ ਅਕਾਰੀ ਬੋਰਡ ਵੀ ਲਗਾਇਆ ਗਿਆ ਹੈ, ਜਿਸ ਉੱਪਰ ਜਹਾਜ਼ ਦੇ ਸਾਰੇ ਹੀ ਯਾਤਰੀਆਂ ਦੇ ਨਾਮ ਉੱਕਰੇ ਗਏ ਹਨ। ਇਸ ਯਾਦਗਾਰ ਨੂੰ ਦੇਖਣ ਲਈ ਪੰਜਾਬੀ ਆਉਂਦੇ ਰਹਿੰਦੇ ਹਨ, ਜੋ ਯੋਧੇ ਕੈਨੇਡਾ ਵਿਚ ਪੰਜਾਬੀਆਂ ਦੀ ਸਥਾਪਤੀ ਲਈ ਜੱਦੋ-ਜਹਿਦ ਕਰਦੇ ਅਨੇਕਾਂ ਤਸੀਹੇ ਝੱਲ ਕੇ ਨਵਾਂ ਇਤਿਹਾਸ ਸਿਰਜ ਗਏ ਹਨ, ਨੂੰ ਸਿਜਦਾ ਕਰਦੇ ਦੇਖੇ ਜਾ ਸਕਦੇ ਹਨ। ਇਹ ਸਥਾਨ ਵੈਨਕੂਵਰ ਦਾ ਸੰਘਣੀ ਆਬਾਦੀ ਵਾਲਾ ਉਹ ਇਲਾਕਾ ਹੈ, ਜੋ ਹਰ ਵਕਤ ਵਿਸ਼ਵ ਭਰ ਦੇ ਸੈਲਾਨੀਆਂ ਦੀ ਵੱਡੀ ਖਿੱਚ ਦਾ ਕੇਂਦਰ ਬਣਿਆਂ ਰਹਿੰਦਾ ਹੈ।

ਕੁੱਝ ਕੁ ਸਾਲਾਂ ਤੋਂ ਬ੍ਰਿਟਿਸ਼ ਕੋਲੰਬੀਆ ਸਰਕਾਰ ਵਲੋਂ ਗੁਰੂ ਨਾਨਕ ਜਹਾਜ਼ ਨੂੰ ਯਾਦ ਕਰਦਿਆਂ ਵਿਸ਼ੇਸ਼ ਦਿਵਸ 23 ਮਈ ਨੂੰ ਮਨਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਸੰਬੰਧੀ ਬ੍ਰਿਟਿਸ਼ ਕੋਲੰਬੀਆ ਸਰਕਾਰ ਵਲੋਂ ਵਿਸ਼ੇਸ਼ ਐਲਾਨਨਾਮਾ ਜਾਰੀ ਕੀਤਾ ਗਿਆ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਗੁਰੂ ਨਾਨਕ ਜਹਾਜ਼ ਦੇ 15 ਮੁਸਾਫਰਾਂ ਦੇ ਪਰਿਵਾਰ ਇਸ ਸਮੇਂ ਕੈਨੇਡਾ ਰਹਿ ਰਹੇ ਹਨ।

ਗੁਰੂ ਨਾਨਕ ਜਹਾਜ਼ ਦੇ ਚੜ੍ਹਦੀ ਕਲਾ ਦੇ ਸਫਰ ਦੀ 111ਵੀਂ ਵਰੇਗੰਢ ਮੌਕੇ ਵੈਨਕੂਵਰ ਵਿਖੇ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ 25 ਮਈ ਦਿਨ ਐਤਵਾਰ ਨੂੰ ਬਾਅਦ ਦੁਪਹਿਰ 2 ਵਜੇ ਵਿਸ਼ਾਲ ਸਮਾਗਮ ਕਰਵਾਇਆ ਜਾ ਰਿਹਾ ਹੈ। ਪੰਜਾਬੀ ਲੇਖਕ, ਪੱਤਰਕਾਰ ਤੇ ਚਿੰਤਕ ਡਾ. ਗੁਰਵਿੰਦਰ ਸਿੰਘ ਧਾਲੀਵਾਲ ਦੇ ਯਤਨਾਂ ਸਦਕਾ ਕਰਵਾਏ ਜਾ ਰਹੇ ਇਸ ਸਮਾਗਮ ਵਿਚ ਵੱਡੀ ਗਿਣਤੀ ਸਾਹਿਤਕ ਸ਼ਖਸੀਅਤਾਂ, ਵਿਦਵਾਨ, ਰਾਜਨੀਤੀਵਾਨ ਤੇ ਹੋਰ ਸਖਸ਼ੀਅਤਾਂ ਪਹੁੰਚ ਰਹੀਆਂ ਹਨ। ਆਓ! ਇਸ ਵਿਸ਼ੇਸ ਦਿਹਾੜੇ 'ਤੇ ਕੈਨੇਡਾ ਵਿਚ ਪੰਜਾਬੀਆਂ ਦੀ ਸਥਾਪਤੀ ਲਈ ਜੱਦੋ-ਜਹਿਦ ਕਰਨ ਵਾਲੇ ਮਹਾਨ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕਰੀਏ ਅਤੇ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀਆਂ ਦੇ ਇਸ ਗੌਰਵਮਈ ਇਤਿਹਾਸ ਤੋਂ ਜਾਣੂੰ ਕਰਵਾਈਏ। ਇਸ ਤਰ੍ਹਾਂ ਗੁਰੂ ਨਾਨਕ ਜਹਾਜ਼ ਨੂੰ ਪੰਜਾਬੀਆਂ ਵਲੋਂ ਕੈਨੇਡਾ ਵਿਚ ਸਥਾਪਤੀ ਲਈ ਜੱਦੋ-ਜਹਿਦ ਦੇ ਸਿਰਨਾਵੇਂ ਵਜੋਂ ਯਾਦ ਕੀਤਾ ਜਾਂਦਾ ਹੈ।

# ਕੌਣ ਹਨ ਆਸਟ੍ਰੇਲੀਆ ’ਚ ਇਤਿਹਾਸ ਰਚਣ ਵਾਲੇ ਡਾ. ਪਰਵਿੰਦਰ ਕੌਰ ?

## “ਪੱਛਮੀ ਆਸਟ੍ਰੇਲੀਆ ਵਿਚ ਮੈਂਬਰ ਪਾਰਲੀਮੈਂਟ ਵਜੋਂ ਸੌਂਹ ਚੁੱਕਣ ’ਤੇ ਵਿਸ਼ੇਸ਼”


ਮਿੰਟੂ ਬਰਾੜ
ਮਿੰਟੂ ਬਰਾੜ,ਆਸਟ੍ਰੇਲੀਆ
mintubrar@gmail.com
+61-434-289-905
ਪੰਜਾਬ ਮੇਲ USA



ਇਹ ਪੰਜਾਬਣ ਆਸਟ੍ਰੇਲੀਆ ਦੀ ਸਿਆਸਤ ਵਿਚ ਕਿਸੇ ਵੀ ਰਾਜ ਦੇ ਪਹਿਲੇ ਪੰਜਾਬੀ ਮਹਿਲਾ ਮੈਂਬਰ ਪਾਰਲੀਮੈਂਟ ਬਣੇ ਹਨ। ਇਸ ਤੋਂ ਪਹਿਲਾਂ ਗੁਰਮੇਸ਼ ਸਿੰਘ ਨਿਊ ਸਾਊਥ ਵੇਲਸ ਤੋਂ ਪਹਿਲੇ ‘ਸਿੰਘ’ ਮੈਂਬਰ ਪਾਰਲੀਮੈਂਟ ਬਣੇ ਸਨ ਤੇ ਹੁਣ ਡਾ. ਪਰਵਿੰਦਰ ਕੌਰ ਨੂੰ ਆਸਟ੍ਰੇਲੀਆ ਦੇ ਤਕਰੀਬਨ ਦੋ ਸੌ ਸਾਲ ਦੇ ਇਤਿਹਾਸ ’ਚ ਪਹਿਲੇ ‘ਕੌਰ’ ਮੈਂਬਰ ਪਾਰਲੀਮੈਂਟ ਬਣਨ ਦਾ ਸੁਭਾਗ ਮਿਲਿਆ ਹੈ। ਆਓ ਤੁਹਾਨੂੰ ਮਿਲਾਈਏ ਪੰਜਾਬ ਦੇ ਇਕ ਪਿੰਡ ਤੋਂ ਪੱਛਮੀ ਆਸਟ੍ਰੇਲੀਆ ਦੇ ਪਾਰਲੀਮੈਂਟ ਤੱਕ ਦਾ ਸਫ਼ਰ ਤਹਿ ਕਰਨ ਵਾਲੀ ਮਾਣਮੱਤੀ ਡਾ. ਪਰਵਿੰਦਰ ਕੌਰ ਨਾਲ।

ਗੱਲ 2014 ਦੀ ਹੈ। ਸਿੱਖ ਖੇਡਾਂ ਦੇ ਸਿਲਸਿਲੇ ’ਚ ਅਸੀਂ ਪਰਥ ਵਿਚ ਸਾਂ। ਖੇਡਾਂ ਦੌਰਾਨ ਬਹੁਤ ਸਾਰੇ ਚਾਹੁਣ ਵਾਲੇ ਮਿਲੇ। ਇਸੇ ਦੌਰਾਨ ਬਹੁਤ ਹੀ ਖ਼ੂਬਸੂਰਤ, ਹੱਸੂ-ਹੱਸੂ ਕਰਦੇ ਚਿਹਰੇ ਦੀ ਮਾਲਕ ਇੱਕ ਕੁੜੀ ਨੇ ਭੀੜ ਵਿਚੋਂ ਦੀ ਅੱਗੇ ਹੁੰਦਿਆਂ ਸਤਿ ਸ੍ਰੀ ਅਕਾਲ ਬੁਲਾਉਂਦਿਆਂ ਕਿਹਾ, “ਮਿੰਟੂ ਭਾਜੀ ਕਾਫ਼ੀ ਚਿਰ ਤੋਂ ਸੁਣਦੇ ਅਤੇ ਪੜ੍ਹਦੇ ਆ ਰਹੇ ਹਾਂ, ਬੱਸ ਮਿਲਣ ਦਾ ਸਬੱਬ ਨਹੀਂ ਬਣਿਆ।” ਮੇਰੇ ਧੰਨਵਾਦ ਕਹਿਣ ’ਤੇ ਉਨ੍ਹਾਂ ਅੱਗੇ ਗੱਲ ਤੋਰਦਿਆਂ ਦੱਸਿਆ ਕਿ “ਮੇਰਾ ਨਾਮ ਪਰਵਿੰਦਰ ਹੈ ਤੇ ਮੈਨੂੰ ਵੀ ਰੇਡੀਓ ਮੇਜ਼ਬਾਨੀ ਦਾ ਬੜਾ ਸ਼ੌਕ ਹੈ।” ਪਹਿਲੀ ਸੱਟੇ ਮੈਂ ਅਸਲੀ ਪਰਵਿੰਦਰ ਦੇ ਦਰਸ਼ਨ ਨਹੀਂ ਸਾਂ ਕਰ ਸਕਿਆ। ਉਨ੍ਹਾਂ ਸਾਨੂੰ ਦੂਜੇ ਦਿਨ ਆਪਣੇ ਦਫ਼ਤਰ ਆਉਣ ਦਾ ਸੱਦਾ ਦੇ ਦਿੱਤਾ। ਇਸ ਦੌਰਾਨ ਮੈਨੂੰ ਏਧਰੋਂ ਉਧਰੋਂ ਪਤਾ ਚੱਲਿਆ ਕਿ ਉਹ ਇੱਕ ਵਿਗਿਆਨੀ ਹਨ। ਜਦੋਂ ਦੂਜੇ ਦਿਨ ਅਸੀਂ ਉਨ੍ਹਾਂ ਕੋਲ ਪੁੱਜੇ, ਤਾਂ ਚਿੱਟੇ ਕੋਟ ’ਚ ਆਪਣੀ ਲੈਬ ’ਚ ਮਸਰੂਫ਼ ਡਾ. ਪਰਵਿੰਦਰ ਨੇ ਸਾਡਾ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ ਅਤੇ ਸਾਰੀ ਯੂਨੀਵਰਸਿਟੀ ਦਾ ਗੇੜਾ ਲਵਾ ਕੇ ਆਪਣੇ ਚੱਲ ਰਹੇ ਕੰਮਾਂ-ਕਾਰਾਂ ਤੋਂ ਜਾਣੂ ਕਰਵਾਇਆ।



ਨਵੇਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਹਿਆਤਪੁਰ ਰੁੜਕੀ ਦੇ ਸਰਦਾਰ ਕਸ਼ਮੀਰ ਸਿੰਘ ਜੋ ਕਿ ਭਾਰਤੀ ਫ਼ੌਜ ਵਿਚ ਸੇਵਾ ਨਿਵਿਰਤ ਸਨ ਅਤੇ ਬੀਬੀ ਜਰਨੈਲ ਕੌਰ ਦੇ ਘਰ ਪਰਵਿੰਦਰ ਦਾ ਜਨਮ ਹੋਇਆ। ਉਹ ਕੁੱਲ ਦੋ ਭੈਣ-ਭਰਾ ਹਨ। ਉਨ੍ਹਾਂ ਦੀ ਸਕੂਲੀ ਵਿੱਦਿਆ ਵੱਖ-ਵੱਖ ਫ਼ੌਜੀ ਸਕੂਲਾਂ ’ਚ ਹੋਈ, ਜਿਨ੍ਹਾਂ ’ਚ ਜਲੰਧਰ ਕੈਂਟ ਅਤੇ ਅੰਬਾਲਾ ਕੈਂਟ ਜ਼ਿਕਰਯੋਗ ਹਨ। ਇਸ ਉਪਰੰਤ ਉਨ੍ਹਾਂ ਪਟਿਆਲੇ ਤੋਂ ਆਪਣੀ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੀ ਸਿੱਖਿਆ ਹਾਸਲ ਕੀਤੀ। ਭਾਵੇਂ ਫ਼ੌਜ ਦੀ ਨੌਕਰੀ ਕਾਰਨ ਪਰਵਿੰਦਰ ਨੂੰ ਵੱਖ-ਵੱਖ ਥਾਵਾਂ ’ਤੇ ਰਹਿਣਾ ਪਿਆ ਪਰ ਹਰ ਛੁੱਟੀਆਂ ਪਿੰਡ ’ਚ ਗੁਜ਼ਾਰਨ ਕਾਰਨ ਕਿਤੇ ਨਾ ਕਿਤੇ ਉਸ ਦੀ ਪਿੰਡ ਨਾਲ ਅਤੇ ਖੇਤੀ ਕਿੱਤੇ ਨਾਲ ਸਾਂਝ ਬਹੁਤ ਗੂੜ੍ਹੀ ਕਰ ਦਿੱਤੀ। ਉਹ ਦੱਸਦੇ ਹਨ ਕਿ ਗਿਆਰ੍ਹਵੀਂ ’ਚ ਉਨ੍ਹਾਂ ਨੂੰ ਕੁਝ ਨਹੀਂ ਪਤਾ ਸੀ ਕਿ ਮੇਰੀ ਮੰਜ਼ਿਲ ਕੀ ਹੈ! ਭਾਵੇਂ ਮੇਰੀ ਮੁੱਢ ਤੋਂ ਸਾਇੰਸ ਵਿਚ ਰੁਚੀ ਸੀ ਪਰ ਮੈਂ ਗਿਆਰ੍ਹਵੀਂ ’ਚ ਮਿਲੇ-ਜੁਲੇ ਜਿਹੇ ਵਿਸ਼ੇ ਚੁਣ ਲਏ। ਪਰ ਬਾਰ੍ਹਵੀਂ ਤੱਕ ਆਉਂਦੇ-ਆਉਂਦੇ ਮੈਨੂੰ ਏਨਾ ਕੁ ਅਹਿਸਾਸ ਹੋ ਗਿਆ ਸੀ ਕਿ ਬਿਨਾਂ ਟੀਚਾ ਮਿਥਿਆਂ ਕਾਮਯਾਬੀ ਹਾਸਲ ਨਹੀਂ ਹੋ ਸਕਦੀ। ਕੁਝ ਕੁ ਦਿਨਾਂ ਲਈ ਦੰਦਾਂ ਦੀ ਡਾਕਟਰੀ ਚੁਣ ਲਈ ਸੀ, ਭਾਵੇਂ ਮੇਰੀ ਪਸੰਦ ਦੇ ਵਿਸ਼ੇ ਜੀਵ ਵਿਗਿਆਨ (ਬਾਇਓਲੌਜੀ) ਸੀ।

ਪਰ ਉਸੇ ਵਕਤ ਕਿਸਮਤ ਨਾਲ ਮੈਨੂੰ ਲੁਧਿਆਣੇ ਖੇਤੀਬਾੜੀ ਯੂਨੀਵਰਸਿਟੀ ’ਚ ਥਾਂ ਮਿਲ ਗਈ, ਉਹ ਵੀ ਸਕਾਲਰਸ਼ਿਪ ਨਾਲ। ਕਿਉਂਕਿ ਮੈਂ ਪਹਿਲੇ ਪੰਜ ਵਿਦਿਆਰਥੀਆਂ ’ਚ ਆਪਣਾ ਨਾਮ ਦਰਜ ਕਰਵਾਉਣ ’ਚ ਕਾਮਯਾਬ ਹੋ ਗਈ ਸੀ। ਪਿੰਡ ’ਚ ਗੁਜ਼ਾਰੇ ਸਮੇਂ ਨੇ ਮੈਨੂੰ ਸਿਖਾ ਦਿੱਤਾ ਸੀ ਕਿ ਅੰਨਦਾਤਾ ਕਹਾਉਣਾ ਕਿੰਨਾ ਕੁ ਔਖਾ। ਸ਼ਾਇਦ ਇਸੇ ਕਰਕੇ ਇਹ ਮੇਰਾ ਜਨੂੰਨ ਬਣ ਗਿਆ।

ਗ੍ਰੈਜੂਏਸ਼ਨ ਦੌਰਾਨ ਕੀਤੀ ਮਿਹਨਤ ਦਾ ਫਲ਼ ਮਾਸਟਰਜ਼ ਲਈ ਸਕਾਲਰਸ਼ਿਪ ਦੇ ਰੂਪ ’ਚ ਮਿਲਿਆ ਤੇ ਮਾਸਟਰਜ਼ ’ਚ ਕੀਤੀ ਮਿਹਨਤ ਦਾ ਫਲ਼ ਆਸਟ੍ਰੇਲੀਆ ਦੇ ਸ਼ਹਿਰ ਪਰਥ ਦੀ ਮਸ਼ਹੂਰ ਯੂਨੀਵਰਸਿਟੀ ਆਫ਼ ਵੈਸਟਰਨ ਆਸਟ੍ਰੇਲੀਆ ਨੇ ਸਕਾਲਰਸ਼ਿਪ ਦੇ ਰੂਪ ’ਚ ਦਿੱਤਾ। ਜਦੋਂ ਮੈਂ ਆਪਣੇ ਰਿਟਾਇਰ ਹੋ ਚੁੱਕੇ ਪਿਤਾ ਜੀ ਨੂੰ ਦੱਸਿਆ ਕਿ ਮੈਂ ਵਿਦੇਸ਼ ਜਾਣਾ ਤਾਂ ਉਹ ਕਹਿੰਦੇ ਆਪਾ ਇਕ ਛੋਟੇ ਜ਼ਿਮੀਂਦਾਰ ਹਾਂ, ਸੋ ਏਨਾ ਖ਼ਰਚ ਕਿਵੇਂ ਕਰਾਂਗੇ? ਜਦ ਮੈਂ ਉਨ੍ਹਾਂ ਨੂੰ ਦੱਸਿਆ ਕਿ ਯੂਨੀਵਰਸਿਟੀ ਮੇਰਾ ਸਾਰਾ ਖ਼ਰਚ ਚੁੱਕੇਗੀ, ਤਾਂ ਕਿਸੇ ਨੂੰ ਯਕੀਨ ਨਹੀਂ ਸੀ ਆਇਆ। ਪਰ ਸੱਚ ਦੱਸਾਂ ਮੇਰਾ ਇਕ ਪੈਸਾ ਵੀ ਨਹੀਂ ਲੱਗਿਆ ਇੱਥੇ ਆ ਕੇ ਪੜ੍ਹਨ ਲਿਖਣ ਅਤੇ ਰਹਿਣ ਸਹਿਣ ’ਤੇ।

ਪਰਵਿੰਦਰ ਤੋਂ ਰੁਜ਼ਗਾਰ ਬਾਰੇ ਪੁੱਛਣ ’ਤੇ ਉਨ੍ਹਾਂ ਦੱਸਿਆ ਕਿ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਸਮਝਣਾ ਬਹੁਤ ਜ਼ਰੂਰੀ ਹੁੰਦਾ। ਦੂਜਾ ਉਹ ਭਾਗਾਂ ਵਾਲਾ ਹੁੰਦਾ, ਜਿਸ ਨੂੰ ਉਸ ਦੇ ਸ਼ੌਕ ਮੁਤਾਬਿਕ ਕਿੱਤਾ ਮਿਲ ਜਾਵੇ। ਡੀ.ਐੱਨ.ਏ. ਉੱਤੇ ਕੰਮ ਕਰਨਾ ਮੇਰਾ ਸ਼ੌਕ ਸੀ ਪਰ ਹੁਣ ਮੈਨੂੰ ਇਸ ਦੇ ਪੈਸੇ ਮਿਲਦੇ ਹਨ।

ਇੱਥੇ ਜ਼ਿਕਰਯੋਗ ਹੈ ਕਿ ਪਰਵਿੰਦਰ ਨੇ ਆਸਟ੍ਰੇਲੀਆ ਦੀ ਬਹੁਤ ਵੱਡੀ ਸਮੱਸਿਆ ’ਤੇ ਕੰਮ ਕੀਤਾ ਤੇ ਜਿਸ ਕਾਰਨ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਹੱਥੋਂ ਸਨਮਾਨ ਵੀ ਹਾਸਲ ਹੋਇਆ। ਉਨ੍ਹਾਂ ਦੇ ਦੱਸਣ ਮੁਤਾਬਕ ਆਸਟ੍ਰੇਲੀਆ ਦੇ ਪਸ਼ੂਆਂ ਦੇ ਚਾਰੇ ਵਿਚ ਕੁਝ ਅਜਿਹੇ ਤੱਤ ਸਨ, ਜਿਨ੍ਹਾਂ ਕਾਰਨ ਬਹੁਤ ਜ਼ਿਆਦਾ ਮੀਥਨ ਗੈਸ ਬਣਦੀ ਹੈ, ਜੋ ਕਿ ਓਜ਼ੋਨ ’ਚ ਹੋਏ ਸੁਰਾਖ਼ ਲਈ ਜ਼ਿੰਮੇਵਾਰ ਹੈ। ਆਸਟ੍ਰੇਲੀਆ ’ਚ ਬਣਦੀ ਕੁੱਲ ਮੀਥਨ ਗੈਸ ਦਾ ਚਾਲੀ ਪ੍ਰਤੀਸ਼ਤ ਹਿੱਸਾ ਇਸ ਚਾਰੇ ਨੂੰ ਖਾ ਕੇ ਇਹ ਜਾਨਵਰ ਬਣਾਉਂਦੇ ਸਨ। ਪਰ ਪਰਵਿੰਦਰ ਦੀ ਮਿਹਨਤ ਸਦਕਾ ਇਸ ’ਤੇ ਕਾਬੂ ਪੈਣਾ ਸ਼ੁਰੂ ਹੋ ਗਿਆ ਹੈ।

ਜਦੋਂ ਕਰੋਨਾ ਦਾ ਕਾਲ ਦੁਨੀਆਂ ’ਤੇ ਮੰਡਰਾਉਣਾ ਲੱਗਿਆ, ਤਾਂ ਪਰਵਿੰਦਰ ਨੂੰ ਫੇਰ ਸੁਭਾਗ ਮਿਲਿਆ ਮਾਨਵਤਾ ਦੀ ਸੇਵਾ ਕਰਨ ਦਾ। ਜਿਸ ਨੂੰ ਉਸ ਨੇ ਖਿੜੇ ਮੱਥੇ ਲੈਂਦਿਆਂ ਦੱਸਿਆ ਕਿ ਕੋਰੋਨਾ ਦਾ ਡੀ.ਐੱਨ.ਏ. ਕੋਡ ਫ਼ਸਲਾਂ ਦੇ ਕੋਡ ਨਾਲੋਂ ਬਹੁਤ ਛੋਟਾ ਕੋਡ ਹੈ ਪਰ ਇਸ ਦਾ ਸਿੱਧਾ ਇਨਸਾਨ ਦੀ ਸਿਹਤ ਨਾਲ ਸੰਬੰਧ ਹੈ, ਇਸ ਲਈ ਇਸ ਨੂੰ ਹਲਕੇ ’ਚ ਨਹੀਂ ਲਿਆ ਜਾ ਸਕਦਾ। ਉਸ ਨੇ ਸਖ਼ਤ ਮਿਹਨਤ ਕਰਕੇ ਕਰੋਨਾ ਦੇ ਕੋਡ ਨੂੰ ਡੀ ਕੋਡ ਕੀਤਾ।

ਪਰਿਵਾਰ ਬਾਰੇ ਪੁੱਛਣ ’ਤੇ ਪਰਵਿੰਦਰ ਦਾ ਕਹਿਣਾ ਹੈ ਕਿ ਮੇਰੀ ਮੰਮੀ ਜੀ ਪਰਿਵਾਰਕ ਮਜਬੂਰੀਆਂ ਕਾਰਨ ਬਚਪਨ ’ਚ ਆਪਣੀ ਪੜ੍ਹਾਈ ਪੂਰੀ ਨਹੀਂ ਸਨ ਕਰ ਸਕੇ ਤੇ ਉਨ੍ਹਾਂ ਉਸੇ ਵਕਤ ਹੀ ਆਪਣੇ ਆਪ ਨਾਲ ਵਾਅਦਾ ਕੀਤਾ ਸੀ ਕਿ ਮੈਂ ਆਪਣੇ ਸੁਫ਼ਨੇ ਆਪਣੇ ਬੱਚਿਆਂ ਦੇ ਜ਼ਰੀਏ ਪੂਰੇ ਕਰਾਂਗੀ।

ਹਰ ਮਾਂ-ਬਾਪ ਵਾਂਗ ਮੇਰੇ ਮਾਂ-ਬਾਪ ਦੇ ਸਾਹਮਣੇ ਵੀ ਇੱਕ ਵੱਡੀ ਸਮੱਸਿਆ ਸੀ ਕਿ ਉਹ ਆਪਣੀ ਜ਼ਿੰਦਗੀ ਭਰ ਦੀ ਕਮਾਈ ਆਪਣੇ ਪੁੱਤਰ ਉੱਤੇ ਲਾਉਣ ਜਾਂ ਧੀ ਉੱਤੇ। ਕਿਉਂਕਿ ਇਸ ਵਿਚ ਕੋਈ ਦੋ ਰਾਇ ਨਹੀਂ ਹੈ ਕਿ ਸਾਡੇ ਸਮਾਜ ਇਹ ਫ਼ਰਕ ਮੁੱਢ ਕਦੀਮ ਤੋਂ ਚੱਲਦਾ ਆਇਆ ਹੈ। ਪਰ ਮੈਂ ਇੱਥੇ ਵੀ ਖ਼ੁਸ਼ ਕਿਸਮਤ ਰਹੀ ਤੇ ਮੇਰੇ ਮਾਂ-ਬਾਪ ਨੇ ਆਪਣੀ ਧੀ ਉੱਤੇ ਵਿਸ਼ਵਾਸ ਜਤਾਇਆ ਅਤੇ ਮੈਨੂੰ ਹਰ ਥਾਂ ਲੋੜ ਤੋਂ ਵੱਧ ਸਾਥ ਦਿੱਤਾ।

ਮੈਂ ਇੱਥੇ ਵੀ ਭਾਗਾਂ ਵਾਲੀ ਰਹੀ ਹਾਂ ਕਿ ਮੈਨੂੰ ਮੇਰੇ ਸਹਿਪਾਠੀ ਅਮਿਤ ਦਾ ਸਾਥ ਮਿਲਿਆ। ਮੇਰੇ ਮਾਂ-ਬਾਪ ਭਾਵੇਂ ਵਿਗਿਆਨ ਦੀ ਭਾਸ਼ਾ ਸਮਝਦੇ ਨਹੀਂ ਪਰ ਫੇਰ ਵੀ ਉਹ ਜਦੋਂ ਮੇਰੀ ਹਰ ਗੱਲ ’ਚ ਹੁੰਗਾਰਾ ਭਰਦੇ ਹਨ, ਤਾਂ ਮੇਰੀ ਅੱਧੀ ਜਿੱਤ ਤਹਿ ਹੋ ਜਾਂਦੀ ਹੈ। ਅਮਿਤ ਗਿਆਰ੍ਹਵੀਂ ਕਲਾਸ ’ਚ ਪੜ੍ਹਾਈ ਦੌਰਾਨ ਮੇਰਾ ਮੁਕਾਬਲੇਬਾਜ਼ ਸੀ। ਸੰਜੋਗ ਵੱਸ ਲੰਮੇ ਅੰਤਰਾਲ ਬਾਅਦ ਅਸੀਂ ਫੇਰ ਪਰਦੇਸ ਆ ਮਿਲੇ ਅਤੇ ਜੀਵਨ ਸਾਥੀ ਬਣ ਗਏ।

ਆਪਣੇ ਸ਼ੌਕ ਦਾ ਜਨੂੰਨ ਇਸ ਕਦਰ ਭਾਰੂ ਕਿ ਜਦੋਂ ਮੇਰੇ ਘਰ ਪੁੱਤਰ ਦਾ ਜਨਮ ਹੋਇਆ, ਭਾਵੇਂ ਮੈਂ ਛੇ ਮਹੀਨਿਆਂ ਦੀ ਛੁੱਟੀ ਲੈ ਸਕਦੀ ਸੀ ਪਰ ਆਪਣੇ ਸ਼ੁਰੂ ਕੀਤੇ ਕਾਰਜ ਨੂੰ ਨਹੀਂ ਸੀ ਛੱਡ ਸਕਦੀ। ਮੇਰਾ ਮੰਨਣਾ ਹੈ ਕਿ ਤੁਸੀਂ ਆਪਣੇ ਹੱਥੀਂ ਲਾਏ ਬੂਟੇ ਨੂੰ ਉਦੋਂ ਨਹੀਂ ਛੱਡ ਸਕਦੇ, ਜਦੋਂ ਉਸ ਨੂੰ ਤੁਹਾਡੀ ਬਹੁਤ ਜ਼ਿਆਦਾ ਲੋੜ ਹੈ। ਸੋ ਮੈਂ ਸਿਰਫ਼ ਪੰਦਰਾਂ ਦਿਨਾਂ ਬਾਅਦ ਆਪਣੀ ਲੈਬ ’ਚ ਸੀ ਤੇ ਤਿੰਨ ਮਹੀਨਿਆਂ ਦਾ ਆਪਣਾ ਬੱਚਾ ਛੱਡ ਵੱਖ-ਵੱਖ ਮੁਲਕਾਂ ’ਚ ਰਿਸਰਚ ਦੀ ਲੱਗੀ ਡਿਊਟੀ ਲਈ ਤੁਰ ਪਈ ਸਾਂ। ਇਹ ਇਕ ਵੱਡਾ ਫ਼ੈਸਲਾ ਸੀ, ਜੋ ਮੈਂ ਇਕੱਲੀ ਨਹੀਂ ਲੈ ਸਕਦੀ ਸੀ, ਅਮਿਤ ਅਤੇ ਮੇਰਾ ਸਹੁਰਾ ਪਰਿਵਾਰ ਮੇਰੇ ਪਿੱਛੇ ਆ ਖੜ੍ਹਿਆ ਸੀ। ਮੇਰੇ ਮੰਮੀ ਕਹਿੰਦੇ ਸਾਰੀ ਉਮਰ ਪਛਤਾਉਣ ਨਾਲੋਂ ਤੈਨੂੰ ਆਪਣੇ ਮਿਸ਼ਨ ’ਤੇ ਜਾਣਾ ਚਾਹੀਦਾ ਹੈ। ਮੇਰੇ ਮਨ ਵਿਚ ਇਹ ਸੀ ਕਿ ਮੇਰਾ ਪੁੱਤਰ ਵੱਡਾ ਹੋ ਕੇ ਕੀ ਸੋਚੇਗਾ ਕਿ ਮੇਰੀ ਮਾਂ ਮੈਨੂੰ ਏਨੇ ਛੋਟੇ ਨੂੰ ਛੱਡ ਪਰਦੇਸ ਆਪਣੇ ਮਿਸ਼ਨ ’ਤੇ ਚਲੀ ਗਈ। ਪਰ ਉਸ ਵਕਤ ਮੇਰੇ ਮਾਂ-ਬਾਪ ਨੇ ਸਮਝਾਇਆ ਕਿ ਉਹ ਵੱਡਾ ਹੋ ਕੇ ਤੇਰੇ ’ਤੇ ਮਾਨ ਕਰੇਗਾ। ਇਹ ਸੱਚ ਵੀ ਹੋ ਰਿਹਾ, ਮੇਰੇ ਸਾਰੇ ਵੱਡੇ ਮਾਰ੍ਹਕੇ ਉਸੇ ਵਕਤ ਮੈਨੂੰ ਮਿਲੇ। ਜੇਕਰ ਮੇਰਾ ਪਰਿਵਾਰ ਮੈਨੂੰ ਹੱਲਾਸ਼ੇਰੀ ਨਾ ਦਿੰਦਾ, ਸ਼ਾਇਦ ਮੈਂ ਹਾਸਲ ਨਾ ਕਰ ਪਾਉਂਦੀ। ਤਿੰਨ ਮਹੀਨੇ ਬਾਅਦ ਜਦ ਮੈਂ ਘਰ ਵਾਪਸ ਆਈ, ਤਾਂ ਮੇਰੇ ਪੁੱਤਰ ‘ਅਕਸ਼ਰ’ ਨੇ ਮੈਨੂੰ ਪਛਾਣਿਆ ਤੱਕ ਨਹੀਂ ਸੀ। ਇੱਕ ਮਾਂ ਲਈ ਇਹ ਪਲ ਬਹੁਤ ਔਖੇ ਹੁੰਦੇ ਹਨ। ਪਰ ਕੁਝ ਪਾਉਣ ਲਈ ਗੁਆਉਣ ਤਾਂ ਪੈਂਦਾ ਹੀ ਹੈ। ਪਰ ਉਸ ਤੋਂ ਬਾਅਦ ਮੈਂ ਆਪਣੇ ਪੁੱਤਰ ਨੂੰ ਹਰ ਥਾਂ ਨਾਲ ਰੱਖਿਆ। ਜਦੋਂ ਉਹ ਹਾਲੇ ਏ ਬੀ ਸੀ ਵੀ ਨਹੀਂ ਸੀ ਜਾਣਦਾ ਪਰ ਮੇਰੇ ਨਾਲ ਲੈਕਚਰ ਸੁਣਦਾ ਕਾਨਫਰੰਸ ’ਤੇ ਜਾਂਦਾ, ਕਲਾਸਾਂ ਲਾਉਂਦਾ। ਇਹ ਤਾਂ ਸ਼ੁੱਕਰ ਹੈ, ਇਸ ਮੁਲਕ ਦਾ ਜੋ ਇੱਕ ਮਾਂ ਦੀ ਇਸ ਜੱਦੋ-ਜਹਿਦ ਨੂੰ ਸਮਝਦੇ ਹੋਏ ਹਰ ਹਾਲਾਤ ਵਿਚ ਸਹਿਯੋਗ ਦਿੰਦਾ ਹੈ। ਅੱਜ ਗਿਆਰਾਂ ਵਰ੍ਹਿਆਂ ਦਾ ਮੇਰੇ ਪੁੱਤਰ ’ਚੋਂ ਮੈਨੂੰ ਜਦੋਂ ਪਰਪੱਕਤਾ ਦਿੱਸਦੀ ਹੈ, ਤਾਂ ਮਹਿਸੂਸ ਹੁੰਦਾ ਹੈ ਕਿ ਮਿਹਨਤ ਅਜਾਈਂ ਨਹੀਂ ਗਈ।

ਪਰਵਿੰਦਰ ਦਾ ਭਰਾ ਵੀ ਭੈਣ ਦੀਆਂ ਪੈੜਾਂ ਨੱਪਦਾ, ਵਜ਼ੀਫ਼ੇ ਲੈਂਦਾ ਆਸਟ੍ਰੇਲੀਆ ਆ ਪੁੱਜਿਆ। ਉਹ ਵੀ ਅੱਜਕੱਲ੍ਹ ਪੱਛਮੀ ਆਸਟ੍ਰੇਲੀਆ ਵਿਚ ਇੱਕ ਕੌਂਸਲਰ ਵਜੋਂ ਆਪਣੀਆਂ ਸੇਵਾਵਾਂ ਨਿਭਾ ਰਿਹਾ ਹੈ। ਅੱਜ ਦੋਨੋਂ ਪਰਿਵਾਰ ਪਰਥ ਵਿਖੇ ਨਾਲ-ਨਾਲ ਘਰ ਪਾ ਕੇ ਇਕ ਸਾਂਝੇ ਪਰਿਵਾਰ ਵਾਂਗ ਵਿਚਰ ਰਹੇ ਹਨ।

ਪਰਵਿੰਦਰ ਇਕ ਬਹੁਤ ਹੀ ਖ਼ੂਬ-ਸੂਰਤ ਅਤੇ ਖ਼ੂਬ-ਸੀਰਤ ਵਾਲੀ ਕੁੜੀ ਹੈ। ਇਹ ਵੀ ਨਹੀਂ ਕਹਿ ਸਕਦੇ ਕਿ ਉਹ ਆਧੁਨਿਕ ਨਹੀਂ ਹੈ, ਉਹ ਨਵੇਂ ਖ਼ਿਆਲਾਂ ਦੀ ਹੈ, ਮਰਜ਼ੀ ਨਾਲ ਬਣਦੀ ਸੰਵਰਦੀ ਹੈ, ਮਰਜ਼ੀ ਦੇ ਕੱਪੜੇ ਪਾਉਂਦੀ ਹੈ, ਉਸ ਨੂੰ ਪੇਕਿਆਂ ਨੇ ਆਜ਼ਾਦੀ ਦਿੱਤੀ, ਉਸ ਦੇ ਸਹੁਰਿਆਂ ਨੇ ਉਸ ਦੀ ਆਜ਼ਾਦੀ ਬਰਕਰਾਰ ਰੱਖੀ ਪਰ ਉਸ ਨੇ ਉਸ ਆਜ਼ਾਦੀ ਨੂੰ ਮਾਣਿਆ, ਨਾ ਕਿ ਉਸ ਦਾ ਨਾਜਾਇਜ਼ ਫ਼ਾਇਦਾ ਚੁੱਕਿਆ। ਪਰ ਉਸ ਨੇ ਕਦੇ ਸਸਤੀ ਸ਼ੁਹਰਤ ਦਾ ਰਾਹ ਨਹੀਂ ਚੁਣਿਆ। ਉਹ ਇਕ ਪਹਿਲੇ ਸਫ਼ਿਆਂ ਦੀ ਵਿਗਿਆਨੀ ਬਣੀ ਪਰ ਨਾ ਤਾਂ ਉਹ ਰੱਬ ਨੂੰ ਭੁੱਲੀ ਹੈ, ਨਾ ਵਿਰਸੇ ਨੂੰ। ਵਿਗਿਆਨ ਦੇ ਨਾਂ ’ਤੇ ਰੱਬ ਤੋਂ ਮੁਨਕਰ ਹੋਣਾ ਸਹੀ ਰਾਹ ਨਹੀਂ ਹੈ। ਸਗੋਂ ਜੋ ਸਾਡੇ ਗ੍ਰੰਥਾਂ ’ਚ ਪਹਿਲਾਂ ਤੋਂ ਹੀ ਦਰਜ ਹੈ, ਵਿਗਿਆਨ ਉਸੇ ਨੂੰ ਹੀ ਆਪਣਾ ਆਧਾਰ ਬਣਾ ਕੇ ਚੱਲ ਰਿਹਾ ਹੈ। ਸਾਨੂੰ ਮੰਨਣਾ ਪੈਣਾ ਹੈ ਕਿ ਦੁਨੀਆਂ ’ਤੇ ਕੋਈ ਤਾਂ ਸਿਰਮੌਰ ਤਾਕਤ ਹੈ, ਜੋ ਇਹ ਸਭ ਚਲਾ ਰਹੀ ਹੈ। ਵਿਰਸੇ ਨੂੰ ਸਾਂਭਣ ਲਈ ਪਰਵਿੰਦਰ ਤੁਹਾਨੂੰ ਕਦੇ ਪਰਥ ’ਚ ਹੁੰਦੇ ਸੱਭਿਆਚਾਰਕ ਪ੍ਰੋਗਰਾਮ ’ਚ ਹਿੱਸਾ ਲੈਂਦੀ ਦਿਖਾਈ ਦੇਵੇਗੀ, ਕਦੇ ਰੇਡੀਓ ’ਤੇ ਮੇਜ਼ਬਾਨੀ ਕਰਦੀ ਸੁਣਾਈ ਦੇਵੇਗੀ।

ਯੂਨੀਵਰਸਿਟੀ ਵਿਚ ਇੱਕ ਸਹਾਇਕ ਪ੍ਰੋਫੈਸਰ ਵਜੋਂ ਕੰਮ ਕਰਦਿਆਂ ਉਸ ਨੇ ਨਾਲ-ਨਾਲ ਸਰਕਾਰੇ-ਦਰਬਾਰੇ ਵੀ ਆਪਣੀ ਹਾਜ਼ਰੀ ਲਗਵਾਉਣੀ ਸ਼ੁਰੂ ਕੀਤੀ। ਜਿਸ ਦੌਰਾਨ ਉਸ ਨੂੰ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਬਹੁਤ ਸਾਰੇ ਮੰਤਰੀਆਂ ਅਤੇ ਵੱਡੇ ਮਹਿਕਮਿਆਂ ’ਚ ਕੰਮ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਦੀਆਂ ਇਨ੍ਹਾਂ ਰੁਚੀਆਂ ਨੂੰ ਦੇਖਦੇ ਹੋਏ ਪੱਛਮੀ ਆਸਟ੍ਰੇਲੀਆ ਦੀ ਲੇਬਰ ਪਾਰਟੀ ਨੇ ਉਨ੍ਹਾਂ ਨੂੰ ਉਤਲੇ ਸਦਨ ਲਈ ਆਪਣਾ ਨੁਮਾਇੰਦਾ ਬਣਾਉਂਦੇ ਹੋਏ ਟਿਕਟ ਦਿੱਤੀ। ਜਿਸ ਨੂੰ ਉਹ ਅਸਾਨੀ ਨਾਲ ਜਿੱਤਣ ’ਚ ਕਾਮਯਾਬ ਹੋਏ। ਸੌਂਹ ਚੁੱਕਣ ਤੋਂ ਪਹਿਲਾਂ ਹੀ ਉਨ੍ਹਾਂ ਨੇ ਇੱਕ ਮਨਸ਼ਾ ਜ਼ਾਹਿਰ ਕਰਦੇ ਹੋਏ ਕਿਹਾ ਕਿ ਉਹ ਇੱਕ ਸਿਆਸਤਦਾਨ ਨਾਲੋਂ ਦੁਨੀਆਂ ਦਾ ਸਭ ਤੋਂ ਚੰਗਾ ਸਾਂਸਦ ਬਣਨ ’ਚ ਵਿਸ਼ਵਾਸ ਰੱਖਦੇ ਹਨ।

ਅਖੀਰ ’ਚ ਪਰਵਿੰਦਰ ਕੌਰ ਨੇ ਜੋ ਸੁਨੇਹਾ ਦਿੱਤਾ, ਉਹ ਇਹ ਸੀ ਕਿ ਆਪਣਾ ਇਕ ਨਿਸ਼ਾਨਾ ਮਿੱਥੋ, ਉਸ ’ਤੇ ਧਿਆਨ ਕੇਂਦਰਿਤ ਕਰ ਲਵੋ ਤੇ ਜਦੋਂ ਤੁਸੀਂ ਉਸ ਨੂੰ ਹਾਸਲ ਕਰ ਲਵੋ, ਤਾਂ ਹੋਰ ਵੀ ਨਿਮਰ ਹੋ ਜਾਓ। ਕਿਉਂਕਿ ਇਹੋ ਜਿਹੀ ਕਾਮਯਾਬੀ ਕਦੇ ਵੀ ਆਲ਼ੇ-ਦੁਆਲ਼ੇ ਦੇ ਸਹਿਯੋਗ ਬਿਨਾਂ ਨਹੀਂ ਮਿਲ ਸਕਦੀ। ਸੋ ਵਾਹਿਗੁਰੂ ਸਮੇਤ ਸਭ ਦਾ ਸ਼ੁਕਰਗੁਜ਼ਾਰ ਹੋਣਾ ਹੀ ਕਾਮਯਾਬੀ ਦਾ ਅਸਲ ਸ਼ਿਖਰ ਹੈ। ਸੋ ਇਹ ਸੀ ਪ੍ਰੋ. ਪਰਵਿੰਦਰ ਕੌਰ (ਡਾ.) ਦੀ ਵੱਡੀ ਕਾਮਯਾਬੀ ਦਾ ਸੰਖੇਪ ਵਰਣਨ।

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



# ਨਕਲੀ ਸ਼ਰਾਬ ਦੇ ਜ਼ਹਿਰ ਦਾ ਕਹਿਰ



ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਇਲਾਕੇ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚ 27 ਵਿਅਕਤੀ ਜ਼ਹਿਰੀਲੀ ਸ਼ਰਾਬ ਪੀਣ ਕਰਕੇ ਸਵਰਗਵਾਸ ਹੋ ਗਏ ਹਨ। 10 ਅਜੇ ਵੱਖ-ਵੱਖ ਹਸਪਤਾਲਾਂ ਵਿਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ। ਇਸ ਘਟਨਾ ਨੇ ਪੰਜਾਬੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ, ਜਦੋਂ ਅਜੇ ਪਹਿਲਗਾਮ ਵਿਖੇ ਬੇਕਸੂਰੇ ਸੈਲਾਨੀਆਂ ਦੇ ਮਾਰੇ ਜਾਣ ਅਤੇ ਪੰਜਾਬੀ, ਪਾਕਿਸਤਾਨ ਨਾਲ ਹੋਈ ਜੰਗ ਦੇ ਗਹਿਰੇ ਬੱਦਲਾਂ ’ਚੋਂ ਬਾਹਰ ਹੀ ਨਿਕਲ ਰਹੇ ਸਨ। ਨਕਲੀ ਸ਼ਰਾਬ ਦੇ ਸਰਗਨਿਆਂ ਨੇ ਪੰਜਾਬ ਵਿਚ ਇੱਕ ਵਾਰ ਫਿਰ ਮੌਤਾਂ ਦੇ ਸੱਥਰ ਵਿਛਾ ਦਿੱਤੇ ਹਨ। ਉਨ੍ਹਾਂ ਦਾ ਇਹ ਧੰਦਾ ਪਿਛਲੇ ਪੰਜ ਸਾਲਾਂ ਤੋਂ ਬੇਬਾਕੀ ਨਾਲ ਲਗਾਤਾਰ ਚੱਲਦਾ ਆ ਰਿਹਾ ਹੈ। 2020 ਤੋਂ 2025 ਤੱਕ ਜ਼ਹਿਰੀਲੀ ਨਕਲੀ ਸ਼ਰਾਬ ਪੀਣ ਕਰਕੇ 180 ਮੌਤਾਂ ਹੋ ਚੁੱਕੀਆਂ ਹਨ। ਇਨ੍ਹਾਂ ਮਰਨ ਵਾਲਿਆਂ ਵਿਚ ਸਾਰੇ ਗ਼ਰੀਬ ਦਿਹਾੜੀਦਾਰ ਹਨ, ਜਿਹੜੇ ਸਾਰੀ ਦਿਹਾੜੀ ਹੱਡ ਭੰਨਵੀਂ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰਾਂ ਨੂੰ ਪਾਲਦੇ ਸਨ। ਨਕਲੀ ਸ਼ਰਾਬ ਦੇ ਮਾਫ਼ੀਏ ਵੱਲੋਂ ਸਰਕਾਰੀਤੰਤਰ ਦੀ ਮਿਲੀ ਭੁਗਤ ਨਾਲ ਆਪਣੇ ਧੰਦੇ ਚਲਾਏ ਜਾਂਦੇ ਹਨ। ਹਰ ਵਾਰ ਜਦੋਂ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਤਾਂ ਸਰਕਾਰਾਂ ਦੀ ਜਾਗ ਖੁੱਲ੍ਹਦੀ ਹੈ ਤੇ ਫਿਰ ਉਹ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇ ਢਕੌਂਸਲਿਆਂ ਨਾਲ ਪੜਤਾਲੀਆ ਕਮੇਟੀਆਂ, ਪੁਲਿਸ ਦੀਆਂ ਐੱਸ.ਆਈ.ਟੀਜ਼ ਬਣਾਕੇ ਅਤੇ ਮਰਨ ਵਾਲਿਆਂ ਦੇ ਵਾਰਸਾਂ ਨੂੰ ਗ੍ਰਾਂਟਾਂ ਤੇ ਜ਼ਖਮੀਆਂ ਦੇ ਮੁਫ਼ਤ ਇਲਾਜ ਦੀ ਮੱਲ੍ਹਮ ਦੇ ਐਲਾਨ ਕਰਕੇ ਸੁਰਖ਼ਰੂ ਹੋ ਜਾਂਦੇ ਹਨ। ਥੋੜ੍ਹਾ ਸਮਾਂ ਪਬਲਿਕ, ਸਵੈ ਇੱਛਤ ਤੇ ਸਮਾਜਿਕ ਸੰਸਥਾਵਾਂ ਅਤੇ ਵਿਰੋਧੀ ਪਾਰਟੀਆਂ ਰੌਲਾ-ਰੱਪਾ ਪਾਉਂਦੀਆਂ-ਪਾਉਂਦੀਆਂ ਹੋਈਆਂ ਆਪਣਾ ਗੁੱਭ ਗੁਭਾਟ ਕੱਢਕੇ ਅਖ਼ਬਾਰਾਂ ਵਿਚ ਖ਼ਬਰਾਂ ਲਗਵਾ ਲੈਂਦੀਆਂ ਹਨ, ਫਿਰ ਚੁੱਪ ਚਾਂਦ ਹੋ ਜਾਂਦੀ ਹੈ। ਗ਼ਰੀਬ ਲੋਕ ਵਿੱਤੀ ਮਦਦ ਲੈ ਕੇ ਚੁੱਪ ਕਰ ਜਾਂਦੇ ਹਨ, ਉਹ ਹੋਰ ਕਰ ਵੀ ਕੀ ਸਕਦੇ ਹਨ? ਵਿਰੋਧੀਆਂ ਨੂੰ ਵੀ ਕੋਈ ਨਵਾਂ ਮੁੱਦਾ ਮਿਲ ਜਾਂਦਾ ਹੈ ਤੇ ਉਹ ਓਧਰ ਪਲਾਹ ਸੋਟੇ ਮਾਰਕੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਲੱਗ ਜਾਂਦੇ ਹਨ। ਵਿਰੋਧੀ ਜਦੋਂ ਸਰਕਾਰ ਵਿਚ ਆਉਂਦੇ ਹਨ, ਤਾਂ ਫਿਰ ਉਹ ਆਪਣੇ ਦਿੱਤੇ ਬਿਆਨਾਂ ਨੂੰ ਭੁੱਲ ਹੀ ਨਹੀਂ ਜਾਂਦੇ, ਸਗੋਂ ਸਰਕਾਰ ਦੀ ਸਿਆਸੀ ਤਾਕਤ ਦਾ ਆਨੰਦ ਮਾਨਣ ਵਿਚ ਮਸਤ ਹੋ ਜਾਂਦੇ ਹਨ। ਸਾਰੇ ਸਿਆਸਤਦਾਨ ਇੱਕੋ ਬੇੜੀ ਦੇ ਚੱਟੇ ਵੱਟੇ ਹਨ। ਪ੍ਰੰਤੂ ਜਿਸ ਪਾਰਟੀ ਦੀ ਸਰਕਾਰ ਸਮੇਂ ਅਣਹੋਣੀ ਘਟਨਾ ਵਾਪਰਦੀ ਹੈ, ਤਾਂ ਮੌਕੇ ਦੀ ਸਰਕਾਰ ਹੀ ਜ਼ਿੰਮੇਵਾਰ ਹੁੰਦੀ ਹੈ ਤੇ ਉਸਦੀ ਹੀ ਬਦਨਾਮੀ ਹੁੰਦੀ ਹੈ।

ਪੜਤਾਲੀਆ ਕਮੇਟੀਆਂ ਤੇ ਸਿੱਟਾਂ ਆਪਣੀਆਂ ਰਿਪੋਰਟਾਂ ਸਰਕਾਰਾਂ ਨੂੰ ਦੇ ਦਿੰਦੀਆਂ ਹਨ। ਫਿਰ ਅਫ਼ਸਰਸ਼ਾਹੀ ਤੇ ਸਿਆਸਤਦਾਨਾਂ ਦੀਆਂ ਮੀਟਿੰਗਾਂ ਦਾ ਦੌਰ ਚਾਹ ਦੀਆਂ ਚੁਸਕੀਆਂ ਨਾਲ ਚਲਦਾ ਰਹਿੰਦਾ ਹੈ, ਕਦੀ-ਕਦੀ ਸਰਬ ਪਾਰਟੀ ਮੀਟਿੰਗਾਂ ਵੀ ਹੁੰਦੀਆਂ ਹਨ। ਅਖ਼ੀਰ ਇਹ ਰਿਪੋਰਟਾਂ ਦਫ਼ਤਰੀ ਲਾਲ ਫੀਤਾਸ਼ਾਹੀ ਦੇ ਹੱਥਾਂ ਵਿਚ ਸਹਿਕਦੀਆਂ ਹੋਈਆਂ ਦਮ ਤੋੜ ਜਾਂਦੀਆਂ ਹਨ। ਇਹ ਪੜਤਾਲੀਆ ਰਿਪੋਰਟਾਂ ਸਰਕਾਰੀ ਫਾਈਲਾਂ ਦਾ ਸ਼ਿੰਗਾਰ ਬਣਕੇ ਪਹਿਲਾਂ ਪਏ ਫ਼ਈਲਾਂ ਦੇ ਗੁਬਾਰ ਵਿਚ ਸ਼ਾਮਲ ਹੋ ਕੇ ਗੁੰਮ ਜਾਂਦੀਆਂ ਹਨ। ਸਰਕਾਰਾਂ ਲੋਕਾਂ ਤੋਂ ਵੋਟਾਂ ਬਟੋਰਨ ਦੀਆਂ ਸਕੀਮਾਂ ਵਿਚ ਉਲਝੀਆਂ ਰਹਿੰਦੀਆਂ ਹਨ। ਅਜਿਹੀਆਂ ਘਟਨਾਵਾਂ ਤੋਂ ਬਾਅਦ ਸਿਆਸੀ ਲੋਕ ਮਗਰਮੱਛ ਦੇ ਅੱਥਰੂ ਵਹਾਉਂਦੇ ਹਨ, ਪ੍ਰੰਤੂ ਅਮਲੀ ਤੌਰ ’ਤੇ ਕੋਈ ਸਾਰਥਿਕ ਕੰਮ ਨਹੀਂ ਕਰਦੇ। ਸਿਆਸਤਦਾਨਾਂ ਦੇ ਅਫਸੋਸ ਦੇ ਬਿਆਨਾਂ ਨਾਲ ਸਵਰਗਵਾਸ ਹੋਏ ਲੋਕ ਵਾਪਸ ਥੋੜ੍ਹਾ ਮੁੜ ਆਉਂਦੇ ਹਨ। ਸਿਆਸਤਦਾਨਾਂ ਤੇ ਅਧਿਕਾਰੀਆਂ ਕੋਲ ਅਜਿਹੀਆਂ ਰਿਪੋਰਟਾਂ ਦੀ ਡੂੰਘਾਈ ਨਾਲ ਘੋਖਣ ਦਾ ਸਮਾਂ ਹੀ ਨਹੀਂ ਹੁੰਦਾ। ਇਹ ਪ੍ਰਣਾਲੀ ਕਿਸੇ ਇੱਕ ਪਾਰਟੀ ਦੀ ਸਰਕਾਰ ਦੀ ਨਹੀਂ, ਸਗੋਂ ਹਰ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ, ਉਹ ਸੰਜੀਦਗੀ ਤੋਂ ਕੰਮ ਨਹੀਂ ਲੈਂਦੀ। ਸਰਕਾਰਾਂ ਕੁਰਸੀਆਂ ਬਚਾਉਣ ਵਿਚ ਲੱਗੀਆਂ ਰਹਿੰਦੀਆਂ ਹਨ। ਅਸਲ ਵਿਚ ਉਨ੍ਹਾਂ ਨੂੰ ਸਰਕਾਰਾਂ ਬਚਾਉਣ ਤੋਂ ਵਿਹਲ ਹੀ ਨਹੀਂ ਮਿਲਦੀ। ਕਦੇ ਪਾਰਟੀਆਂ ਦੀ ਅੰਦਰੂਨੀ ਲੜਾਈ ਤੇ ਕਦੇ ਕੇਂਦਰ ਨਾਲ ਜੱਫਾ ਪਿਆ ਰਹਿੰਦਾ ਹੈ। ਵੋਟਰਾਂ ਨੂੰ ਤਾਂ ਮੁਫ਼ਤ ਦੀਆਂ ਵਸਤਾਂ ਦਾ ਲਾਲਚ ਦੇ ਕੇ ਭਰਮਾ ਲਿਆ ਜਾਂਦਾ ਹੈ। 2020 ਵਿਚ ਵੀ ਤਰਨਤਾਰਨ, ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ 135 ਲੋਕ ਜ਼ਹਿਰੀਲੀ ਨਕਲੀ ਸ਼ਰਾਬ ਪੀਣ ਤੋਂ ਬਾਅਦ ਮਰ ਗਏ ਸਨ, ਜਿਨ੍ਹਾਂ ਵਿਚ ਇਕੱਲੇ ਤਰਨਤਾਰਨ ਦੇ 95 ਸਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਸੀ। ਉਦੋਂ ਵੀ ਪੜਤਾਲੀਆ ਕਮੇਟੀ ਤੇ ਪੁਲਿਸ ਦੀ ਸਿੱਟ ਬਣੀ ਸੀ। ਉਸਨੇ ਵੀ ਆਪਣੀ ਬੜੀ ਲੰਬੀ ਚੌੜੀ ਰਿਪੋਰਟ ਦਿੱਤੀ ਸੀ। ਉਸਤੋਂ ਚਾਰ ਸਾਲ ਬਾਅਦ 2024 ਵਿਚ ਸੰਗਰੂਰ ਜ਼ਿਲ੍ਹੇ ਦੇ ਦਿੜ੍ਹਬਾ ਹਲਕੇ ਵਿਚ ਜ਼ਹਿਰੀਲੀ ਨਕਲੀ ਸ਼ਰਾਬ ਪੀਣ ਨਾਲ 20 ਵਿਅਕਤੀ ਮਰ ਗਏ ਸਨ। ਇਸ ਹਲਕੇ ਦੇ ਪੰਜਾਬ ਦੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਵਿਧਾਇਕ ਹਨ ਤੇ ਇਹ ਜ਼ਿਲ੍ਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਹੈ। ਉਦੋਂ ਵੀ ਉਸ ਸਮੇਂ ਦੇ ਐੱਸ.ਡੀ.ਐੱਮ. ਦੀ ਅਗਵਾਈ ਵਿਚ ਪੜਤਾਲੀਆ ਕਮੇਟੀ ਤੇ ਪੁਲਿਸ ਦੀ ਸਿੱਟ ਉਸ ਸਮੇਂ ਦੇ ਏ.ਡੀ.ਜੀ.ਪੀ. ਗੁਰਿੰਦਰ ਸਿੰਘ ਢਿੱਲੋਂ ਦੀ ਅਗਵਾਈ ਵਿਚ ਬਣੀ ਸੀ। ਪੁਲਿਸ ਵਿਭਾਗ ਦੀ ਉਸ ਸਿੱਟ ਨੇ ਅਜਿਹੀਆਂ ਦੁਰਘਟਨਾਵਾਂ ਰੋਕਣ ਲਈ ਪੰਜਾਬ ਵਿਚ ਹਰ ਪੁਲਿਸ ਸਬ ਡਵੀਜਨ ਵਿਚ ਸੰਬੰਧਤ ਡੀ.ਐੱਸ.ਪੀ., ਐੱਸ.ਐੱਚ.ਓ. ਅਤੇ ਆਬਕਾਰੀ ਅਧਿਕਾਰੀ ਨੂੰ ਜ਼ਿੰਮੇਵਾਰ ਬਣਾਇਆ ਸੀ, ਪ੍ਰੰਤੂ ਪੰਚਾਇਤ ਦਾ ਕਹਿਣਾ ਸਿਰ ਮੱਥੇ ਪਰਨਾਲਾ ਉਥੇ ਦਾ ਉਥੇ ਹੀ ਰਿਹਾ। ਇਸ ਘਟਨਾ ਦੀ ਪੜਤਾਲੀਆ ਕਮੇਟੀ ਨੇ ਇਹ ਵੀ ਸੁਝਾਅ ਦਿੱਤਾ ਸੀ ਕਿ ਪੁਲਿਸ ਵਿਭਾਗ ਦਾ ਇੱਕ ਵੱਖਰਾ ਵਿੰਗ ਬਣਾ ਦਿੱਤਾ ਜਾਵੇ, ਜਿਹੜਾ ਨਕਲੀ ਸ਼ਰਾਬ ਬਣਾਉਣ ਤੇ ਵੇਚਣ ਵਾਲਿਆਂ ’ਤੇ ਨਿਗਰਾਨੀ ਰੱਖੇਗਾ, ਤਾਂ ਜੋ ਨਕਲੀ ਸ਼ਰਾਬ ਬਣਾਈ ਹੀ ਨਾ ਜਾ ਸਕੇ। ਵਿਕੇਗੀ ਤਾਂ ਹੀ, ਜੇ ਬਣੇਗੀ। ਬਿਮਾਰੀ ਦੀ ਜੜ੍ਹ ਨੂੰ ਹੀ ਖ਼ਤਮ ਕੀਤਾ ਜਾਵੇ। ਉਸ ਰਿਪੋਰਟ ਦਾ ਵੀ ਥਹੁ ਟਿਕਾਣਾ ਨਹੀਂ ਲੱਭ ਰਿਹਾ। ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੇ ਸਮੇਂ ਪੜਤਾਲੀਆ ਕਮੇਟੀ ਨੇ ਪੈਕਸੋ ਐਕਟ ਵਰਗੀਆਂ ਸਖ਼ਤ ਧਾਰਾਵਾਂ ਲਗਾਉਣ ਦਾ ਸੁਝਾਅ ਦਿੱਤਾ ਸੀ। ਉਹ ਵੀ ਖੰਧੇ ਖਾਤੇ ਵਿਚ ਪੈ ਗਿਆ। ਦਿੜ੍ਹਬਾ ਵਾਲੀ ਨਕਲੀ ਸ਼ਰਾਬ ਨਾਲ ਮਰਨ ਤੋਂ ਲਗਪਗ ਇੱਕ ਸਾਲ ਬਾਅਦ ਮਜੀਠਾ ਵਾਲੀ ਘਟਨਾ ਵਿਚ 27 ਵਿਅਕਤੀ ਨਕਲੀ ਸ਼ਰਾਬ ਪੀਣ ਨਾਲ ਮਰ ਗਏ ਹਨ। ਮਜੀਠਾ ਪੁਲਿਸ ਥਾਣੇ ਵਿਚ ਦੋ ਮਹੀਨੇ ਪਹਿਲਾਂ ਨਕਲੀ ਜ਼ਹਿਰੀਲ ਸਰਾਬ ਵਿਕਣ ਦੀ ਸ਼ਿਕਾਇਤ ਇਲਾਕੇ ਦੇ ਲੋਕਾਂ ਨੇ ਦਿੱਤੀ ਸੀ ਕਿ ਨਕਲੀ ਸ਼ਰਾਬ ਦੋ-ਦੋ ਲਿਟਰ ਦੀਆਂ ਬੋਤਲਾਂ ਵਿਚ ਪੈਪਸੀ ਦੇ ਨਾਮ ਹੇਠ ਵੇਚੀ ਜਾ ਰਹੀ ਹੈ, ਪ੍ਰੰਤੂ ਪੁਲਿਸ ਨੇ ਗੌਲਿਆ ਹੀ ਨਹੀਂ, ਕਿਉਂਕਿ ਪੁਲਿਸ ਉਸ ਸਮੇਂ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਵਿਚ ਰੁੱਝੀ ਹੋਈ ਸੀ, ਉਹ ਨਕਲੀ ਜ਼ਹਿਰੀਲੀ ਸ਼ਰਾਬ ਨੂੰ ਨਸ਼ਾ ਸਮਝਦੇ ਹੀ ਨਹੀਂ। ਸਮਝਣ ਵੀ ਕਿਵੇਂ, ਸਰਕਾਰ ਨੇ ਤਾਂ ਸ਼ਰਾਬ ਦੇ ਠੇਕੇ ਖੋਲ੍ਹੇ ਹੋਏ ਹਨ। ਇਸ ਸਮੇਂ ਤਾਂ ਨਸ਼ਾ ਸਿੰਥੈਟਿਕ ਡਰੱਗ ਨੂੰ ਹੀ ਸਮਝਿਆ ਜਾ ਰਿਹਾ ਹੈ। ਵੈਸੇ ਜ਼ਹਿਰੀਲੀ ਸ਼ਰਾਬ ਦੀ ਘਟਨਾ ਨੇ ਸਰਕਾਰ ਦੀ ‘ਯੁੱਧ ਨਸ਼ਿਆਂ ਵਿਰੁੱਧ’ ਦੀ ਮੁਹਿੰਮ ਨੂੰ ਗ੍ਰਹਿਣ ਲਾ ਦਿੱਤਾ ਹੈ। 27 ਵਿਅਕਤੀ ਹੀ ਨਹੀਂ ਮਰੇ, ਸਗੋਂ ਉਨ੍ਹਾਂ ਦੇ ਪਰਿਵਾਰ ਵੀ ਖ਼ਤਮ ਹੋਣ ਕਿਨਾਰੇ ਪਹੁੰਚ ਗਏ ਕਿਉਂਕਿ ਉਨ੍ਹਾਂ ਦੀ ਰੋਟੀ ਰੋਜ਼ੀ ਦਾ ਮਸਲਾ ਖੜ੍ਹਾ ਹੋ ਗਿਆ। ਵਕਤੀ ਆਰਥਿਕ ਮਦਦ ਸਾਰੀ ਜ਼ਿੰਦਗੀ ਤਾਂ ਨਹੀਂ ਚਲ ਸਕਦੀ। ਹੁਣ ਸੰਬੰਧਤ ਵਿਭਾਗਾਂ ਦੇ ਛੋਟੇ ਪੱਧਰ ਦੇ ਅਧਿਕਾਰੀਆਂ ’ਤੇ ਹਮੇਸ਼ਾ ਦੀ ਤਰ੍ਹਾਂ ਮੁਅੱਤਲੀ ਦੀ ਗਾਜ ਡਿੱਗ ਪਈ ਹੈ। ਇਹ ਕੰਮ ਤਾਂ ਇੱਕ ਮਾਫ਼ੀਏ ਦਾ ਹੈ, ਜਿਸ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਇਸੇ ਕਰਕੇ ਤਾਂ ਪਿਛਲੀਆਂ ਰਿਪੋਰਟਾਂ ਦਾ ਕੁਝ ਨਹੀਂ ਬਣਿਆਂ। ਉਪਰੋਂ ਦਬਾਅ ਪੈਣ ਕਰਕੇ ਮਾਫ਼ੀਏ ਨੂੰ ਛੋਟੇ ਪੱਧਰ ਦੇ ਅਧਿਕਾਰੀ ਰੋਕ ਨਹੀਂ ਸਕਦੇ। ਹੁਣ ਤਾਂ ਮੁੱਖ ਮੰਤਰੀ ਸਾਹਿਬ ਨੇ ਖੁਦ ਹੀ ਬਿਆਨ ਦੇ ਦਿੱਤਾ ਹੈ ਕਿ ਇਹ ਸਾਰਾ ਕੁਝ ਸੰਬੰਧਤ ਵਿਭਾਗ, ਪੁਲਿਸ ਅਤੇ ਤਾਕਤਵਰ ਸਿਆਸਤਦਾਨਾਂ ਦੀ ਪੁਸ਼ਤ ਪਨਾਹੀ ਤੋਂ ਬਿਨਾ ਸੰਭਵ ਹੀ ਨਹੀਂ ਹੋ ਸਕਦਾ।

ਇਨ੍ਹਾਂ ਨਕਲੀ ਸ਼ਰਾਬ ਪੀਣ ਦੀਆਂ ਘਟਨਾਵਾਂ ਵਿਚ ਗ਼ਰੀਬ ਲੋਕ ਹੀ ਕਿਉਂ ਮਰਦੇ ਹਨ? ਇਹ ਵੀ ਵਿਚਾਰਨਯੋਗ ਹੈ ਕਿਉਂਕਿ ਗ਼ਰੀਬ ਮਹਿੰਗੀ ਸ਼ਰਾਬ ਖਰੀਦਕੇ ਪੀ ਨਹੀਂ ਸਕਦਾ ਕਿਉਂਕਿ ਉਸਨੇ ਬੱਚੇ ਵੀ ਪਾਲਣੇ ਹੁੰਦੇ ਹਨ। ਅਸਲੀ ਸ਼ਰਾਬ ਬਹੁਤ ਮਹਿੰਗੀ ਹੋ ਗਈ। ਇਸ ਲਈ ਉਹ ਸਸਤੀ ਸ਼ਰਾਬ ਖਰੀਦਦਾ ਹੈ। ਇਹ ਸ਼ਰਾਬ ਮੈਥੇਨੌਲ ਕੈਮੀਕਲ ਨਾਲ ਬਣਾਈ ਜਾਂਦੀ ਹੈ। ਜਦੋਂ ਇਹ ਸਾਰਾ ਕੁਝ ਪਤਾ ਹੈ ਕਿ ਮੈਥੇਨੌਲ ਵਰਤਿਆ ਜਾਂਦਾ ਹੈ, ਤਾਂ ਇਸ ਦੀ ਵਿਕਰੀ ’ਤੇ ਪਾਬੰਦੀ ਕਿਉਂ ਨਹੀਂ ਲਗਾਈ ਜਾਂਦੀ? ਕੇਂਦਰ ਸਰਕਾਰ ਵੱਲੋਂ ਇਸ ਦੀ ਖਰੀਦ ਦੇ ਨਿਯਮ ਬਣਾ ਦਿੱਤੇ ਜਾਣ, ਕੌਣ ਅਤੇ ਕਿਵੇਂ ਖਰੀਦ ਸਕਦਾ ਹੈ। ਜੇ ਸਰਕਾਰ ਸੰਜੀਦਗੀ ਤੋਂ ਕੰਮ ਲਵੇ, ਤਾਂ ਸਾਰਾ ਕੁਝ ਨਿਯਮਤ ਹੋ ਸਕਦਾ ਹੈ। ਮੈਥੇਨੌਲ ਆਨ ਲਾਈਨ ਮਿਲਦਾ ਹੈ, ਜਿਸਨੂੰ ਕੋਈ ਵੀ ਖਰੀਦ ਸਕਦਾ ਹੈ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਸਰਕਾਰ ਕੋਈ ਸਾਰਥਿਕ ਅਜਿਹੇ ਕਾਨੂੰਨ ਬਣਾਏ, ਜਿਹੜੇ ਮਿਸਾਲੀ ਸਜ਼ਾ ਦੇਣ ਦੇ ਸਮਰੱਥ ਹੋਣ, ਤਾਂ ਜੋ ਕਚਹਿਰੀਆਂ ਵਿਚ ਜਾ ਕੇ ਦੋਸ਼ੀ ਬਚ ਨਾ ਸਕਣ।

# ਗੁਰੂ ਨਾਨਕ ਜਹਾਜ਼ ਦੇ ਸਫ਼ਰ ਦੀ 111ਵੀਂ ਵਰ੍ਹੇਗੰਢ ਮੌਕੇ ਵੈਨਕੂਵਰ (ਕੈਨੇਡਾ) ’ਚ ਵਿਸ਼ਾਲ ਸਮਾਗਮ 25 ਨੂੰ : ਤਲਵੰਡੀ

ਕੈਨੇਡਾ ਵਿਚ ਭਾਰਤੀਆਂ ਦੇ ਦਾਖਲੇ ਅਤੇ ਉੱਥੇ ਸਥਾਪਿਤ ਹੋਣ ਲਈ ਚੱਲੇ ਸੰਘਰਸ਼ ਦੌਰਾਨ ਸੰਨ੍ਹ 1914 ਨੂੰ ਗੁਰੂ ਨਾਨਕ ਜਹਾਜ ਦੀ ਵਾਪਰੀ ਘਟਨਾ ਨੂੰ ਬੜਾ ਹੀ ਅਹਿਮ ਮੰਨਿਆ ਜਾ ਰਿਹਾ ਹੈ। ਉਸ ਵੇਲੇ ਕੈਨੇਡਾ ’ਤੇ ਰਾਜ ਕਰ ਰਹੇ ਬ੍ਰਿਟਿਸ਼ ਸਾਮਰਾਜ ਦੁਆਰਾ ਭਾਰਤੀਆਂ ਦੇ ਦਾਖਲੇ ਨੂੰ ਰੋਕਣ ਦੇ ਉਦੇਸ਼ ਤਹਿਤ ਕੁੱਝ ਪਾਬੰਦੀਆਂ ਲਗਾ ਦਿੱਤੀਆਂ ਗਈਆਂ ਸਨ। ਬ੍ਰਿਟਿਸ਼ ਸਰਕਾਰ ਦੇ ਇਸ ਫੈਸਲੇ ਖਿਲਾਫ ਕੈਨੇਡਾ ਦੇ ਧਨਾਢ ਵਪਾਰੀ ਬਾਬਾ ਗੁਰਦਿੱਤ ਸਿੰਘ ਦੁਆਰਾ ਜਹਾਜ਼ ਕਿਰਾਏ ’ਤੇ ਲੈ ਕੇ ਕੈਨੇਡਾ ਲੈ ਜਾਣਾ ਅਤੇ ਸਰਕਾਰ ਦਾ ਜ਼ੁਲਮ ਸਹਿਣਾ ਕੋਈ ਆਮ ਵਰਤਾਰਾ ਨਹੀਂ ਸੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪ੍ਰਵਾਸੀ ਪੰਜਾਬੀ ਲੇਖਕ ਤੇ ਪੱਤਰਕਾਰ ਗੁਰਪ੍ਰੀਤ ਸਿੰਘ ਤਲਵੰਡੀ ਨੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਅਨੁਸਾਰ ਪੰਜਾਬੀ ਮੂਲ ਦੇ ਲੋਕ ਜੇਕਰ ਅੱਜ ਵਿਦੇਸ਼ੀ ਧਰਤੀਆਂ ’ਤੇ ਚੰਗਾ ਮਾਣ-ਸਤਿਕਾਰ ਹਾਸਲ ਕਰ ਰਹੇ ਹਨ ਤੇ ਚੰਗੇ ਅਹੁਦਿਆਂ ’ਤੇ ਬੈਠੇ ਹਨ, ਤਾਂ ਉਹ ਬਾਬਾ ਗੁਰਦਿੱਤ ਸਿੰਘ ਵਰਗੇ ਹੋਰਨਾਂ ਵੀ ਮਹਾਨ ਯੋਧਿਆਂ ਦੀਆਂ ਕੁਰਬਾਨੀਆਂ ਕਾਰਨ ਹੀ ਸੰਭਵ ਹੈ। ਤਲਵੰਡੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤੀਆਂ ਨੂੰ ਕੈਨੇਡਾ ਵਿਚ ਦਾਖਲਾ ਦਿਵਾਉਣ ਲਈ ਬਾਬਾ ਗੁਰਦਿੱਤ ਸਿੰਘ ਦੁਆਰਾ ਕੈਨੇਡਾ ਲਿਜਾਏ ਗਏ ਗੁਰੂ ਨਾਨਕ ਜਹਾਜ਼ ਦੇ ਸਫਰ ਦੀ 111ਵੀਂ ਵਰ੍ਹੇਗੰਢ ਸੰਬੰਧੀ ਵਿਸ਼ਾਲ ਸਮਾਗਮ ਵੈਨਕੂਵਰ (ਕੈਨੇਡਾ) ਵਿਚ 25 ਮਈ ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਅਨੁਸਾਰ ਹਾਂਗਕਾਂਗ ਤੋਂ ਭਾਰਤੀ ਯਾਤਰੀਆਂ ਨੂੰ ਲੈ ਕੇ ਕੈਨੇਡਾ ਪਹੁੰਚਣ ਲਈ ਤੁਰਿਆ ਇਹ ਜਹਾਜ਼ 23 ਮਈ 1914 ਨੂੰ ਵੈਨਕੂਵਰ ਦੀ ਹਰਬਰ ਪੋਰਟ ’ਤੇ ਪੁੱਜਾ ਸੀ। ਇਸ ਜਹਾਜ਼ ਵਿਚ 376 ਭਾਰਤੀ ਮੁਸਾਫਿਰ ਸਫਰ ਕਰ ਰਹੇ ਸਨ। ਬੀਤੇ ਸਾਲ ਵੈਨਕੂਵਰ ਦੀ ਬੰਦਰਗਾਹ ਵਿਖੇ ਉੱਘੇ ਲੇਖਕ, ਪੱਤਰਕਾਰ ਤੇ ਚਿੰਤਕ ਡਾ: ਗੁਰਵਿੰਦਰ ਸਿੰਘ ਧਾਲੀਵਾਲ ਦੇ ਯਤਨਾਂ ਸਦਕਾ ਕਰਵਾਏ ਗਏ ਇਸ ਸਮਾਗਮ ਦੌਰਾਨ ਬਾਬਾ ਗੁਰਦਿੱਤ ਸਿੰਘ ਦੁਆਰਾ ਗੁਰੂ ਨਾਨਕ ਜਹਾਜ਼ ਦੇ ਸਮੁੱਚੇ ਘਟਨਾਕ੍ਰਮ ਬਾਰੇ ਖੁਦ ਲਿਖੀ ਕਿਤਾਬ ਵੀ ਲੋਕ ਅਰਪਿਤ ਕੀਤੀ ਗਈ। ਦੱਸਣਯੋਗ ਹੈ ਕਿ ਤਲਵੰਡੀ ਦੀ ਹਾਲ ਹੀ ਵਿਚ ਛਪੀ ਕਿਤਾਬ (ਹੂਕ ਸਮੁੰਦਰੋਂ ਪਾਰ ਦੀ) ਵਿਚ ਵੀ ਗੁਰੂ ਨਾਨਕ ਜਹਾਜ਼ ਬਾਰੇ ਖੋਜ ਭਰਪੂਰ ਲੇਖ ਲਿਖਿਆ ਹੋਇਆ ਹੈ। ਇਸ ਤੋਂ ਬਿਨ੍ਹਾਂ ਤਲਵੰਡੀ ਨੇ ਪੰਜਾਬੀ ਅਦਾਕਾਰ ਤਰਸੇਮ ਜੱਸੜ ਦੀ ਫਿਲਮ ‘ਗੁਰੂ ਨਾਨਕ ਜਹਾਜ’ ਦੀ ਵੀ ਰੱਜ ਕੇ ਸ਼ਲਾਘਾ ਕੀਤੀ।



ਗੁਰਪ੍ਰੀਤ ਸਿੰਘ ਤਲਵੰਡੀ

# ਸਰੀਰ ਦੀ ਜੁਗਤ ਜਾਂ ਸਸ਼ਕਤੀਕਰਨ ਦਾ ਭਰਮ?

## "ਸੋਸ਼ਲ ਮੀਡੀਆ 'ਤੇ ਸਰੀਰ ਦਾ ਐਕਸਪੋਜਰ: ਸਸ਼ਕਤੀਕਰਨ ਜਾਂ ਸਵੈ-ਮਾਣ ਸੰਕਟ?"

## "ਪਸੰਦਾਂ ਦੀ ਦੌੜ ਵਿਚ ਪਛਾਣ ਗੁਆਉਣਾ: ਮਹਿਲਾ ਸਸ਼ਕਤੀਕਰਨ ਦਾ ਅਸਲ ਅਰਥ"

ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ,
ਹਿਸਾਰ, (ਹਰਿਆਣਾ)
ਮੋ : 70153-75570
ਪੰਜਾਬ ਮੇਲ USA





ਅੱਜਕੱਲ੍ਹ ਔਰਤਾਂ ਨੂੰ ਕੀ ਹੋ ਗਿਆ ਹੈ? ਸੋਸ਼ਲ ਮੀਡੀਆ 'ਤੇ ਉੱਠ ਰਹੇ ਹੰਗਾਮੇ ਵਿਚ, ਹਰ ਪਾਸੇ ਸਿਰਫ਼ ਇੱਕ ਹੀ ਆਵਾਜ਼ ਗੂੰਜ ਰਹੀ ਹੈ - ਸਰੀਰ ਦੇ ਸੰਪਰਕ ਦੀ। ਕਿਤੇ ਤਿੜਕਦੀਆਂ ਰੀਲਾਂ ਵਿਚ, ਕਿਤੇ ਭੜਕਦੀਆਂ ਅਤੇ ਉਲਝਣ ਵਾਲੀਆਂ ਨਾਚ ਚਾਲਾਂ ਵਿਚ ਅਤੇ ਕਿਤੇ ਜ਼ੂਮ ਕੀਤੀਆਂ ਅੱਖਾਂ ਦੇ ਵਿਚਕਾਰ, ਸਿਰਫ ਇੱਕ ਹੀ ਪ੍ਰਦਰਸ਼ਨ ਹੈ, ਉਸਦੇ ਚੁਸਤ ਸਰੀਰ ਦੀ ਸ਼ੈਲੀ। ਜਿਵੇਂ ਸਰੀਰ ਹੀ ਪਛਾਣ ਬਣ ਗਿਆ ਹੋਵੇ।

ਜੇ ਸੱਚ ਕਿਹਾ ਜਾਵੇ, ਤਾਂ ਇਸ ਯੁੱਗ ਵਿਚ, ਵੇਸਵਾਗਮਨੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਖੁੱਲ੍ਹ ਕੇ ਹੋ ਰਹੀ ਹੈ। ਸੋਸ਼ਲ ਮੀਡੀਆ ਨੇ ਸਰੀਰ ਨੂੰ ਇੱਕ 'ਉਤਪਾਦ' ਬਣਾ ਦਿੱਤਾ ਹੈ, ਜਿੰਨਾ ਜ਼ਿਆਦਾ ਤੁਸੀਂ ਇਸਨੂੰ ਦਿਖਾਉਂਦੇ ਹੋ, ਓਨੇ ਹੀ ਜ਼ਿਆਦਾ ਲਾਈਕਸ, ਫਾਲੋਅਰਜ਼ ਅਤੇ ਵਿਊਜ਼ ਤੁਹਾਨੂੰ ਮਿਲਦੇ ਹਨ। ਜਿਵੇਂ ਕਿ ਸਵੈ-ਮਾਣ ਦਾ ਕੱਦ ਹੁਣ ਟਿੱਪਣੀਆਂ ਦੀ ਲੰਬਾਈ ਅਤੇ ਲਾਈਕਸ ਦੀ ਗਿਣਤੀ ਤੋਂ ਮਾਪਿਆ ਜਾਂਦਾ ਹੈ।

ਜੋ ਕਦੇ ਸੱਭਿਅਤਾ ਦੀ ਪਛਾਣ ਸੀ, ਉਹ ਹੁਣ ਡਿਜੀਟਲ ਬਾਜ਼ਾਰ ਵਿਚ ਵਿਕ ਰਿਹਾ ਹੈ। ਇੱਕ ਅਜਿਹੇ ਸਮਾਜ ਵਿਚ ਜਿੱਥੇ ਔਰਤ ਦਾ ਸਤਿਕਾਰ ਉਸਦੀਆਂ ਅੱਖਾਂ ਵਿਚ ਨਿਮਰਤਾ, ਉਸਦੇ ਚਿਹਰੇ ਦੀ ਕੋਮਲਤਾ ਅਤੇ ਉਸਦੇ ਆਚਰਣ ਦੀ ਸ਼ਾਨ ਦੁਆਰਾ ਮਾਪਿਆ ਜਾਂਦਾ ਸੀ, ਅੱਜ ਉਸਦਾ ਵਜੂਦ ਉਸਦੇ ਬਲਾਊਜ਼ ਦੇ ਆਕਾਰ ਅਤੇ ਉਸਦੇ ਵੱਛਿਆਂ ਦੇ ਪ੍ਰਦਰਸ਼ਨ ਤੱਕ ਸੀਮਤ ਹੈ।

ਇਹ ਡਿਜੀਟਲ ਕ੍ਰਾਂਤੀ ਦਾ ਇੱਕ ਅਜੀਬ ਯੁੱਗ ਹੈ, ਜਿੱਥੇ ਔਰਤਾਂ ਨੇ 'ਦਲੇਰ' ਹੋਣ ਨੂੰ 'ਆਪਣਾ ਸਰੀਰ ਦਿਖਾਉਣ' ਨਾਲ ਝੂਠਾ ਜੋੜ ਦਿੱਤਾ ਹੈ। ਇਹ ਕਿਹੋ ਜਿਹੀ ਆਜ਼ਾਦੀ ਹੈ, ਜਿੱਥੇ ਆਪਣੀ ਪਛਾਣ ਦੀ ਕੀਮਤ ਸਰੀਰ ਦੇ ਟੁਕੜਿਆਂ ਵਿਚ ਚੁਕਾਉਣੀ ਪੈਂਦੀ ਹੈ? ਕੀ ਉਹ ਨਾਰੀਵਾਦ ਜਿਸ ਪਿੱਛੇ ਔਰਤਾਂ ਉੱਭਰ ਰਹੀਆਂ ਹਨ, ਅਸਲ ਵਿਚ ਨਾਰੀ ਸ਼ਕਤੀ ਦਾ ਉਭਾਰ ਹੈ ਜਾਂ ਇਹ ਸਿਰਫ਼ ਪਸੰਦਾਂ ਅਤੇ ਫਾਲੋਅਰਜ਼ ਦੀ ਦੌੜ ਹੈ?

ਜ਼ਰਾ ਸੋਚੋ ਕਿ ਕਿੰਨੀਆਂ ਔਰਤਾਂ ਆਪਣੇ ਸਰੀਰ ਨੂੰ ਪ੍ਰਦਰਸ਼ਿਤ ਕਰਨ ਦੀ ਇਸ ਦੌੜ ਵਿਚ ਆਪਣੇ ਆਪ ਨੂੰ ਗੁਆ ਰਹੀਆਂ ਹਨ? ਕੀ ਇਹ ਸੱਚਮੁੱਚ ਸਸ਼ਕਤੀਕਰਨ ਹੈ ਜਾਂ ਇੱਕ ਨਵਾਂ ਬੰਧਨ, ਜਿੱਥੇ ਔਰਤਾਂ ਇੱਕ ਡਿਜੀਟਲ ਪਿੰਜਰੇ ਵਿਚ ਫਸ ਰਹੀਆਂ ਹਨ, ਆਪਣੀ ਅਸਲ ਪਛਾਣ ਗੁਆ ਰਹੀਆਂ ਹਨ ਅਤੇ ਸਿਰਫ਼ ਇੱਕ ਸਰੀਰ ਬਣ ਰਹੀਆਂ ਹਨ?

ਔਰਤਾਂ ਦੀ ਆਜ਼ਾਦੀ ਦਾ ਅਰਥ ਸਵੈ-ਮਾਣ, ਸਿੱਖਿਆ ਅਤੇ ਫੈਸਲੇ ਲੈਣ ਦੀ ਆਜ਼ਾਦੀ ਸੀ, ਨਾ ਕਿ ਸਿਰਫ਼ ਸਰੀਰ ਦਿਖਾਉਣ ਦਾ ਅਧਿਕਾਰ। ਇਹ ਕਿਸੇ ਨੂੰ ਸੋਨੇ ਦੀ ਚਿੜੀ ਬਣਾ ਕੇ ਪਿੰਜਰੇ ਵਿਚ ਕੈਦ ਕਰਨ ਵਾਂਗ ਹੈ।

ਸਵਾਲ ਇਹ ਹੈ ਕਿ ਕੀ ਸਾਨੂੰ ਇਸ ਡਿਜੀਟਲ ਸ਼ੋਰ ਤੋਂ ਬਾਹਰ ਨਿਕਲ ਕੇ ਅਸਲੀ ਆਜ਼ਾਦੀ ਦੇ ਅਰਥ ਨੂੰ ਸਮਝਣ ਦੀ ਲੋੜ ਹੈ? ਜਾਂ ਕੀ ਅਸੀਂ ਲਾਈਕਸ ਅਤੇ ਫਾਲੋਅਰਜ਼ ਦੀ ਖੇਡ ਵਿਚ ਉਲਝ ਕੇ ਆਪਣੀ ਅਸਲੀ ਪਛਾਣ ਗੁਆ ਦੇਵਾਂਗੇ?

ਅੱਜ ਸੋਸ਼ਲ ਮੀਡੀਆ ਇੱਕ ਅਜਿਹਾ ਪਲੇਟਫਾਰਮ ਬਣ ਗਿਆ ਹੈ, ਜਿੱਥੇ ਕੁਝ ਔਰਤਾਂ ਆਪਣੇ ਆਪ ਨੂੰ ਸਾਬਤ ਕਰਨ ਲਈ ਹਰ ਹੱਦ ਪਾਰ ਕਰ ਰਹੀਆਂ ਹਨ। ਜੇਕਰ ਛੋਟੇ ਕੱਪੜੇ ਪਾਉਣਾ ਅਤੇ ਬੋਲਡ ਪੋਜ਼ ਦੇਣਾ 'ਦਲੇਰੀ' ਹੈ, ਤਾਂ ਆਤਮ-ਵਿਸ਼ਵਾਸ, ਸਿੱਖਿਆ ਅਤੇ ਸਵੈ-ਮਾਣ ਬਾਰੇ ਕੀ? ਕੀ ਇਹ ਸਸ਼ਕਤੀਕਰਨ ਦਾ ਅਸਲ ਅਰਥ ਹੈ? ਕੀ ਸਾਡਾ ਸਮਾਜ ਸੱਚਮੁੱਚ ਇੰਨਾ ਸਤਹੀ ਹੋ ਗਿਆ ਹੈ ਕਿ ਅਸੀਂ ਕਿਸੇ ਦੀ ਕੀਮਤ ਨੂੰ ਸਿਰਫ਼ ਉਸਦੇ ਸਰੀਰ ਦੇ ਆਧਾਰ 'ਤੇ ਹੀ ਪਰਖਣਾ ਸ਼ੁਰੂ ਕਰ ਦਿੰਦੇ ਹਾਂ?

ਇਸ ਬਾਰੇ ਸੋਚੋ; ਕੀ ਅੱਜ ਜੋ ਔਰਤਾਂ ਸਰੀਰ ਦੇ ਸੰਪਰਕ ਨੂੰ ਸਸ਼ਕਤੀਕਰਨ ਸਮਝਦੀਆਂ ਹਨ, ਉਹ ਸੱਚਮੁੱਚ ਸਸ਼ਕਤ ਮਹਿਸੂਸ ਕਰਦੀਆਂ ਹਨ? ਕੀ ਉਹ ਜਾਣਦੀ ਹੈ ਕਿ ਉਹ ਸਿਰਫ਼ ਇੱਕ ਡਿਜੀਟਲ ਉਤਪਾਦ ਬਣ ਗਈ ਹੈ, ਜਿਸਦਾ ਮੁੱਲ ਸਿਰਫ਼ ਉਸਦੇ ਸਰੀਰ ਦੇ ਆਕਾਰ ਅਤੇ ਨੱਚਣ ਦੇ ਹੁਨਰ ਦੁਆਰਾ ਮਾਪਿਆ ਜਾਂਦਾ ਹੈ?

ਇਹ ਸਿਰਫ਼ ਔਰਤਾਂ ਦੀ ਸਮੱਸਿਆ ਨਹੀਂ ਹੈ, ਸਗੋਂ ਪੂਰੇ ਡਿਜੀਟਲ ਸੱਭਿਆਚਾਰ ਦੀ ਸਮੱਸਿਆ ਹੈ, ਜਿਸਨੇ ਔਰਤ ਦੇ ਸਰੀਰ ਨੂੰ ਮਨੋਰੰਜਨ ਸਮੱਗਰੀ ਵਿਚ ਬਦਲ ਦਿੱਤਾ ਹੈ। ਉਹ ਸਰੀਰ ਜੋ ਕਦੇ ਮਾਂ ਬਣਨ, ਪਿਆਰ ਅਤੇ ਦਇਆ ਦਾ ਪ੍ਰਤੀਕ ਹੁੰਦਾ ਸੀ, ਅੱਜ ਸਿਰਫ਼ ਵਿਚਾਰਾਂ ਅਤੇ ਪੈਰੋਕਾਰਾਂ ਦੀ ਭੁੱਖ ਦਾ ਇੱਕ ਸਾਧਨ ਬਣ ਗਿਆ ਹੈ।

ਤਾਂ ਸਵਾਲ ਇਹ ਹੈ ਕਿ ਕੀ ਸਾਨੂੰ ਇਸ ਡਿਜੀਟਲ ਸ਼ੋਰ ਤੋਂ ਬਾਹਰ ਨਿਕਲ ਕੇ ਅਸਲੀ ਆਜ਼ਾਦੀ ਦੇ ਅਰਥ ਨੂੰ ਸਮਝਣ ਦੀ ਲੋੜ ਹੈ? ਜਾਂ ਕੀ ਅਸੀਂ ਲਾਈਕਸ ਅਤੇ ਫਾਲੋਅਰਜ਼ ਦੀ ਖੇਡ ਵਿਚ ਉਲਝ ਕੇ ਆਪਣੀ ਅਸਲੀ ਪਛਾਣ ਗੁਆ ਦੇਵਾਂਗੇ? ਅੰਤ ਵਿਚ, ਸਵਾਲ ਇਹ ਹੈ: ਕੀ ਸਰੀਰ ਦੇ ਸੰਪਰਕ ਵਿਚ ਆਉਣਾ ਸੱਚਮੁੱਚ ਸ਼ਕਤੀ ਪ੍ਰਦਾਨ ਕਰਦਾ ਹੈ ਜਾਂ ਸਿਰਫ਼ ਇੱਕ ਭਰਮ? ਕੀ ਅੱਜ ਦੀ ਔਰਤ ਆਪਣੀ ਅਸਲ ਪਛਾਣ ਤੋਂ ਦੂਰ ਜਾ ਰਹੀ ਹੈ, ਜਿੱਥੇ ਉਸਦੀ ਤਾਕਤ, ਬੁੱਧੀ ਅਤੇ ਆਤਮ-ਵਿਸ਼ਵਾਸ ਦੀ ਬਜਾਏ, ਸਿਰਫ ਉਸਦੇ ਸਰੀਰ ਦੀ ਸ਼ਕਲ ਅਤੇ ਆਕਰਸ਼ਣ ਹੀ ਮਹੱਤਵਪੂਰਨ ਹੋ ਗਏ ਹਨ? ਇਹ ਡਿਜੀਟਲ ਯੁੱਗ ਸਾਨੂੰ ਨਵੀਆਂ ਸੰਭਾਵਨਾਵਾਂ ਅਤੇ ਪ੍ਰਗਟਾਵੇ ਦੀ ਆਜ਼ਾਦੀ ਦਿੰਦਾ ਹੈ, ਪਰ ਕੀ ਇਹ ਆਜ਼ਾਦੀ ਸੱਚਮੁੱਚ ਸਾਨੂੰ ਆਜ਼ਾਦ ਕਰ ਰਹੀ ਹੈ ਜਾਂ ਸਾਨੂੰ ਕਿਸੇ ਹੋਰ ਜਾਲ ਵਿਚ ਫਸਾ ਰਹੀ ਹੈ?

ਔਰਤਾਂ ਦੀ ਆਜ਼ਾਦੀ ਦਾ ਅਰਥ ਸਿਰਫ਼ ਕੱਪੜਿਆਂ ਦੀ ਲੰਬਾਈ ਜਾਂ ਸਰੀਰ ਦੇ ਪ੍ਰਦਰਸ਼ਨ ਤੱਕ ਸੀਮਤ ਨਹੀਂ ਹੈ। ਅਸਲੀ ਆਜ਼ਾਦੀ ਆਪਣੇ ਵਿਚਾਰਾਂ, ਅਧਿਕਾਰਾਂ ਅਤੇ ਸਵੈ-ਮਾਣ ਦੀ ਰੱਖਿਆ ਕਰਨਾ ਹੈ। ਇਹੀ ਆਜ਼ਾਦੀ ਹੈ, ਜੋ ਇੱਕ ਔਰਤ ਨੂੰ ਉਸਦੀ ਅਸਲੀ ਪਛਾਣ ਦਿੰਦੀ ਹੈ - ਇੱਕ ਪੜ੍ਹੇ-ਲਿਖੇ, ਸਵੈ-ਨਿਰਭਰ ਅਤੇ ਸਸ਼ਕਤ ਵਿਅਕਤੀ ਵਜੋਂ।


ਸੋਸ਼ਲ ਮੀਡੀਆ 'ਤੇ ਜੋ ਦਿਖਾਵੇ ਦੀ ਦੌੜ ਚੱਲ ਰਹੀ ਹੈ, ਉਹ ਸਿਰਫ਼ ਲਾਈਕਸ ਅਤੇ ਫਾਲੋਅਰਜ਼ ਦੀ ਦੌੜ ਨਹੀਂ ਹੈ, ਸਗੋਂ ਇਹ ਘਟਦੇ ਆਤਮ-ਸਨਮਾਨ ਦਾ ਪ੍ਰਤੀਕ ਵੀ ਹੈ। ਇਹ ਇੱਕ ਡਿਜੀਟਲ ਪਿੰਜਰਾ ਹੈ, ਜਿੱਥੇ ਔਰਤਾਂ, ਭਾਵੇਂ ਉਹ ਆਪਣੇ ਆਪ ਨੂੰ ਸੁਤੰਤਰ ਸਮਝਦੀਆਂ ਹਨ, ਫਿਰ ਵੀ ਇੱਕ ਡੂੰਘੇ ਬੰਧਨ ਵਿਚ ਬੱਝੀਆਂ ਹੋਈਆਂ ਹਨ।

ਸਾਨੂੰ ਇਹ ਸਮਝਣਾ ਪਵੇਗਾ ਕਿ ਅਸਲ ਸਸ਼ਕਤੀਕਰਨ ਸਵੈ-ਨਿਰਭਰਤਾ, ਸਿੱਖਿਆ ਅਤੇ ਸਵੈ-ਮਾਣ ਵਿਚ ਹੈ, ਨਾ ਕਿ ਸਿਰਫ਼ ਸਰੀਰ ਦੇ ਪ੍ਰਦਰਸ਼ਨ ਵਿਚ। ਜੇਕਰ ਅਸੀਂ ਸੱਚਮੁੱਚ ਔਰਤਾਂ ਨੂੰ ਸਸ਼ਕਤ ਬਣਾਉਣਾ ਚਾਹੁੰਦੇ ਹਾਂ, ਤਾਂ ਸਾਨੂੰ ਇਸ ਗਲਤ ਧਾਰਨਾ ਤੋਂ ਬਾਹਰ ਆਉਣਾ ਪਵੇਗਾ ਅਤੇ ਇੱਕ ਅਜਿਹਾ ਸਮਾਜ ਸਿਰਜਣਾ ਪਵੇਗਾ ਜਿੱਥੇ ਔਰਤਾਂ ਆਪਣੀ ਪਛਾਣ ਸਿਰਫ਼ ਆਪਣੇ ਸਰੀਰ ਨਾਲ ਨਹੀਂ, ਸਗੋਂ ਆਪਣੇ ਵਿਚਾਰਾਂ ਨਾਲ ਬਣਾਉਣ।

# ਇਨਸਾਨ ਨੂੰ ਇਨਸਾਨ ਹੀ ਰਹਿਣ ਦਿਓ

ਜਸਵੰਤ ਸਿੰਘ ਜੋਗਾ
ਫੋਨ : 62396-43306
ਪੰਜਾਬ ਮੇਲ USA





ਅਕਸਰ ਅਸੀਂ ਜਾਣਦੇ ਹਾਂ ਕਿ ਸਾਰੀ ਦੁਨੀਆਂ ਦੇ ਇਨਸਾਨ ਇੱਕੋ ਮਾਸ ਮਿੱਟੀ ਦੇ ਬਣੇ ਹੋਏ ਹਨ। ਪਰ ਉਸੇ ਹੀ ਇੱਕੋ ਮਿੱਟੀ ਦੇ ਬਣੇ ਇਨਸਾਨਾਂ ਨੇ ਦੂਸਰੇ ਇਨਸਾਨ ਨੂੰ ਬਦਲ ਕੇ ਹੀ ਰੱਖ ਦਿੱਤਾ ਹੈ। ਇਹ ਬਦਲਾਅ ਸਦੀਆਂ ਤੋਂ ਚੱਲਦਾ ਆ ਰਿਹਾ ਹੈ, ਸਮੇਂ-ਸਮੇਂ 'ਤੇ ਖਾਲਸ ਇਨਸਾਨਾਂ ਨੇ ਦੁਨੀਆਂ ਨੂੰ ਵੀ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਕਿਸੇ ਨੂੰ ਵੱਖ ਨਾ ਸਮਝੋ, ਸਭ ਇੱਕੋ ਰਸਤੇ ਪੈਦਾ ਹੋਏ ਹਨ ਪਰ ਕੁਝ ਸਮਝ ਗਏ ਕੁਝ ਨੇ ਇੰਝ ਕਰਨਾ ਆਪਣੇ ਆਪ ਨੂੰ ਠੀਕ ਨੀ ਲੱਗਿਆ।

ਪਰ ਇਨਸਾਨੀਅਤ ਤੋਂ ਉਲਟ ਚੱਲਣ ਵਾਲੇ ਅਜਿਹੇ ਲੋਕਾਂ ਦਾ ਚਲਾਇਆ ਮਾਇਆਜਾਲ ਅੱਜ ਤੱਕ ਕਾਬਜ਼ ਹੈ। ਕੁਝ ਸਮਾਂ ਪਹਿਲਾਂ ਆਮੀਰ ਖਾਨ ਦੀ ਫਿਲਮ "ਪੀ ਕੇ" ਆਈ ਸੀ, ਸਮਝਣ ਦੀ ਕੋਸ਼ਿਸ਼ ਸੀ, ਤਾਂ ਉਸ ਫਿਲਮ ਦਾ ਮੁੱਖ ਮੰਤਵ ਸਾਨੂੰ ਇਹੋ ਸੁਨੇਹਾ ਦੇਣਾ ਸੀ ਕਿ ਇਨਸਾਨ ਨੂੰ ਇਨਸਾਨ ਸਮਝੋ। ਸਭ ਤੋਂ ਵੱਡਾ ਇਨਸਾਨੀਅਤ ਦਾ ਵੈਰੀ ਜਾਤ-ਪਾਤ ਸਿਸਟਮ ਹੈ, ਜਿਸ ਵਿਚ ਲੋਕ ਲੁਪਤ ਹੋ ਚੁੱਕੇ ਹਨ। ਇਨਸਾਨ ਇਨਸਾਨ ਹੀ ਹੁੰਦਾ ਹੈ। ਚਾਹੇ ਉਹ ਜੱਟ, ਚਮਾਰ, ਬਾਜ਼ੀਗਰ, ਮਜ਼ਬੀ, ਛੀਂਬਾ, ਘੁਮਿਆਰ, ਪੰਡਤ, ਸੇਠ, ਬ੍ਰਾਹਮਣ, ਖੱਤਰੀ, ਆਦਿ ਹੋਵੇ ਪਰ ਉਪਰੋਕਤ ਜਾਤ-ਪਾਤ ਵਿਚ ਫਸੇ ਲੋਕ ਆਪਣੇ ਆਪ ਨੂੰ ਇੰਝ ਸਮਝਣਾ ਸ਼ੁਰੂ ਕਰ ਦਿੰਦੇ ਹਨ, ਜਿਵੇਂ ਉਨ੍ਹਾਂ ਨੂੰ ਲੱਗਦਾ ਹੋਵੇ ਕਿ ਉਨ੍ਹਾਂ ਦੇ ਕੁਝ ਅਲੱਗ ਸਿੰਗ ਲੱਗੇ ਹੋਣ। ਇਹ ਲੋਕ ਆਪਣੀ ਆਪਣੀ ਜਾਤ ਦਾ ਗੁਮਾਨ ਕਰਦਿਆਂ ਇੱਕ ਦੂਜੇ ਨੂੰ ਉੱਚਾ ਨੀਵਾਂ ਸਮਝਦੇ ਹਨ, ਜੋ ਕਿ ਸਭ ਤੋਂ ਘਟੀਆ ਵਰਤਾਰਾ ਹੈ।

ਸਿੱਖ ਇਤਿਹਾਸ ਵਿਚ ਇੱਕ ਗੰਗੂ ਦਾ ਨਾਮ ਆਉਂਦਾ ਮੰਨਿਆ ਕਿ ਗੁਨਾਹਗਾਰ ਸੀ ਪਰ ਕੀ ਉਸ ਨਾਲ ਸਾਰੇ ਉਸਦੇ ਉਸ ਸਮੇਂ ਦੇ ਜਾਂ ਹੁਣ ਉਸ ਦੇ ਅਗਲੇਰਿਆਂ ਪਰਿਵਾਰਾਂ ਨੂੰ ਭੰਡਣਾ ਕਿ ਉਹ ਗੰਗੂ ਦੀ ਔਲਾਦ ਨੇ ਕੀ ਉਹ ਸਹੀ ਹੈ? ਇੱਕ ਇਨਸਾਨ ਗਲਤ ਹੋ ਸਕਦਾ ਪਰ ਸਾਰੇ ਨੀ। ਜੇ ਇਹੀ ਜਾਤਾਂ-ਪਾਤਾਂ ਦੇ ਜੁਗਲ ਵਿਚ ਫਸੇ ਲੋਕ ਹਰ ਇੱਕ ਨੂੰ ਇਨਸਾਨ ਸਮਝਣ, ਤਾਂ ਮੈਨੂੰ ਨੀ ਲੱਗਦਾ ਕਿ ਇਨ੍ਹਾਂ ਵਿਚ ਕੋਈ ਹੀਣਭਾਵਨਾ ਆਵੇਗੀ। ਜਾਤ-ਪਾਤ ਦਾ ਪਾੜਾ ਇਨ੍ਹਾਂ ਵਿਸ਼ਾਲ ਹੈ ਕਿ ਇਨ੍ਹਾਂ ਦੇ ਮਰਨ 'ਤੇ ਵੀ ਇਨਸਾਨ ਇੱਕ ਸਿਵੇ ਨੇ ਵੱਖ-ਵੱਖ ਸਿਵਿਆਂ ਵਿਚ ਸਾੜੇ ਜਾਂਦੇ ਨੇ। ਜਾਤ-ਪਾਤ ਤੋਂ ਅੱਗੇ ਚੱਲੋ, ਤਾਂ ਅਗਲਾ ਪਾੜਾ ਧਰਮ ਦਾ ਹੈ। ਅਸਲ ਵਿਚ ਧਰਮ ਇੱਕੋ ਹੀ ਹੈ, ਉਹ ਹੈ ਇਨਸਾਨੀਅਤ ਮਜ਼੍ਹਬਾਂ ਦਾ ਪਾਲਣ ਕਰਕੇ ਇਨਸਾਨ ਨੇ ਇਸਾਨੀਅਤ ਦਾ ਧਰਮ ਕਮਾਉਣਾ ਸੀ ਪਰ ਹੋ ਉਲਟ ਰਿਹਾ ਹੈ, ਮਜ਼੍ਹਬਾਂ ਨੂੰ ਧਰਮ ਬਣਾ ਕੇ ਇਨਸਾਨੀਅਤ ਦਾ ਘਾਣ ਕੀਤਾ ਜਾ ਰਿਹਾ। ਹਰ ਮਜ਼੍ਹਬ ਦੇ ਇਨਸਾਨ ਮਾੜੇ ਨੀਂ ਤੇ ਸਾਰੇ ਚੰਗੇ ਵੀ ਨਹੀਂ। ਅਜਿਹੇ ਅਜੋਕੇ ਧਰਮਾਂ ਦਾ ਕੋਈ ਫਾਇਦਾ ਨਹੀਂ, ਜੋ ਦਾਅਵਾ ਕਰਦੇ ਨੇ ਕਿ ਅਸੀਂ ਰੱਬ ਨਾਲ ਮਿਲਣਾ ਹੈ ਪਰ ਉਸੇ ਇੱਕ ਜੋਤ ਦੇ ਬਣਾਏ ਇਨਸਾਨ ਤੋਂ ਨਫ਼ਰਤ ਕਰਦੇ। ਇਨਸਾਨ ਨੂੰ ਇਨਸਾਨ ਸਮਝਣ ਵਾਲੀ ਸੋਚ ਦੇ ਧਾਰਣੀਆਂ ਨੂੰ ਸਭ ਇੱਕ ਲੱਗਦੇ ਨੇ ਪਰ ਦਿਖਾਇਆ ਇੰਝ ਜਾਂਦਾ ਕਿ "ਮੁਸਲਮਾਨਾਂ ਨੂੰ ਲੱਗਦਾ ਕਿ ਹਿੰਦੂ ਮਾੜੇ ਨੇ, ਹਿੰਦੂਆਂ ਨੂੰ ਲੱਗਦਾ ਸਿੱਖ ਮਾੜੇ ਨੇ ਤੇ ਸਾਡੇ ਵਰਗੇ ਸਿੱਖਾਂ ਨੂੰ ਲੱਗਦਾ ਕਿ ਸਿਰਫ ਅਸੀ ਚੰਗੇ ਹਾਂ, ਬਾਕੀ ਸਭ ਮਾੜੇ ਨੇ!" ਇਨਸਾਨ ਦੀ ਕਦਰ ਕਰਨ ਵਾਲਾ ਹਰ ਸਿੱਖੀ ਸਰੂਪ ਵਾਲਾ ਇਨਸਾਨ ਹਰ ਇਨਸਾਨ ਨੂੰ ਰੱਬੀ ਜੋਤ ਸਮਝਦਾ ਹੈ, ਚਾਹੇ ਉਹ ਕਿਸੇ ਮਜ਼੍ਹਬ ਦਾ ਹੋਵੇ। ਪਰ ਜਿਨ੍ਹਾਂ ਅਖੌਤੀ ਧਰਮੀਆਂ ਦਾ ਕੰਮ ਜੋੜਨਾ ਨੀਂ ਤੋੜਨਾ ਹੁੰਦਾ, ਉਨ੍ਹਾਂ ਭਾਅ ਦੇ ਸਭ ਉਸਨੂੰ ਉਸਦੇ ਧਰਮ ਦੇ ਵਿਰੋਧੀ ਹੀ ਲੱਗਦੇ ਨੇ। ਜੇ ਇਨਸਾਨੀਅਤ ਨੂੰ ਹਰ ਇਨਸਾਨ ਧਰਮ ਸਮਝੇ, ਤਾਂ ਹਰ ਇਨਸਾਨ ਨੂੰ ਇਨਸਾਨ ਕਹਿਣ ਦਾ ਮਾਦਾ ਰੱਖੇਗਾ।

ਗੱਲ ਰਾਸ਼ਟਰੀ ਪੱਧਰ ਦੀ ਕਰੀਏ, ਤਾਂ ਭਾਰਤ ਵਿਚ ਹੀ ਇਹ ਆਮ ਸੁਣਨ ਨੂੰ ਮਿਲਦਾ ਕਿ ਇਹ ਭਈਆ, ਇਹ ਗੁਜਰਾਤੀ ਆ, ਇਹ ਬਿਹਾਰੀ ਆ, ਇਹ ਹਿਮਾਚਲੀ ਆ, ਇਹ ਬੰਗਾਲੀ ਆ ਆਦਿ ਲੋਕਾਂ ਉਸਦੇ ਸੂਬੇ ਤੋਂ ਹੋਣ ਕਰਕੇ ਉਸਨੂੰ ਇੰਝ ਕਹਿਣਾ ਠੀਕ ਹੈ ਪਰ ਉਸ ਪ੍ਰਤੀ ਸੂਬਾਈ ਵੱਖਰਤਾ ਹੋਣ ਕਰਕੇ ਹੀਣਭਾਵਨਾ ਕਰਨੀ ਸਿਰੇ ਦੀ ਬਕਵਾਸ ਨੀਤੀ ਹੈ। ਇਸ ਵਿਚੋਂ ਵੀ ਲੋਕਾਂ ਨੂੰ ਨਿਕਲ ਕੇ ਇਨਸਾਨ ਨੂੰ ਇਨਸਾਨ ਦੀ ਨਜ਼ਰ ਨਾਲ ਵੇਖੋ, ਨਾ ਕਿ ਸੂਬਾਈ ਵੱਖਰਤਾ ਦੀ ਨਜ਼ਰ ਨਾਲ। ਗੱਲ ਅੰਤਰਰਾਸ਼ਟਰੀ ਪੱਧਰ ਦੀ ਕਰੀਏ, ਤਾਂ ਭਾਰਤ ਆਲਿਆਂ ਨੂੰ ਲੱਗਦਾ ਪਾਕਿਸਤਾਨ ਮਾੜਾ, ਪਾਕਿਸਤਾਨ ਨੂੰ ਲੱਗਦਾ ਭਾਰਤ ਮਾੜਾ। ਕੀ ਕਦੇ ਇਹ ਦੇਸ਼ ਵੀ ਇੱਕ ਦੂਜੇ ਨੂੰ ਆਪਸੀ ਇਨਸਾਨੀਅਤ ਦੀ ਸਾਂਝ ਨਾਲ ਵੇਖਣਗੇ। ਅੱਜ ਨੀ ਕੱਲ੍ਹ ਇਨ੍ਹਾਂ ਨੂੰ ਵੇਖਣਾ ਚਾਹੀਦਾ ਕਿ ਪਰਲੇ ਪਾਰੋਂ ਵਸਦੇ ਲੋਕ ਵੀ ਇਨਸਾਨ ਹੀ ਨੇ।

ਸੋ ਇੱਕ ਇਨਸਾਨ ਨੂੰ ਦੁਨੀਆਂ ਕੀ-ਕੀ ਬਣਾਉਂਦੀ ਆ। ਇਸਦੇ ਬਹੁਤ ਭੇਦ ਨੇ। ਦਾੜ੍ਹੀ ਮੁੱਛ ਰੱਖਣ 'ਤੇ, ਮੁੱਛ ਰੱਖਣ 'ਤੇ, ਮੱਥੇ ਤਿਲਕ ਲਗਾਉਣ 'ਤੇ, ਇਨਸਾਨ ਦਾ ਨਾਮ ਬਦਲ ਜਾਂਦਾ। ਫਿਰ ਉਸਦਾ ਗੋਤ ਹੁੰਦਾ, ਫਿਰ ਉਸਦੀ ਜਾਤ ਦਿੱਤੀ ਜਾਂਦੀ ਆ, ਫਿਰ ਉਸਨੂੰ ਧਰਮ ਦਿੱਤਾ ਜਾਂਦਾ, ਫਿਰ ਉਸਨੂੰ ਪਾਰਟੀ ਦਿੱਤੀ ਜਾਂਦੀ ਆ ਕਿ ਕਿਸ ਪਾਰਟੀ ਦਾ ਬੰਦਾ ਹੈ ਪਰ ਕੋਈ ਉਸਨੂੰ ਇਹ ਅਧਿਕਾਰ ਨੀ ਯਾਦ ਕਰਵਾਉਂਦਾ ਕਿ ਤੂੰ ਇੱਕ ਇਨਸਾਨ ਹੈ, ਬੱਸ ਇਨਸਾਨ ਬਣ ਕੇ ਰਹੀ ਤੇ ਦੂਜਿਆਂ ਨੂੰ ਇਨਸਾਨ ਹੀ ਰਹਿਣ ਦੇਈਂ। ਸਾਨੂੰ ਲੋੜ ਹੈ ਇਨਸਾਨ ਨੂੰ ਇਨਸਾਨ ਰਹਿਣ ਦੀ, ਸੋਚ ਨੂੰ ਹੁੰਗਾਰਾ ਦੇਣ ਦੀ।

# "ਦੁਨੀਆਂ ਦੀ ਉਹ ਥਾਂ ਜਿਥੇ ਦਰੱਖਤ ਵੀ ਹਜ਼ਾਰਾਂ ਸਾਲ ਤੱਕ ਜਿਊਂਦੇ ਨੇ"



ਆਸਟ੍ਰੇਲੀਆ ਦੇ ਰਾਜ ਤਸਮਾਨੀਆ 'ਚ 10518 ਸਾਲ ਦੀ ਉਮਰ ਦਾ ਦੇਵਦਾਰ ਅਥਵਾ (ਬਿਆਰ) ਦਾ ਦਰੱਖਤ, ਜੋ ਅੱਗੇ ਤੋਂ ਅੱਗੇ ਆਪਣੀਆਂ ਜੜ੍ਹਾਂ ਛੱਡਦਾ ਹੋਇਆ 950 ਮੀਟਰ ਤੱਕ ਦੀ ਲੰਬਾਈ ਤੱਕ ਫੈਲ ਗਿਆ ਹੋਇਆ ਹੈ।




-ਸਿਡਨੀ ਤੋਂ ਮਨਮੋਹਨ ਸਿੰਘ ਖੇਲਾ

ਪੰਜਾਬ ਮੇਲUSA


ਇਸ ਬ੍ਰਹਿਮੰਡ ਦੀ ਹੋਂਦ ਅਥਵਾ ਉਤਪਤੀ ਹੋਣ ਤੋਂ ਬਾਅਦ ਜਦੋਂ ਇਸ ਪ੍ਰਾਕ੍ਰਿਤੀ ਦੇ ਸਿਰਜਣਹਾਰ ਨੇ ਹਰ ਤਰ੍ਹਾਂ ਦੇ ਪ੍ਰਾਣੀ ਜੀਵ-ਜੰਤੂਆਂ, ਪਸ਼ੂ-ਪੰਛੀਆਂ, ਜੜੀ-ਬੂਟੀਆਂ, ਦਰੱਖਤਾਂ, ਜਾਨਵਰਾਂ ਆਦਿ ਦੀ ਸਿਰਜਣਾ ਕੀਤੀ ਸੀ, ਉਦੋਂ ਹੀ ਉਨ੍ਹਾਂ ਲਈ ਖ਼ੁਰਾਕ ਸਮੇਤ ਜਿਊਂਦੇ ਰਹਿਣ ਲਈ ਹਰ ਤਰ੍ਹਾਂ ਦੇ ਵਸੀਲੇ ਵੀ ਪੈਦਾ ਕਰ ਦਿੱਤੇ। ਅੱਜ ਦੀ ਮਨੁੱਖਤਾ ਦੇ ਜੀਵਨ ਦਾ ਪਿਛੋਕੜ ਵੀ ਇਨ੍ਹਾਂ ਸਭਨਾਂ ਜੀਵਾਂ ਵਿਚੋਂ ਹੀ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਉਸ ਸਮੇਂ ਸਾਰੀ ਪ੍ਰਾਕ੍ਰਿਤੀ ਦੇ ਸਾਰੇ ਹੀ ਜੀਵ ਇਕੋ ਜਗਾ ਇੱਕ ਦੂਜੇ ਦੇ ਨੇੜੇ-ਨੇੜੇ ਹੀ ਰਹਿੰਦੇ ਹੋਣਗੇ ਕਿਉਂਕਿ ਇਨ੍ਹਾਂ ਦੀ ਉਤਪਤੀ ਵੀ ਵਾਤਾਵਰਨ ਦੀਆਂ ਲੋੜਾਂ ਦੇ ਅਨੁਕੂਲ ਇੱਕ ਦੂਜੇ ਦੇ ਅਸਲੀ ਰੂਪ ਦੀ ਬਣਤਰ ਵਿਚੋਂ ਨਿਕਲ ਕੇ ਸੁਧਰਦੀ ਰਹੀ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਇਹ ਸਾਰੇ ਹੀ ਪ੍ਰਾਣੀ ਇੱਕ ਦੂਜੇ ਉੱਤੇ ਆਪਸ 'ਚ ਨਿਰਭਰ ਵੀ ਹੋਣਗੇ। ਸਮੇਂ ਦੀ ਕਰਵਟ ਅਨੁਸਾਰ ਇਨ੍ਹਾਂ ਸਾਰੇ ਜੀਵਾਂ ਵਿਚੋਂ ਹੌਲ਼ੇ-ਹੌਲ਼ੇ ਮਨੁੱਖਤਾ ਦਾ ਵਿਕਾਸ ਹੋਣਾ ਵੀ ਸ਼ੁਰੂ ਹੋਇਆ ਹੋਵੇਗਾ। ਮਨੁੱਖਤਾ ਆਪਣੇ ਵਿਕਾਸ ਬਾਅਦ ਸਮੇਂ ਦੀਆਂ ਲੋੜਾਂ ਅਨੁਸਾਰ ਬਾਕੀਆਂ ਨਾਲੋਂ ਦਿਮਾਗੀ ਤੌਰ 'ਤੇ ਸੁਚੇਤ ਅਤੇ ਬੁੱਧੀਮਾਨ ਹੋਣ ਕਰਕੇ ਜਿਊਣ ਦੇ ਤਰੀਕਿਆਂ ਨੂੰ ਸਮਝ ਗਈ ਹੋਵੇਗੀ, ਜਿਸ ਸਦਕਾ ਉਸ ਵੇਲੇ ਦੀ ਮਨੁੱਖਤਾ ਸੱਭਿਅਕ ਸਮਾਜ ਸਿਰਜਣ ਲਈ ਤਿਆਰ ਹੋ ਗਈ ਹੋਵੇਗੀ।

ਇਸੇ ਦਾ ਹੀ ਸਬੂਤ ਉਸ ਵੇਲੇ ਸਿੰਧ ਘਾਟੀ, ਮਹਿੰਜੋਦਾੜੋ, ਹੜੱਪਾ, ਯੂਨਾਨ ਆਦਿ ਵਰਗੀਆਂ ਹੋਰ ਵੀ ਬੇਅੰਤ ਪੁਰਾਤਨ ਸੱਭਿਆਤਾਵਾਂ ਨੇ ਜਨਮ ਲਿਆ ਸੀ। ਉਸ ਤੋਂ ਬਾਅਦ ਪੱਥਰ ਕਾਲ 'ਚ ਆਪਣੀ ਰੋਜ਼ਾਨਾ ਜ਼ਿੰਦਗੀ ਦੀ ਵਰਤੋਂ ਲਈ ਪੱਥਰਾਂ ਨੂੰ ਘੜ ਕੇ ਬਰਤਨ ਅਤੇ ਹੱਥਿਆਰ ਬਣਾਏ ਗਏ। ਇਸ ਸਮੇਂ ਹੀ ਆਪਣਾ ਭੋਜਨ ਪਕਾ ਕੇ ਖਾਣ ਲਈ ਪੱਥਰਾਂ ਦੀ ਅਤੇ ਬਾਂਸ ਵਰਗੇ ਕਈ ਹੋਰ ਦੱਰਖਤਾਂ ਦੀ ਆਪਸੀ ਰਗੜ ਨਾਲ ਅੱਗ ਬਾਲਣੀ ਵੀ ਸਿੱਖੀ। ਇਸ ਦੇ ਨਾਲ ਹੀ ਦਿਮਾਗ ਵੀ ਵਿਕਸਤ ਹੋਣ ਦੇ ਨਾਲ-ਨਾਲ ਹੋਰ ਸੱਭਿਅਕ ਵੀ ਹੁੰਦਾ ਗਿਆ। ਪੱਥਰ ਜੁੱਗ ਤੋਂ ਬਾਅਦ ਧਾਤੂ-ਕਾਲ ਦਾ ਆਰੰਭ ਹੋਣ ਨਾਲ ਧਰਤ ਵਿਚ ਦੱਬੀਆਂ ਹੋਈਆਂ ਧਾਤਾਂ ਅਤੇ ਖਣਿਜ ਪਦਾਰਥਾਂ ਬਾਰੇ ਵੀ ਮਨੁੱਖ ਨੇ ਖੋਜ ਕੀਤੀ। ਉਸ ਸਮੇਂ 'ਚ ਹਰ ਤਰ੍ਹਾਂ ਦੇ ਬਰਤਨ ਅਤੇ ਹਥਿਆਰ ਧਾਤਾਂ ਦੇ ਬਣਾਏ ਗਏ। ਇਸ ਤਰ੍ਹਾਂ ਸੱਭਿਅਤਾ ਵਿਕਸਤ ਹੋਣ ਦੇ ਨਾਲ ਲੋੜਾਂ ਮੁਤਾਬਕ ਖੋਜਾਂ ਵੀ ਹੁੰਦੀਆਂ ਗਈਆਂ। ਮਨੁੱਖਤਾ ਜੰਗਲਾ 'ਚੋਂ ਨਿਕਲ ਕੇ ਪਰਿਵਾਰਾਂ ਸਮੇਤ ਕਬੀਲਿਆਂ ਦੇ ਸਮੂਹਾਂ 'ਚ ਰਹਿਣ ਲੱਗੀ। ਪਹਿਲਾਂ ਪਹਿਲ ਪਹਾੜਾਂ ਨੂੰ ਖੋਦ ਕੇ ਉਨ੍ਹਾਂ ਦੀਆਂ ਕੁੰਦਰਾਂ ਬਣਾ ਕੇ ਘਰ ਬਣਾਏ ਗਏ। ਫਿਰ ਘਾਹ-ਫੂਸ ਦੀਆਂ ਝੌਂਪੜੀਆਂ, ਛੱਪਰੀਆਂ ਅਥਵਾ ਕੁੱਲੀਆਂ ਬਣੀਆਂ। ਫਿਰ ਮਿੱਟੀ ਦੀਆਂ ਕੱਚੀਆਂ ਕੰਧਾਂ ਦੇ ਮਕਾਨਾਂ ਤੋਂ ਬਾਅਦ ਹੌਲ਼ੀ-ਹੌਲ਼ੀ ਹੋਰ ਜਾਗ੍ਰਤੀ ਆਉਣ ਨਾਲ ਪੱਥਰਾਂ ਨੂੰ ਘੜ ਕੇ ਪੱਥਰਾਂ ਦੀਆਂ ਕੰਧਾਂ ਵਾਲੇ ਘਰਾਂ ਨੇ ਜਨਮ ਲਿਆ। ਫਿਰ ਮਿੱਟੀ ਦੀਆਂ ਇੱਟਾਂ ਨੂੰ ਅੱਗ 'ਚ ਪਕਾ ਕੇ ਪੱਕੀਆਂ ਇੱਟਾਂ ਦੀਆਂ ਕੰਧਾਂ ਦੇ ਘਰ ਬਗਾਏ ਗਏ। ਇਸੇ ਤਰ੍ਹਾਂ ਤਨ ਢਕਣ ਲਈ ਪਹਿਲਾਂ ਪਹਿਲ ਦਰੱਖਤਾਂ ਦੇ ਪੱਤਿਆਂ ਨੂੰ, ਫਿਰ ਉਨ੍ਹਾਂ ਦੀ ਛਿੱਲੜ ਨੂੰ, ਉਸ ਤੋਂ ਬਾਅਦ ਜਾਨਵਰਾਂ ਦੀ ਖੱਲ (ਚੰਮੜੀ) ਨੂੰ ਤਨ ਢਕਣ ਲਈ ਵਰਤੋਂ 'ਚ ਲਿਆਂਦਾ ਗਿਆ। ਉਸ ਤੋਂ ਬਾਅਦ 'ਚ ਕਈ ਦਰੱਖਤਾਂ ਦੇ ਰੇਸ਼ਿਆਂ ਸਮੇਤ ਰੇਸ਼ਮ ਪੈਦਾ ਕਰਦੇ ਕੀੜਿਆਂ ਦੀ ਅਤੇ ਕਪਾਹ ਦੀ ਖੋਜ ਹੋਣ ਨਾਲ ਸੂਤੀ ਕੱਪੜੇ ਸਮੇਤ ਰੇਸ਼ਮੀ ਕੱਪੜੇ ਦਾ ਜਨਮ ਹੋਇਆ। ਇਸ ਬ੍ਰਹਿਮੰਡ ਵਿਚ ਧਰਤੀ ਅਤੇ ਪ੍ਰਾਕ੍ਰਿਤੀ ਉੱਤੇ ਹੋਈ ਬਹੁਤ ਵਾਰ ਉੱਥਲ-ਪੁੱਥਲ ਕਾਰਨ ਵਿਕਸਤ ਹੋ ਰਹੀ ਸੱਭਿਅਤਾ ਦਾ ਬਹੁਤ ਵਾਰ ਘਾਣ ਵੀ ਹੋਇਆ। ਉਸ ਉੱਥਲ-ਪੁੱਥਲ ਕਾਰਨ ਖੰਡਰਾਤ ਬਣੀ ਪੁਰਾਤਨ ਸੱਭਿਅਤਾ ਦੇ ਨਿਸ਼ਾਨ ਕਈ ਹੋਰ ਵੱਖੋ-ਵੱਖਰੇ ਦੇਸ਼ਾਂ ਵਾਂਗ ਆਪਣੇ ਦੇਸ਼ ਦੇ ਕਈ ਹੋਰ ਹਿੱਸਿਆਂ ਤੋਂ ਇਲਾਵਾ ਪੰਜਾਬ 'ਚ ਰੋਪੜ ਸ਼ਹਿਰ ਵਿਖੇ ਖੋਦਾਈ ਕਰਨ ਦੌਰਾਨ ਮਿਲੇ। ਜਿਸ ਤੋਂ ਪਤਾ ਚੱਲਦਾ ਹੈ ਕਿ ਅਜੋਕੀ ਸੱਭਿਅਤਾ ਤੋਂ ਹਜ਼ਾਰਾਂ ਸਾਲ ਪਹਿਲਾਂ ਵੀ ਮਨੁੱਖਤਾ ਬਹੁਤ ਵਧੀਆ ਢੰਗ ਤਰੀਕਿਆਂ ਨਾਲ ਸੱਭਿਅਕ ਸਮਾਜ 'ਚ ਰਹਿੰਦੀ ਸੀ, ਜਿਸ ਨੂੰ ਕੁਦਰਤੀ ਆਫਤਾਂ ਨੇ ਧਰਤੀ ਹੇਠ ਹੀ ਦੱਬ ਦਿੱਤਾ। ਪਰ ਫਿਰ ਵੀ ਸਮੇਂ ਦੇ ਵਕਫੇ ਨਾਲ ਔਕੜਾਂ ਦਾ ਮੁਕਾਬਲਾ ਕਰਦੀ ਹੋਈ ਵਰਤਮਾਨ ਸੰਸਾਰ ਦੇ ਮੌਜੂਦਾ ਸਮੇਂ ਦੇ ਰੂਪ 'ਚ ਬਾਕੀ ਗ੍ਰਹਿਾਂ ਦੀ ਖੋਜ ਕਰਦੀ ਹੋਈ ਚੰਦਰਮਾ ਤੱਕ ਪਹੁੰਚ ਚੁੱਕੀ ਹੈ। ਇਸ ਸੱਭਿਅਤਾ ਨੇ ਜਿੱਥੇ ਮਨੁੱਖਤਾ ਦੇ ਭਲੇ ਲਈ ਬਹੁਤ ਕੁੱਝ ਕੀਤਾ, ਉੱਥੇ ਹੀ ਮਨੁੱਖਤਾ ਦੇ ਵਿਨਾਸ਼ ਲਈ ਵੀ ਬਹੁਤ ਕਰ ਦਿੱਤਾ ਹੈ। ਇਸ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿਚ ਮਨੁੱਖ ਨੇ ਆਪਣੇ ਸੁੱਖ-ਆਰਾਮ ਲਈ ਅਤੇ ਜੀਵਨ ਨਿਰਵਾਹ ਨੂੰ ਵਧੀਆ ਬਣਾਉਣ ਲਈ ਦੂਜਿਆਂ ਨੂੰ ਆਪਣੇ ਹੇਠਾਂ ਰੱਖਣ ਦੀ ਕੋਸ਼ਿਸ਼ ਕੀਤੀ ਹੋਈ ਹੈ। ਇੱਥੋਂ ਤੱਕ ਕਿ ਜੜੀ-ਬੂਟੀਆਂ, ਦਰੱਖਤਾਂ, ਪਸ਼ੂ-ਪੰਛੀਆਂ, ਜੰਗਲੀ ਜੀਵ-ਜੰਤੂਆਂ ਨੂੰ ਵੀ ਆਪਣਾ ਜੀਵਨ ਜਿਊਣ ਦੀ ਕੋਈ ਆਜ਼ਾਦੀ ਨਹੀਂ ਹੈ। ਜਿਹੜੇ ਕਿ ਪਹਿਲਾਂ-ਪਹਿਲ ਆਜ਼ਾਦ ਵਾਤਾਵਰਨ 'ਚ ਆਪਸੀ ਪਿਆਰ ਰੱਖਦੇ ਹੋਏ ਆਜ਼ਾਦੀ ਨਾਲ ਆਪਣੀ ਪੂਰੀ ਉਮਰ ਭੋਗਦੇ ਸਨ। ਪਰ ਹੁਣ ਜੇ ਆਪਾਂ ਆਪਣੇ ਭਾਰਤ ਦੇਸ਼ ਸਮੇਤ ਆਪਣੇ ਗੁਆਂਢੀ ਦੇਸ਼ਾਂ ਦੀ ਹੀ ਗੱਲ ਕਰੀਏ, ਸਰਕਾਰਾਂ ਅਤੇ ਆਮ ਜਨਤਾ ਕੁਦਰਤ ਨਾਲ ਛੇੜ-ਛਾੜ ਕਰਕੇ ਕੁਦਰਤ ਦੀ ਸਥਿਰਤਾ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ। ਜੜੀ-ਬੂਟੀਆਂ ਦਰੱਖਤਾਂ ਦੀ ਹੀ ਜੇ ਗੱਲ ਕਰੀਏ, ਇਨ੍ਹਾਂ ਨੂੰ ਆਪਣੀ ਉਮਰ ਭੋਗਣ ਤੋਂ ਪਹਿਲਾਂ ਹੀ ਪ੍ਰਾਣੀਆਂ ਵਲੋਂ ਆਪਣੇ ਸੁਆਰਥਾਂ ਕਰਕੇ ਧੜਾਧੜ ਕੱਟਿਆ ਜਾ ਰਿਹਾ ਹੈ ਅਤੇ ਪਹਾੜਾਂ ਨੂੰ ਢਾਹਿਆ ਜਾ ਰਿਹਾ ਹੈ, ਜਿਸ ਕਰਕੇ ਪ੍ਰਾਕ੍ਰਿਤੀ ਦੀ ਹੋ ਰਹੀ ਹਿੱਲਜੁਲ ਨਾਲ ਦੁਨੀਆਂ ਦੇ ਬਣੇ ਕੁਦਰਤੀ ਢਾਚੇ ਦਾ ਸੰਤੁਲਿਤ ਵਿਗੜ ਕੇ ਮੌਸਮਾਂ, ਰੁੱਤਾਂ ਅਤੇ ਦੁਨੀਆਂ ਦੇ ਵਾਤਾਵਰਨ 'ਚ ਬਹੁਤ ਬਦਲਾਓ ਆ ਰਿਹਾ ਹੈ। ਜਿਸ ਦਾ ਸਿੱਧਾ ਪ੍ਰਭਾਵ ਇਸ ਧਰਤੀ 'ਤੇ ਵਸਣ ਵਾਲੇ ਪ੍ਰਾਣੀਆਂ ਅਤੇ ਬਨਸਪਤੀ 'ਤੇ ਪਏਗਾ। ਜਿਸ ਕਰਕੇ ਨਵੀਆਂ-ਨਵੀਆਂ ਬਿਮਾਰੀਆਂ ਅਤੇ ਕਈ ਤਰ੍ਹਾਂ ਦੀਆਂ ਔਕੜਾਂ ਵੱਧਣ ਨਾਲ ਬਨਸਪਤੀ ਦਾ ਅਸਲ ਰੂਪ ਵਿਗੜ ਕੇ ਪ੍ਰਾਕ੍ਰਿਤੀ ਦਾ ਸੰਤੁਲਿਤ ਵਿਗੜ ਜਾਵੇਗਾ। ਕਈ ਤਰ੍ਹਾਂ ਦੀਆਂ ਆਫਤਾਂ ਇਸ ਨੂੰ ਘੇਰਾ ਪਾ ਲੈਣਗੀਆਂ, ਜਿਨ੍ਹਾਂ ਤੋਂ ਛੁਟਕਾਰਾ ਪਾਉਣਾ ਇਨਸਾਨ ਦੇ ਵੱਸ ਦੀ ਗੱਲ ਨਹੀਂ ਰਹੇਗੀ।

ਇਸੇ ਹੀ ਤਰ੍ਹਾਂ ਇਨ੍ਹਾਂ ਦੇਸ਼ਾਂ ਦੇ ਪਸ਼ੂ-ਪੰਛੀ, ਜੀਵ ਜੰਤੂ ਅਤੇ ਜੰਗਲੀ ਜਾਨਵਰ ਵੀ ਪੂਰੀ ਤਰ੍ਹਾਂ ਆਜ਼ਾਦ ਨਹੀਂ ਹਨ। ਪ੍ਰਾਣੀਆਂ ਵਲੋਂ ਆਪਣੇ ਨਿੱਜੀ ਸੁਆਰਥਾਂ ਖਾਤਰ ਇਨ੍ਹਾਂ ਸਾਰਿਆਂ ਦੇ ਗਲ਼ਾਂ 'ਚ ਲੋਹੇ ਦੇ ਸੰਗਲ਼ ਤੇ ਜੰਜ਼ੀਰਾਂ ਪਾ ਕੇ ਕਿਲ੍ਹਿਆਂ ਨਾਲ ਬੰਨ੍ਹਿਆ ਹੋਇਆ ਹੈ ਜਾਂ ਪਿੰਜਰਿਆਂ ਵਿਚ ਕੈਦ ਕੀਤਾ ਹੋਇਆ ਹੈ। ਕਈਆਂ ਥਾਵਾਂ 'ਤੇ ਇਨ੍ਹਾਂ ਜੀਵਾਂ ਦਾ ਧੜਾਧੜ ਸ਼ਿਕਾਰ ਵੀ ਕੀਤਾ ਜਾ ਰਿਹਾ ਹੈ, ਜਿਸ ਦੇ ਪ੍ਰਭਾਵ ਕਰਕੇ ਬਹੁਤ ਸਾਰੇ ਪੰਛੀਆਂ ਅਤੇ ਜਾਨਵਰਾਂ ਦੀਆਂ ਬਹੁਤ ਸਾਰੀਆਂ ਨਸਲਾਂ ਖਤਮ ਹੋ ਚੁੱਕੀਆਂ ਹਨ। ਇਨ੍ਹਾਂ ਦਾ ਵੀ ਪ੍ਰਾਕਿਰਤੀ ਦੇ ਸੰਤੁਲਨ ਨੂੰ ਵਿਗਾੜਨ 'ਚ ਪੂਰਾ-ਪੂਰਾ ਯੋਗਦਾਨ ਹੈ, ਜਿਹੜਾ ਕਿ ਬਹੁਤ ਘਾਤਕ 'ਤੇ ਖਤਰਨਾਕ ਹੈ। ਪ੍ਰਾਕਿਰਤੀ ਉੱਤੇ ਪੈਦਾ ਹੋਈ ਸਾਰੀ ਬਨਸਪਤੀ ਦੇ ਸੰਤੁਲਿਨ ਨੂੰ ਇਕਸਾਰ ਰੱਖਣ ਦੀ ਅਤੀ ਲੋੜ ਹੈ। ਜਿਸ ਵਿਚ ਦੁਨੀਆਂ ਦੇ ਦੇਸ਼ਾਂ ਦੀਆਂ ਸਰਕਾਰਾਂ ਸਮੇਤ ਆਮ ਜਨਤਾ ਦਾ ਮੁੱਖ ਰੋਲ ਹੁੰਦਾ ਹੈ। ਇਸ ਕਰਕੇ ਦੁਨੀਆਂ 'ਚ ਪੈਦਾ ਹੋਏ ਹਰ ਬੁੱਧੀਮਾਨ ਦਾ ਨੈਤਿਕ ਫਰਜ਼ ਅਤੇ ਜ਼ਿੰਮੇਵਾਰੀ ਬਣਦੀ ਹੈ ਕਿ ਆਪਣੀ ਸੂਝਬੂਝ ਰਾਹੀਂ ਪ੍ਰਾਕ੍ਰਿਤੀ ਦੁਆਰਾ ਸਾਜੀ ਬਨਸਪਤੀ ਦਾ ਸੰਤੁਲਨ ਘੱਟ ਵੱਧ ਨਾ ਹੋਣ ਦਿੱਤਾ ਜਾਵੇ। ਲੋਕਾਂ 'ਚ ਗਿਆਨ ਦੀ ਘਾਟ ਅਤੇ ਨਿੱਜੀ ਹਿੱਤਾਂ ਨਾਲ ਛੇਤੀ ਅਮੀਰ ਬਨਣਾ ਅਤੇ ਜ਼ਿੰਮੇਵਾਰ ਸਰਕਾਰਾਂ ਦੀ ਅਣਗਿਹਲੀ ਸਾਡੇ ਦੇਸ਼ਾਂ 'ਚ ਆਪਸੀ ਪਾੜਾ ਵਧਾਉਣ 'ਚ ਵਾਧਾ ਕਰ ਰਹੀਆਂ ਹਨ।

ਇਸ ਦੇ ਉਲਟ ਅਗਰ ਭਾਰਤ ਦੇ ਦੱਖਣ-ਉੱਤਰ ਦੀ ਗੁੱਠ ਵੱਲ਼ ਵਸੇ ਹੋਏ ਦੇਸ਼ ਆਸਟ੍ਰੇਲੀਆ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਬੜੇ ਗਹੁ ਨਾਲ ਘੁੰਮ ਕੇ ਵੇਖਿਆ ਜਾਵੇ। ਜਿੱਥੇ ਗਾਵਾਂ, ਮੱਝਾਂ, ਭੇਡਾਂ, ਬਕਰੀਆਂ, ਘੋੜਿਆਂ, ਹਿਰਨਾਂ, ਬਾਰਾਂ-ਸਿੰਗਿਆਂ ਸਮੇਤ ਹਰ ਤਰ੍ਹਾਂ ਦੇ ਜੀਵਾਂ ਤੇ ਡੰਗਰਾਂ ਨੂੰ ਵੱਡੇ-ਵੱਡੇ ਫਾਰਮਾਂ 'ਚ ਖੁੱਲ੍ਹੇਆਮ ਆਜ਼ਾਦ ਛੱਡਿਆ ਹੋਇਆ ਹੈ। ਉਨ੍ਹਾਂ ਨੂੰ ਹਰ ਤਰ੍ਹਾਂ ਨਾਲ ਪੂਰਨ ਰੂਪ 'ਚ ਫਾਰਮ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਘੁੰਮਣ ਫਿਰਨ ਦੀ, ਘਾਹ ਚੁੱਗਣ ਦੀ, ਪਾਣੀ ਪੀਣ ਦੀ, ਜਦੋਂ ਜੀ ਚਾਹਿਆ ਬੈਠਣ ਦੀ, ਉੱਠਣ ਦੀ, ਸੌਣ ਦੀ ਤੇ ਜਾਗਣ ਦੀ ਪੂਰਨ ਆਜ਼ਾਦੀ ਹੈ। ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੇ ਪਿੰਜਰੇ, ਜੰਜੀਰ ਜਾਂ ਸੰਗਲ ਨਾਲ ਬੰਨ੍ਹ ਕੇ ਕੈਦ ਨਹੀਂ ਕੀਤਾ ਜਾਂਦਾ। ਇਸੇ ਹੀ ਤਰ੍ਹਾਂ ਹੋਰ ਪੰਛੀ, ਜੀਵ-ਜੰਤੂ ਅਤੇ ਜੰਗਲੀ ਜਾਨਵਰ ਵੀ ਇੱਥੇ ਪੂਰੀ ਤਰ੍ਹਾਂ ਆਜ਼ਾਦ ਹਨ। ਜੰਗਲਾਂ ਅਤੇ ਚਿੜੀਆ ਘਰਾਂ 'ਚ ਵੀ ਉਹ ਪੂਰੀ ਆਜ਼ਾਦੀ ਨਾਲ ਰਹਿ ਰਹੇ ਅਤੇ ਘੁੰਮ ਫਿਰ ਰਹੇ ਹਨ। ਉਨ੍ਹਾਂ ਨੂੰ ਸੰਗਲਾਂ ਜਾਂ ਜੰਜ਼ੀਰਾਂ ਨਾਲ ਜਾਂ ਪਿੰਜਰਿਆਂ ਵਿਚ ਕੈਦ ਨਹੀਂ ਕੀਤਾ ਹੋਇਆ। ਉਨ੍ਹਾਂ ਨੂੰ ਖੁੱਲ੍ਹੇ ਘੁੰਮਦੇ ਵੇਖਣ ਲਈ ਦਰਸ਼ਕਾਂ ਵਲੋਂ ਸੁਰੱਖਿਅਤ ਬੰਦ ਗੱਡੀਆਂ 'ਚ ਸਵਾਰ ਹੋ ਕੇ ਵੇਖਣ ਲਈ ਜਾਇਆ ਜਾ ਸਕਦਾ ਹੈ। ਆਮ ਜਨਤਾ ਦੀ ਸੁਰੱਖਿਆ ਲਈ ਬਹੁਤ ਖੁੱਲ੍ਹੇ ਏਰੀਏ ਦੇ ਚੁਫੇਰੇ ਜਾਲੀਦਾਰ ਕੰਡਿਆਲੀ ਤਾਰ ਲਾ ਕੇ ਉਸ ਏਰੀਏ ਦੇ ਅੰਦਰਵਾਰ ਇਨ੍ਹਾਂ ਜੰਗਲੀ ਜੀਵਾਂ ਨੂੰ ਪੂਰੀ ਆਜ਼ਾਦੀ ਹੈ। ਇਸੇ ਹੀ ਤਰ੍ਹਾਂ ਇੱਥੇ ਦਰੱਖਤ ਵੀ ਆਪਣੀ ਲੰਬੀ ਉਮਰ ਭੋਗਣ ਲਈ ਪੂਰੀ ਤਰ੍ਹਾਂ ਆਜ਼ਾਦ ਹਨ। ਇਸ ਦੇਸ਼ ਵਿਚ ਸੈਂਕੜਿਆਂ ਹੀ ਨਹੀਂ, ਬਲਕਿ ਹਜ਼ਾਰਾਂ ਸਾਲਾਂ ਦੀ ਉਮਰ ਦੇ ਖੜ੍ਹੇ ਦਰੱਖਤ ਤੁਹਾਨੂੰ ਵੇਖਣ ਲਈ ਆਮ ਮਿਲਣਗੇ। ਇੱਥੋਂ ਦੇ ਤਸਮਾਨੀਆ ਰਾਜ ਵਿਚ ਤੁਹਾਨੂੰ 10518 ਸਾਲ ਤੱਕ ਪਹਿਲਾਂ ਉੱਗੇ ਹੋਏ ਦੇਵਦਾਰ ਦੇ ਦਰੱਖਤ ਵੇਖਣ ਲਈ ਅੱਜ ਵੀ ਮਿਲਣਗੇ, ਜਿਸ ਨੂੰ ਤੁਸੀਂ ਉਪਰੋਕਤ ਤਸਵੀਰ ਰਾਹੀਂ ਵੀ ਵੇਖ ਸਕਦੇ ਹੋ। ਇਸ ਤੋਂ ਇਲਾਵਾ ਹੋਰ ਵੀ ਸੈਂਕੜੇ ਸਾਲ ਪੁਰਾਣੇ ਦਰੱਖਤ ਤੁਸੀਂ ਹਰ ਥਾਵੇਂ ਆਮ ਵੇਖ ਸਕਦੇ ਹੋ। ਆਪਣੇ ਫਾਰਮਾਂ ਅਤੇ ਘਰਾਂ ਵਿਚੋਂ ਕੋਈ ਵੀ ਮਾਲਕ ਉੱਥੇ ਉੱਗੇ ਹੋਏ ਦਰੱਖਤਾਂ ਨੂੰ ਸਰਕਾਰ ਦੀ ਮਨਜ਼ੂਰੀ ਤੋਂ ਬਿਨਾ ਕੱਟ ਨਹੀਂ ਸਕਦਾ। ਜ਼ਮੀਨ 'ਚ ਉੱਗੇ ਹੋਏ ਦਰੱਖਤ ਆਪਣੀ ਪੂਰੀ ਉਮਰ ਭੋਗਣ ਬਾਅਦ ਜਦੋਂ ਸੁੱਕ ਜਾਂਦੇ ਹਨ, ਉਦੋਂ ਵੀ ਉਨ੍ਹਾਂ ਨੂੰ ਕੋਈ ਨਹੀਂ ਛੇੜਦਾ, ਸਾਲਾਂਬੱਧੀ ਖੜ੍ਹੇ ਰਹਿੰਦੇ ਹਨ। ਅਖੀਰ ਜਦੋਂ ਜ਼ਮੀਨ 'ਤੇ ਗਿਰ ਜਾਂਦੇ ਹਨ, ਬਹੁਤ ਸਾਲਾਂ ਬਾਅਦ ਗਲ੍ਹ-ਪਚ ਕੇ ਮਿੱਟੀ ਬਣ ਜਾਂਦੇ ਹਨ। ਇਸੇ ਤਰ੍ਹਾਂ ਸਵੇਰੇ, ਸ਼ਾਮ ਹਰ ਤਰ੍ਹਾਂ ਦੇ ਪੰਛੀਆਂ ਦੀਆਂ ਮਨ-ਮੋਹਣੀਆਂ ਆਵਾਜ਼ਾਂ ਤੁਹਾਨੂੰ ਸੁਣਨ ਲਈ ਮਿਲਣਗੀਆਂ, ਜਦਕਿ ਭਾਰਤ 'ਚ ਬਹੁਤ ਸਾਰੇ ਪੰਛੀਆਂ ਦੀਆਂ ਨਸਲਾਂ ਹੀ ਅਲੋਪ ਹੋ ਕੇ ਖਤਮ ਹੀ ਹੋ ਗਈਆਂ ਹਨ। ਆਸਟ੍ਰੇਲੀਆ ਦੇਸ਼ ਦੀ ਵਿਸ਼ੇਸ਼ ਖਾਸੀਅਤ ਇਹ ਹੈ ਕਿ ਇਸ ਦੇਸ਼ ਦੀ ਸਰਕਾਰ ਸਮੇਤ ਆਮ ਜਨਤਾ ਕੁਦਰਤ ਦੁਆਰਾ ਸਾਜੀ ਹੋਈ ਪ੍ਰਾਕ੍ਰਿਤੀ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਨਹੀਂ ਕਰਦੇ। ਉਸ ਦੇ ਵਾਧੇ ਲਈ ਯਤਨ ਤਾਂ ਜ਼ਰੂਰ ਕਰਨਗੇ। ਜੇ ਆਪਾਂ ਘਰਾਂ ਲਈ ਵਰਤੋਂ 'ਚ ਲਿਆਂਦੀ ਜ਼ਮੀਨ ਦੀ ਹੀ ਗੱਲ ਕਰੀਏ, ਉਸ ਨੂੰ ਸਾਵੀਂ ਪੱਧਰੀ ਬਿੱਲਕੁਲ ਨਹੀਂ ਕਰਨਗੇ। ਜਿਹੋ ਜਹੀ ਉੱਚੀ ਨੀਵੀਂ ਜ਼ਮੀਨ ਹੋਵੇਗੀ, ਉਸੇ 'ਤੇ ਹੀ ਘਰ ਬਣਾ ਲੈਣਗੇ। ਇੰਡੀਆ ਦੀ ਤਰ੍ਹਾਂ ਬਹੁਤ ਉੱਚਾ ਚੁੱਕ ਕੇ ਘਰ ਨਹੀਂ ਬਣਾਉਣਗੇ। ਕੁਦਰਤ ਵਲੋਂ ਬਖਸ਼ੇ ਹੋਏ ਰੂਪ ਅਨੁਸਾਰ ਹੀ ਘਰ ਬਣਾ ਦੇਣਗੇ। ਗੱਲ ਕੀ ਇਸ ਦੇਸ਼ ਦਾ ਅਸੂਲ ਹੈ ਕਿ ਕੁਦਰਤ ਵਲੋਂ ਬਣੀ ਹੋਈ ਕਿਸੇ ਵੀ ਚੀਜ਼ ਨਾਲ ਕਿਸੇ ਵੀ ਤਰ੍ਹਾਂ ਦੀ ਛੇੜ-ਛਾੜ ਨਹੀਂ ਕੀਤੀ ਜਾਂਦੀ। ਹਰ ਥਾਵੇਂ ਹਰ ਕਿਸੇ ਦੀ, ਚਾਹੇ ਉਹ ਇਨਸਾਨ ਹੈ, ਚਾਹੇ ਉਹ ਜਾਨਵਰ ਹੈ, ਚਾਹੇ ਉਹ ਪਸ਼ੂ ਹੈ, ਚਾਹੇ ਉਹ ਪੰਛੀ ਹੈ, ਭਾਵੇਂ ਕੋਈ ਜੜੀ-ਬੂਟੀਆਂ, ਦਰੱਖਤਾਂ ਸਮੇਤ ਹਰ ਤਰ੍ਹਾਂ ਦੀ ਹੋਰ ਬਨਸਪਤੀ ਵੀ ਕਿਉਂ ਨਾ ਹੋਵੇ, ਹਰ ਇੱਕ ਦੀ ਪੂਰਨ ਆਜ਼ਾਦੀ ਨਾਲ ਜੀਵਨ ਜਿਊਣ ਦਾ ਪੂਰਾ-ਪੂਰਾ ਖਿਆਲ ਰੱਖਿਆ ਜਾਂਦਾ ਹੈ। ਇਸੇ ਹੀ ਤਰ੍ਹਾਂ ਇੱਥੇ ਹਰ ਬੱਚੇ ਤੋਂ ਬੁੱਢੇ ਇਨਸਾਨ ਤੱਕ ਭਾਵੇਂ ਉਹ ਕਿਸੇ ਵੀ ਦੇਸ਼ ਤੋਂ ਇੱਥੇ ਆਇਆ ਹੋਵੇ, ਕਿਸੇ ਵੀ ਰੰਗ ਦਾ, ਕਿਸੇ ਵੀ ਨਸਲ ਦਾ, ਕਿਸੇ ਵੀ ਧਰਮ ਨੂੰ ਮੰਨਣ ਵਾਲਾ ਹੋਵੇ। ਇੱਥੋਂ ਦੇ ਸਿਸਟਮ ਅਨੁਸਾਰ ਉਸ ਨੂੰ ਹਰ ਤਰ੍ਹਾਂ ਦੀ ਆਜ਼ਾਦੀ ਮਾਨਣ ਦਾ ਪੂਰਾ ਅਧਿਕਾਰ ਹੈ। ਦੇਸ਼ ਦੀ ਹਰ ਤਰ੍ਹਾਂ ਦੀ ਕੌਮੀ ਮਲਕੀਅਤ 'ਤੇ ਵੀ ਉਸ ਦਾ ਪੂਰਾ-ਪੂਰਾ ਹੱਕ ਹੈ। ਸਮਾਜ ਸੈਵੀ ਸੰਸਥਾਵਾਂ ਅਤੇ ਸਰਕਾਰਾਂ ਵਲੋਂ ਇਸ ਦੇਸ਼ 'ਚ 0 ਸਾਲ ਦੇ ਨਿੱਕੇ ਬੱਚੇ ਤੋਂ ਲੈ ਕੇ ਮੌਤ ਦੇ ਨਜ਼ਦੀਕ ਪਹੁੰਚੇ 100-150 ਸਾਲ ਦੀ ਅਖੀਰਲੀ ਉਮਰ ਤੱਕ ਦੇ ਬੁੱਢੇ ਦੀ ਹਰ ਲੋੜ ਦਾ ਖਿਆਲ ਰੱਖਿਆ ਜਾਂਦਾ ਹੈ। ਇਸ ਦੇਸ਼ ਨੂੰ ਜੇ ਧਰਤੀ ਦਾ ਸਵਰਗ ਵੀ ਕਹਿ ਦਿੱਤਾ ਜਾਵੇ, ਤਾਂ ਕੋਈ ਅਤਿਕਥਨੀ ਨਹੀਂ ਹੋਏਗਾ। ਸਾਡੇ ਗੁਰੂਆਂ, ਪੀਰਾਂ ਵਲੋਂ ਸਾਨੂੰ ਦਿੱਤੀਆਂ ਗਈਆਂ ਕਦਰਾਂ-ਕੀਮਤਾਂ ਵਾਲੀਆਂ ਸਿੱਖਿਆਵਾਂ ਨੂੰ ਅਸੀਂ ਮੰਨਣ ਵਾਲੇ ਮੰਨਦੇ ਹੋਏ ਵੀ ਪੂਰੀ ਤਰ੍ਹਾਂ ਨਹੀਂ ਮੰਨ ਰਹੇ। ਪਰ ਇਸ ਦੇ ਉਲਟ ਜੋ ਇਸ ਦੇਸ਼ 'ਚ ਰਹਿ ਰਹੇ ਹਨ, ਉਹ ਆਪਣੇ ਦਿਲੋਂ ਇਨ੍ਹਾਂ ਸਿੱਖਿਆਵਾਂ ਅਨੁਸਾਰ ਚੱਲ ਰਹੇ ਹਨ। ਕਈ ਵਾਰ ਇਹ ਭੁਲੇਖਾ ਪੈ ਰਿਹਾ ਹੈ ਕਿ ਸਾਡੇ ਗੁਰੂਆਂ, ਪੀਰਾਂ ਵਲੋਂ ਦਿੱਤੀਆਂ ਸਿੱਖਿਆਵਾਂ ਮੰਨਣ ਵਾਲੇ ਅਸਲੀ ਚੇਲੇ ਇਹ ਲੋਕ ਹਨ। ਅਸੀਂ ਤਾਂ ਲੋਕਾਂ ਨੂੰ ਬੁੱਧੂ ਬਨਾਉਣ ਦਾ ਐਵੇਂ ਝੂਠਾ-ਮੂਠਾ ਅਡੰਬਰ ਹੀ ਰਚਾ ਰਹੇ ਹਾਂ। ਜਿਨ੍ਹਾਂ ਨੇ 1699 ਦੀ ਵਿਸਾਖੀ ਤੋਂ 326 ਸਾਲ ਬੀਤ ਜਾਣ ਬਾਅਦ ਵੀ ਜਾਤ-ਪਾਤ ਖਤਮ ਕਰਨ ਦੀ ਮਨੁੱਖਤਾ ਨੂੰ ਬਰਾਬਰ ਲਿਆਉਣ ਵਾਲੀ ਦਸਵੇਂ ਗੁਰੂ ਜੀ ਵਲੋਂ ਦਿੱਤੀ ਸਿੱਖਿਆਵਾਂ ਨੂੰ ਅੱਜ ਤੱਕ ਵੀ ਨਹੀਂ ਮੰਨਿਆ।

ਜਦਕਿ ਇਸ ਦੇ ਉਲਟ ਆਸਟ੍ਰੇਲੀਆ ਦੇਸ਼ 'ਚ ਕਿਸੇ ਕਿਸਮ ਦੀ ਕੋਈ ਜਾਤ-ਪਾਤ, ਨਸਲ ਆਦਿ ਦਾ ਭਿੰਨ-ਭੇਦ ਨਹੀਂ ਹੈ। ਸਭ ਨੂੰ ਬਰਾਬਰ ਦੇ ਇਨਸਾਨ ਸਮਝਿਆ ਜਾਂਦਾ ਹੈ।


ਇਸੇ ਕਰਕੇ ਇਸ ਦੁਨੀਆਂ 'ਚ ਪੈਦਾ ਹੋਏ ਹਰ ਪ੍ਰਾਣੀ ਸਮੇਤ ਬਨਸਪਤੀ ਦਾ ਹੱਕ ਬਣਦਾ ਹੈ ਕਿ ਆਸਟ੍ਰੇਲੀਆ ਦੀ ਤਰ੍ਹਾਂ ਹੀ ਉਸ ਨਾਲ ਉਸ ਦੇ ਆਪਣੇ ਦੇਸ਼ 'ਚ ਵੀ ਵਰਤਾਓ ਹੋਵੇ। ਇਸ ਮਿਸ਼ਨ ਨੂੰ ਪੂਰਾ ਕਰਨ ਲਈ ਪੰਜਾਬ 'ਚ ਪੈਦਾ ਹੋਏ ਉਸਾਰੂ ਸੋਚ ਦੇ ਕੁੱਝ ਕੁ ਚਿੰਤਕ ਪ੍ਰਾਣੀਆਂ ਵਲੋਂ ਵੀ ਧਰਤੀ ਉੱਤੇ ਹੁੰਦੀ ਛੇੜ-ਛਾੜ ਨੂੰ ਰੋਕ ਕੇ ਹਰਿਆਵਲ ਲਿਆਉਣ ਅਤੇ ਵਾਤਾਵਰਨ ਅਤੇ ਪਾਣੀਆਂ ਦਾ ਗੰਦਲਾਪਨ ਦੂਰ ਕਰਨ ਅਤੇ ਉਸ ਨੂੰ ਸਾਫ ਰੱਖਣ ਦੇ ਯਤਨ ਕੀਤੇ ਜਾ ਰਹੇ ਹਨ। ਜਿਹੜਾ ਕਿ ਬਹੁਤ ਹੀ ਸਲਾਹੁਣਯੋਗ ਉੱਦਮ ਹੈ। ਉੱਥੇ ਹੀ ਗਰੀਬਦਾਸ ਭੁਰੀਵਾਲੇ ਸੰਸਥਾ ਦੇ ਗੱਦੀ ਨਸ਼ੀਨ ਮਹਾਰਾਜ ਸੰਤ ਚੇਤਨਾ ਨੰਦ ਜੀ ਭੁਰੀਵਾਲਿਆਂ ਵਲੋਂ ਵੀ ਜੰਗਲਾਂ ਅਥਵਾ ਪਹਾੜੀਆਂ ਨਾਲ ਲੱਗਦੇ ਭਾਰਤ ਦੇ ਕਈ ਰਾਜਾਂ ਜਿਨ੍ਹਾਂ 'ਚ ਹਿਮਾਚਲ ਪ੍ਰਦੇਸ਼, ਉਤਰ ਪ੍ਰਦੇਸ਼, ਹਰਿਆਣਾ, ਝਾਰਖੰਡ ਅਤੇ ਪੰਜਾਬ ਦੇ ਪਹਾੜੀ ਤੇ ਨੀਮ ਪਹਾੜੀ ਇਲਾਕਿਆਂ 'ਚ ਵਾਤਾਵਰਨ ਦੀ ਸੰਤੁਲਿਤਾ ਬਣਾਈ ਰੱਖਣ ਲਈ ਬਹੁਤ ਸਾਰੇ ਦਰੱਖਤ ਬੂਟੇ ਵੀ ਲਗਵਾਏ ਗਏ ਹਨ। ਪਸ਼ੂਆਂ ਪੰਛੀਆਂ 'ਤੇ ਜੰਗਲੀ ਜੀਵਾਂ ਦੀ ਭੁੱਖ ਅਤੇ ਪਿਆਸ ਬੁਝਾਉਣ ਲਈ ਸੀਮਿੰਟ, ਇੱਟਾਂ ਦੀਆਂ ਪੱਕੀਆਂ ਹੌਦੀਆਂ (ਖੈਲ਼ਾਂ) ਬਣਾ ਕੇ ਉਨ੍ਹਾਂ 'ਚ ਹਰ ਰੋਜ਼ ਟੈਂਕੀਆਂ ਰਾਹੀਂ ਪਾਣੀ ਪਾਇਆ ਜਾਂਦਾ ਹੈ। ਪੰਛੀਆਂ ਦੇ ਆਲ੍ਹਣੇ ਬਣਾ ਕੇ ਹਰ ਇੱਕ ਨੂੰ ਖਾਣ ਲਈ ਖਾਣਯੋਗ ਹਰ ਤਰ੍ਹਾਂ ਦੀ ਖੁਰਾਕ ਵੀ ਰੱਖੀ ਜਾਂਦੀ ਹੈ। ਜਿਹੜਾ ਕਿ ਪ੍ਰਾਕ੍ਰਿਤੀ ਦੇ ਨਿਯਮਾਂ ਅਨੁਸਾਰ ਸਾਰੇ ਬ੍ਰਹਿਮੰਡ ਦੇ ਪ੍ਰਾਣੀਆਂ ਦਾ ਸੰਤੁਲਿਨ ਬਰਾਬਰ ਬਣਾਈ ਰੱਖਣ ਲਈ ਸਰਕਾਰਾਂ ਸਮੇਤ ਆਮ ਜਨਤਾ ਲਈ ਨੈਤਿਕਤਾ ਵੱਲ਼ ਜਾਣ ਵਾਰੇ ਉਨ੍ਹਾਂ ਦੀ ਰੂਹ ਨੂੰ ਹਲੂਣਾ ਹੈ ਅਤੇ ਇਨਸਾਨੀ ਕਦਰਾਂ-ਕੀਮਤਾਂ ਵੱਲ਼ ਜਾਣ ਵਾਲਾ ਵੱਡਮੁੱਲਾ ਸੁਨੇਹਾ ਵੀ ਹੈ।

# ਰਾਖਵੇਂਕਰਨ: ਪੀੜ੍ਹੀ ਦਰ ਪੀੜ੍ਹੀ ਦਾ ਵਿਸ਼ੇਸ਼ ਅਧਿਕਾਰ ਜਾਂ ਅਸਲੀ ਨਿਆਂ?

## (ਲਾਭਪਾਤਰੀ ਕੌਣ ਹੈ?)

-ਡਾ. ਸਤਿਆਵਾਨ 'ਸੌਰਭ'
ਹਰਿਆਣਾ
94665-26148, 01255281381
ਪੰਜਾਬ ਮੇਲ USA






ਭਾਰਤ ਵਿਚ ਰਾਖਵੇਂਕਰਨ ਦਾ ਮੁੱਦਾ ਹਮੇਸ਼ਾ ਇੱਕ ਸੰਵੇਦਨਸ਼ੀਲ ਅਤੇ ਵਿਵਾਦਪੂਰਨ ਵਿਸ਼ਾ ਰਿਹਾ ਹੈ। ਇਸਨੂੰ ਸਮਾਜਿਕ ਨਿਆਂ, ਆਰਥਿਕ ਸਮਾਨਤਾ ਅਤੇ ਇਤਿਹਾਸਕ ਜ਼ੁਲਮ ਦੇ ਨਿਵਾਰਣ ਲਈ ਇੱਕ ਮਹੱਤਵਪੂਰਨ ਸਾਧਨ ਮੰਨਿਆ ਜਾਂਦਾ ਹੈ। ਪਰ ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਰਾਖਵੇਂਕਰਨ ਦੀ ਧਾਰਨਾ ਆਪਣੇ ਮੂਲ ਉਦੇਸ਼ਾਂ ਤੋਂ ਭਟਕਦੀ ਜਾਪਦੀ ਹੈ। ਹਾਲ ਹੀ ਵਿਚ, ਸੁਪਰੀਮ ਕੋਰਟ ਦੇ ਜੱਜ ਜਸਟਿਸ ਬੀ.ਆਰ. ਗਵਈ ਦਾ ਬਿਆਨ ਇਸ ਬਹਿਸ ਨੂੰ ਇੱਕ ਨਵੀਂ ਦਿਸ਼ਾ ਵਿਚ ਲੈ ਜਾਂਦਾ ਹੈ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਅਮੀਰ ਲੋਕਾਂ ਨੂੰ ਰਾਖਵੇਂਕਰਨ ਤੋਂ ਬਾਹਰ ਰੱਖਣ ਦਾ ਫੈਸਲਾ ਸੰਸਦ ਦੁਆਰਾ ਲਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਬਿਆਨ ਕਈ ਸਵਾਲ ਖੜ੍ਹੇ ਕਰਦਾ ਹੈ - ਕੀ ਰਾਖਵੇਂਕਰਨ ਦਾ ਅਸਲ ਲਾਭ ਉਸ ਵਰਗ ਤੱਕ ਪਹੁੰਚ ਰਿਹਾ ਹੈ, ਜਿਸ ਲਈ ਇਹ ਬਣਾਇਆ ਗਿਆ ਸੀ ? ਕੀ ਇਹ ਪ੍ਰਣਾਲੀ ਹੁਣ ਸੁਧਾਰ ਅਤੇ ਮੁੜ ਵਿਚਾਰ ਦੀ ਮੰਗ ਕਰਦੀ ਹੈ ?

### ਰਾਖਵੇਂਕਰਨ ਦਾ ਮੂਲ ਉਦੇਸ਼

ਰਿਜ਼ਰਵੇਸ਼ਨ ਦੀ ਸ਼ੁਰੂਆਤ ਭਾਰਤੀ ਸਮਾਜ ਵਿਚ ਪ੍ਰਚਲਿਤ ਡੂੰਘੀਆਂ ਸਮਾਜਿਕ ਅਸਮਾਨਤਾਵਾਂ ਨੂੰ ਖਤਮ ਕਰਨ ਅਤੇ ਸਦੀਆਂ ਤੋਂ ਵਾਂਝੇ ਭਾਈਚਾਰਿਆਂ ਨੂੰ ਮੁੱਖ ਧਾਰਾ ਵਿਚ ਲਿਆਉਣ ਦੇ ਉਦੇਸ਼ ਨਾਲ ਕੀਤੀ ਗਈ ਸੀ। ਇਹ ਇੱਕ ਅਜਿਹਾ ਸਾਧਨ ਸੀ, ਜਿਸ ਰਾਹੀਂ ਸਮਾਜਿਕ, ਵਿਦਿਅਕ ਅਤੇ ਆਰਥਿਕ ਪਛੜੇਪਣ ਨੂੰ ਦੂਰ ਕੀਤਾ ਜਾ ਸਕਦਾ ਸੀ ਅਤੇ ਸਮਾਜ ਦੇ ਸਾਰੇ ਵਰਗਾਂ ਨੂੰ ਬਰਾਬਰ ਮੌਕੇ ਮਿਲ ਸਕਦੇ ਸਨ। ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਨੇ ਰਾਖਵੇਂਕਰਨ ਨੂੰ ਇੱਕ ਅਸਥਾਈ ਉਪਾਅ ਵਜੋਂ ਪੇਸ਼ ਕੀਤਾ ਸੀ, ਤਾਂ ਜੋ ਦਲਿਤਾਂ, ਆਦਿਵਾਸੀਆਂ ਅਤੇ ਪਛੜੇ ਵਰਗਾਂ ਨੂੰ ਨਿਆਂ ਅਤੇ ਮੌਕਾ ਮਿਲ ਸਕੇ। ਉਸਦਾ ਉਦੇਸ਼ ਇੱਕ ਅਜਿਹਾ ਸਮਾਜ ਸਿਰਜਣਾ ਸੀ ਜਿੱਥੇ ਨਸਲੀ ਵਿਤਕਰੇ ਅਤੇ ਸਮਾਜਿਕ ਜ਼ੁਲਮ ਲਈ ਕੋਈ ਥਾਂ ਨਾ ਹੋਵੇ। ਇਹ ਸਿਰਫ਼ ਸਰਕਾਰੀ ਨੌਕਰੀਆਂ ਅਤੇ ਸਿੱਖਿਆ ਤੱਕ ਸੀਮਤ ਨਹੀਂ ਸੀ, ਸਗੋਂ ਸਮੁੱਚੇ ਸਮਾਜਿਕ ਸੁਧਾਰ ਵੱਲ ਇੱਕ ਦਲੇਰਾਨਾ ਕਦਮ ਸੀ।

**ਰਾਖਵੇਂਕਰਨ ਦਾ ਮੁੱਖ ਉਦੇਸ਼ ਸਿਰਫ਼ ਜਾਤੀ ਭੇਦਭਾਵ ਨੂੰ ਖਤਮ ਕਰਨਾ ਹੀ ਨਹੀਂ ਸੀ, ਸਗੋਂ ਆਰਥਿਕ ਅਸਮਾਨਤਾ ਨੂੰ ਵੀ ਦੂਰ ਕਰਨਾ ਸੀ। ਪਰ ਅੱਜ ਰਾਖਵੇਂਕਰਨ ਦਾ ਆਧਾਰ ਜ਼ਿਆਦਾਤਰ ਜਾਤੀ ਪਛਾਣ 'ਤੇ ਆਧਾਰਿਤ ਹੈ, ਜਦੋਂਕਿ ਅਸਲੀਅਤ ਵਿਚ ਆਰਥਿਕ ਸਥਿਤੀ ਵੀ ਇੱਕ ਮਹੱਤਵਪੂਰਨ ਕਾਰਕ ਹੋਣੀ ਚਾਹੀਦੀ ਹੈ। ਅਮੀਰ ਵਰਗਾਂ ਨੂੰ ਰਾਖਵੇਂਕਰਨ ਤੋਂ ਬਾਹਰ ਰੱਖਣ ਬਾਰੇ ਗੱਲ ਕਰਨਾ ਇਸ ਦਿਸ਼ਾ ਵਿਚ ਇੱਕ ਜ਼ਰੂਰੀ ਕਦਮ ਹੋ ਸਕਦਾ ਹੈ, ਤਾਂ ਜੋ ਇਸਦੇ ਲਾਭ ਉਨ੍ਹਾਂ ਲੋਕਾਂ ਤੱਕ ਪਹੁੰਚ ਸਕਣ, ਜੋ ਸੱਚਮੁੱਚ ਲੋੜਵੰਦ ਹਨ। ਇਹ ਪਹੁੰਚ ਨਾ ਸਿਰਫ਼ ਸਰੋਤਾਂ ਦੀ ਵਧੇਰੇ ਬਰਾਬਰ ਵੰਡ ਨੂੰ ਯਕੀਨੀ ਬਣਾਏਗੀ, ਸਗੋਂ ਸਮਾਜ ਵਿਚ ਅਸਲ ਸਮਾਨਤਾ ਅਤੇ ਨਿਆਂ ਦੀ ਭਾਵਨਾ ਨੂੰ ਵੀ ਉਤਸ਼ਾਹਿਤ ਕਰੇਗੀ।**

### ਸਮੱਸਿਆ ਦਾ ਅਸਲੀ ਚਿਹਰਾ

ਪਰ, ਹੌਲੀ-ਹੌਲੀ ਇਹ ਪ੍ਰਣਾਲੀ ਉਨ੍ਹਾਂ ਪਰਿਵਾਰਾਂ ਲਈ ਪੀੜ੍ਹੀ ਦਰ ਪੀੜ੍ਹੀ ਵਿਸ਼ੇਸ਼ ਅਧਿਕਾਰ ਬਣ ਰਹੀ ਹੈ, ਜੋ ਪਹਿਲਾਂ ਹੀ ਸਸ਼ਕਤ ਹੋ ਚੁੱਕੇ ਹਨ। ਜਸਟਿਸ ਗਵਈ ਦਾ ਇਹ ਨਿਰੀਖਣ ਕਿ ਜਦੋਂ ਕੋਈ ਵਿਅਕਤੀ ਆਈ.ਏ.ਐੱਸ. ਜਾਂ ਆਈ.ਪੀ.ਐੱਸ. ਬਣ ਜਾਂਦਾ ਹੈ, ਤਾਂ ਉਸਦੇ ਬੱਚਿਆਂ ਨੂੰ ਸਮਾਜ ਦੀਆਂ ਉਹੀ ਮੁਸ਼ਕਲਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ, ਇੱਕ ਮਹੱਤਵਪੂਰਨ ਸੱਚਾਈ ਵੱਲ ਇਸ਼ਾਰਾ ਕਰਦਾ ਹੈ। ਉੱਚ ਸਿੱਖਿਆ, ਬਿਹਤਰ ਜੀਵਨ ਸ਼ੈਲੀ ਅਤੇ ਸਰੋਤਾਂ ਤੱਕ ਆਸਾਨ ਪਹੁੰਚ ਦੇ ਕਾਰਨ ਇੱਕ ਅਧਿਕਾਰੀ ਦਾ ਪਰਿਵਾਰ ਅਸਲ ਗ਼ਰੀਬਾਂ ਤੋਂ ਬਹੁਤ ਦੂਰ ਰਹਿੰਦਾ ਹੈ। ਇਹ ਸਥਿਤੀ ਸਿਰਫ਼ ਸਰਕਾਰੀ ਸੇਵਾਵਾਂ ਵਿਚ ਹੀ ਨਹੀਂ, ਸਗੋਂ ਨਿੱਜੀ ਖੇਤਰ, ਉੱਚ ਸਿੱਖਿਆ ਸੰਸਥਾਵਾਂ ਅਤੇ ਹੋਰ ਵਪਾਰਕ ਖੇਤਰਾਂ ਵਿਚ ਵੀ ਦੇਖੀ ਜਾ ਸਕਦੀ ਹੈ। ਅਜਿਹੀ ਸਥਿਤੀ ਵਿਚ, ਸਵਾਲ ਇਹ ਉੱਠਦਾ ਹੈ ਕਿ ਕੀ ਇਨ੍ਹਾਂ ਪਰਿਵਾਰਾਂ ਲਈ ਰਾਖਵੇਂਕਰਨ ਦਾ ਲਾਭ ਪ੍ਰਾਪਤ ਕਰਨਾ ਜਾਇਜ਼ ਹੈ ?

### ਆਰਥਿਕ ਸਹਾਇਤਾ ਦੀ ਜ਼ਰੂਰਤ

ਰਾਖਵੇਂਕਰਨ ਦਾ ਮੁੱਖ ਉਦੇਸ਼ ਸਿਰਫ਼ ਜਾਤੀ ਭੇਦਭਾਵ ਨੂੰ ਖਤਮ ਕਰਨਾ ਹੀ ਨਹੀਂ ਸੀ, ਸਗੋਂ ਆਰਥਿਕ ਅਸਮਾਨਤਾ ਨੂੰ ਵੀ ਦੂਰ ਕਰਨਾ ਸੀ। ਪਰ ਅੱਜ ਰਾਖਵੇਂਕਰਨ ਦਾ ਆਧਾਰ ਜ਼ਿਆਦਾਤਰ ਜਾਤੀ ਪਛਾਣ 'ਤੇ ਆਧਾਰਿਤ ਹੈ, ਜਦੋਂਕਿ ਅਸਲੀਅਤ ਵਿਚ ਆਰਥਿਕ ਸਥਿਤੀ ਵੀ ਇੱਕ ਮਹੱਤਵਪੂਰਨ ਕਾਰਕ ਹੋਣੀ ਚਾਹੀਦੀ ਹੈ। ਅਮੀਰ ਵਰਗਾਂ ਨੂੰ ਰਾਖਵੇਂਕਰਨ ਤੋਂ ਬਾਹਰ ਰੱਖਣ ਬਾਰੇ ਗੱਲ ਕਰਨਾ ਇਸ ਦਿਸ਼ਾ ਵਿਚ ਇੱਕ ਜ਼ਰੂਰੀ ਕਦਮ ਹੋ ਸਕਦਾ ਹੈ, ਤਾਂ ਜੋ ਇਸਦੇ ਲਾਭ ਉਨ੍ਹਾਂ ਲੋਕਾਂ ਤੱਕ ਪਹੁੰਚ ਸਕਣ, ਜੋ ਸੱਚਮੁੱਚ ਲੋੜਵੰਦ ਹਨ। ਇਹ ਪਹੁੰਚ ਨਾ ਸਿਰਫ਼ ਸਰੋਤਾਂ ਦੀ ਵਧੇਰੇ ਬਰਾਬਰ ਵੰਡ ਨੂੰ ਯਕੀਨੀ ਬਣਾਏਗੀ, ਸਗੋਂ ਸਮਾਜ ਵਿਚ ਅਸਲ ਸਮਾਨਤਾ ਅਤੇ ਨਿਆਂ ਦੀ ਭਾਵਨਾ ਨੂੰ ਵੀ ਉਤਸ਼ਾਹਿਤ ਕਰੇਗੀ।

### ਰਾਖਵੇਂਕਰਨ ਦੀਆਂ ਸਮਾਜਿਕ ਚੁਣੌਤੀਆਂ

ਰਾਖਵਾਂਕਰਨ ਪ੍ਰਣਾਲੀ ਅਕਸਰ ਰਾਜਨੀਤਿਕ ਲਾਭ ਅਤੇ ਵੋਟ ਬੈਂਕ ਦੀ ਰਾਜਨੀਤੀ ਦਾ ਸ਼ਿਕਾਰ ਹੋ ਜਾਂਦੀ ਹੈ। ਇਸ ਕਾਰਨ, ਸੱਚਮੁੱਚ ਲੋੜਵੰਦ ਵਰਗ ਪਿੱਛੇ ਰਹਿ ਜਾਂਦੇ ਹਨ। ਇਸ ਤੋਂ ਇਲਾਵਾ, ਰਾਖਵੀਆਂ ਸ਼੍ਰੇਣੀਆਂ ਦੇ ਅੰਦਰ ਵੀ ਇੱਕ ਕਿਸਮ ਦਾ ਵਰਗ ਪਾੜਾ ਉੱਭਰਨਾ ਸ਼ੁਰੂ ਹੋ ਗਿਆ ਹੈ, ਜਿੱਥੇ ਕੁਝ ਪਰਿਵਾਰ ਲਗਾਤਾਰ ਇਸ ਸਹੂਲਤ ਦਾ ਲਾਭ ਲੈ ਰਹੇ ਹਨ, ਜਦੋਂ ਕਿ ਕੁਝ ਅਜੇ ਵੀ ਹਾਸ਼ੀਏ 'ਤੇ ਹਨ। ਇਹ ਰੁਝਾਨ ਨਾ ਸਿਰਫ਼ ਰਾਖਵੇਂਕਰਨ ਦੇ ਮੂਲ ਉਦੇਸ਼ ਨੂੰ ਕਮਜ਼ੋਰ ਕਰਦਾ ਹੈ, ਸਗੋਂ ਸਮਾਜਿਕ ਤਣਾਅ ਅਤੇ ਬੇਇਨਸਾਫ਼ੀ ਦੀ ਭਾਵਨਾ ਨੂੰ ਵੀ ਵਧਾਉਂਦਾ ਹੈ।

### ਸੰਸਦ ਦੀ ਜ਼ਿੰਮੇਵਾਰੀ

ਹੁਣ ਸਮਾਂ ਆ ਗਿਆ ਹੈ ਕਿ ਸੰਸਦ ਇਸ ਮੁੱਦੇ 'ਤੇ ਗੰਭੀਰਤਾ ਨਾਲ ਵਿਚਾਰ ਕਰੇ। ਇਹ ਫੈਸਲਾ ਕਰਨਾ ਪਵੇਗਾ ਕਿ ਕੀ ਰਾਖਵੇਂਕਰਨ ਦਾ ਲਾਭ ਉਨ੍ਹਾਂ ਪਰਿਵਾਰਾਂ ਤੱਕ ਸੀਮਤ ਹੋਣਾ ਚਾਹੀਦਾ ਹੈ, ਜੋ ਸੱਚਮੁੱਚ ਵਾਂਝੇ ਅਤੇ ਪਛੜੇ ਹੋਏ ਹਨ। ਇਹ ਬਦਲਾਅ ਸਮਾਜਿਕ ਨਿਆਂ ਦੀ ਮੂਲ ਭਾਵਨਾ ਦੇ ਅਨੁਸਾਰ ਹੋਵੇਗਾ, ਜਿਸ ਲਈ ਰਾਖਵਾਂਕਰਨ ਪ੍ਰਣਾਲੀ ਬਣਾਈ ਗਈ ਸੀ। ਇਹ ਫੈਸਲਾ ਨਾ ਸਿਰਫ਼ ਕਾਨੂੰਨੀ ਦ੍ਰਿਸ਼ਟੀਕੋਣ ਤੋਂ, ਸਗੋਂ ਨੈਤਿਕ ਅਤੇ ਸਮਾਜਿਕ ਦ੍ਰਿਸ਼ਟੀਕੋਣ ਤੋਂ ਵੀ ਮਹੱਤਵਪੂਰਨ ਹੈ। ਨਾਲ ਹੀ, ਇਹ ਇੱਕ ਅਜਿਹੀ ਪ੍ਰਣਾਲੀ ਦੀ ਮੰਗ ਕਰਦਾ ਹੈ, ਜੋ ਸਮੇਂ-ਸਮੇਂ 'ਤੇ ਰਾਖਵੇਂਕਰਨ ਦੀ ਸਾਰਥਕਤਾ ਦੀ ਸਮੀਖਿਆ ਕਰ ਸਕੇ।

### ਹੱਲ ਦੀ ਦਿਸ਼ਾ

ਰਾਖਵੇਂਕਰਨ ਦਾ ਲਾਭ ਸਿਰਫ਼ ਇੱਕ ਪੀੜ੍ਹੀ ਤੱਕ ਸੀਮਤ ਹੋਣਾ ਚਾਹੀਦਾ ਹੈ। ਜਾਤੀ ਅਤੇ ਆਰਥਿਕ ਪਛੜੇਪਣ ਦਾ ਮੁਲਾਂਕਣ ਆਰਥਿਕ ਆਧਾਰ ਨੂੰ ਸ਼ਾਮਲ ਕਰਕੇ ਸਹੀ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ। ਅਮੀਰ ਪਰਿਵਾਰਾਂ ਦੇ ਬੱਚਿਆਂ ਨੂੰ ਰਾਖਵੇਂਕਰਨ ਤੋਂ ਬਾਹਰ ਰੱਖਿਆ ਜਾਣਾ ਚਾਹੀਦਾ ਹੈ, ਤਾਂ ਜੋ ਇਸਦੇ ਲਾਭ ਸੱਚਮੁੱਚ ਲੋੜਵੰਦਾਂ ਤੱਕ ਪਹੁੰਚ ਸਕਣ। ਰਾਖਵੇਂਕਰਨ ਦੀ ਨਿਯਮਤ ਅੰਤਰਾਲਾਂ 'ਤੇ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਇਸਦੇ ਅਸਲ ਲਾਭਪਾਤਰੀਆਂ ਦੀ ਪਛਾਣ ਕੀਤੀ ਜਾ ਸਕੇ। ਸਿੱਖਿਆ ਅਤੇ ਰੁਜ਼ਗਾਰ ਵਿਚ ਸਮਾਵੇਸ਼ੀ ਨੀਤੀਆਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਸਾਰੇ ਵਰਗਾਂ ਨੂੰ ਬਰਾਬਰ ਮੌਕੇ ਮਿਲ ਸਕਣ। ਰਾਖਵੇਂਕਰਨ ਦੀ ਪ੍ਰਭਾਵਸ਼ੀਲਤਾ 'ਤੇ ਸਮੇਂ-ਸਮੇਂ 'ਤੇ ਪਾਰਦਰਸ਼ੀ ਖੋਜ ਅਤੇ ਸਰਵੇਖਣ ਕੀਤੇ ਜਾਣੇ ਚਾਹੀਦੇ ਹਨ, ਤਾਂ ਜੋ ਇਸਦੇ ਅਸਲ ਲਾਭਪਾਤਰੀਆਂ ਦੀ ਸਥਿਤੀ ਦਾ ਮੁਲਾਂਕਣ ਕੀਤਾ ਜਾ ਸਕੇ। ਪਛੜੇ ਵਰਗਾਂ ਦੀ ਅਸਲ ਸੰਭਾਵਨਾ ਨੂੰ ਸਾਕਾਰ ਕਰਨ ਲਈ ਖੇਤਰੀ ਅਤੇ ਪੇਂਡੂ ਪੱਧਰ 'ਤੇ ਸਿੱਖਿਆ ਅਤੇ ਹੁਨਰ ਵਿਕਾਸ ਵਿਚ ਸੁਧਾਰ ਕਰੋ। ਰਾਖਵਾਂਕਰਨ ਨੀਤੀ ਨੂੰ ਰਾਜਨੀਤਿਕ ਦਖਲਅੰਦਾਜ਼ੀ ਨੂੰ ਸੀਮਤ ਕਰਕੇ ਲੰਬੇ ਸਮੇਂ ਅਤੇ ਨਿਰਪੱਖ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਣਾ ਚਾਹੀਦਾ ਹੈ।

### ਇੱਕ ਨਵੀਂ ਸਵੇਰ

ਰਾਖਵਾਂਕਰਨ ਇੱਕ ਸੰਵੇਦਨਸ਼ੀਲ ਅਤੇ ਗੁੰਝਲਦਾਰ ਮੁੱਦਾ ਹੈ, ਪਰ ਇਸਦੇ ਢਾਂਚੇ ਨੂੰ ਸਮੇਂ ਦੇ ਨਾਲ ਬਦਲਣ ਦੀ ਲੋੜ ਹੈ। ਜਸਟਿਸ ਗਵਈ ਦਾ ਬਿਆਨ ਇੱਕ ਮਹੱਤਵਪੂਰਨ ਬਹਿਸ ਵੱਲ ਇਸ਼ਾਰਾ ਕਰਦਾ ਹੈ, ਜੋ ਸਾਡੇ ਸਮਾਜ ਦੀ ਤਰੱਕੀ ਅਤੇ ਨਿਆਂ ਦੀ ਨਵੀਂ ਪਰਿਭਾਸ਼ਾ ਨੂੰ ਆਕਾਰ ਦੇ ਸਕਦੀ ਹੈ। ਜੇਕਰ ਅਸੀਂ ਸੱਚਮੁੱਚ ਇੱਕ ਸਮਾਨਤਾਵਾਦੀ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਸਮੇਂ ਦੇ ਨਾਲ ਰਿਜ਼ਰਵੇਸ਼ਨ ਨੀਤੀ ਵਿਚ ਸੁਧਾਰ ਅਤੇ ਪੁਨਰਗਠਨ ਕਰਨਾ ਪਵੇਗਾ। ਇਹ ਨਾ ਸਿਰਫ਼ ਸੰਵਿਧਾਨ ਦੇ ਮੂਲ ਉਦੇਸ਼ਾਂ ਦਾ ਸਤਿਕਾਰ ਹੋਵੇਗਾ, ਸਗੋਂ ਇੱਕ ਬਿਹਤਰ ਅਤੇ ਵਧੇਰੇ ਨਿਆਂਪੂਰਨ ਸਮਾਜ ਵੱਲ ਇੱਕ ਜ਼ਰੂਰੀ ਕਦਮ ਵੀ ਹੋਵੇਗਾ।

# ਕੰਟਰੋਲ ਵਿਚ ਰੱਖੋ ਆਪਣਾ ਬਲੱਡ-ਪ੍ਰੈਸ਼ਰ

ਅਨਿਲ ਧੀਰ
ਬਰੈਂਪਟਨ, ਕੈਨੇਡਾ
647-853-5800
ਪੰਜਾਬ ਮੇਲ USA



**"ਲੰਬੀ ਹੈਲਦੀ ਸਿਹਤਮੰਦ ਜ਼ਿੰਦਗੀ ਜਿਊਣ ਲਈ ਆਪਣਾ ਬਲੱਡ-ਪ੍ਰੈਸ਼ਰ ਕੰਟਰੋਲ 'ਚ ਰੱਖੋ ਅਤੇ ਸਮੇਂ-ਸਮੇਂ 'ਤੇ ਚੈੱਕ ਕਰਦੇ ਰਹੋ" : ਡਾ. ਅਨਿਲ ਧੀਰ**


ਮਈ 2025 ਦਾ ਮਹੀਨਾ ਵਿਸ਼ਵ ਹਾਈਪਰਟੈਸ਼ਨ ਜਾਗਰੂਕਤਾ ਮਹੀਨੇ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਵਿਸ਼ਵ ਹਾਈਪਰਟੈਨਸ਼ਨ ਦਿਵਸ 2025 ਦਾ ਥੀਮ ਹੈ ਇਸ ਨਾ-ਮੁਰਾਦ ਬਿਮਾਰੀ ਨਾਲ ਜੀਅ ਰਹੇ ਰੋਗੀ ਸਮੇਂ-ਸਮੇਂ 'ਤੇ ਆਪਣਾ ਬਲੱਡ-ਪ੍ਰੈਸ਼ਰ ਚੈੱਕ ਕਰਦੇ ਰਹਿਣ ਅਤੇ ਇਸਨੂੰ ਕੰਟਰੋਲ 'ਚ ਰੱਖਣ। ਲਗਾਤਾਰ ਸਟ੍ਰੈੱਸ ਰਹਿਣਾ, ਵੱਧ ਬਲੱਡ-ਪ੍ਰੈਸ਼ਰ ਦੀ ਹਾਲਤ 'ਚ ਸਿਰ ਪੀੜ, ਥਕਾਵਟ, ਉਲਝਣ, ਛਾਤੀ 'ਚ ਦਰਦ, ਸਾਹ ਲੈਣ 'ਚ ਮੁਸ਼ਕਲ, ਦਿਲ ਦੀ ਤੇਜ਼ ਧੜਕਨ, ਘਬਰਾਹਟ, ਪਸੀਨਾ, ਚੱਕਰ ਆਉਣੇ, ਅੱਖਾਂ 'ਤੇ ਜ਼ੋਰ ਪੈਣਾ, ਅੱਖਾਂ ਲਾਲ ਦਿਸਣਾ, ਉਨੀਂਦਰਾਪਨ ਦੇ ਲੱਛਣ ਦੇਖਣ ਨੂੰ ਮਿਲ ਸਕਦੇ ਹਨ। ਸਟ੍ਰੋਕ ਅਤੇ ਦਿਲ ਦੇ ਦੌਰੇ ਤੋਂ ਬਚਣ ਜਾਂ ਕਿਸੇ ਗੰਭੀਰ ਲੱਛਣ ਦੀ ਹਾਲਤ 'ਚ ਦੇਰੀ ਮੈਡੀਕਲ, ਐਮਰਜੈਂਸੀ ਦੀ ਹੈਲਪ ਲੈਣ ਦੀ ਲੋੜ ਹੁੰਦੀ ਹੈ। ਇਸ ਮਹੀਨੇ ਤੰਦਰੁਸਤ ਅਤੇ ਰੋਗੀਆਂ ਨੂੰ ਜਾਗਰੂਕ ਕਰਨ ਦਾ ਮਕਸਦ ਹਾਰਟ ਅਟੈਕ, ਸਟ੍ਰੋਕ ਕਾਰਨ ਮੌਤ ਦਾ ਅੰਕੜਾ ਘੱਟ ਕਰਨਾ ਵੀ ਹੈ।

ਵਿਸ਼ਵ ਸਿਹਤ ਸੰਸਥਾ ਅਤੇ ਅਮੈਰੀਕਨ ਹਾਰਟ ਐਸੋਸੀਏਸ਼ਨ ਮੁਤਾਬਿਕ ਅੱਜ ਵਿਸ਼ਵ ਭਰ 'ਚ ਸਮੇਂ ਤੋਂ ਪਹਿਲਾਂ ਮੌਤ ਦਾ ਕਾਰਨ ਹਾਈਪਰਟੈਸ਼ਨ ਹੈ। ਅੱਜ ਕਰੀਬਨ 1.16 ਬਿਲੀਅਨ, ਘੱਟ ਤੇ ਮੱਧ ਆਮਦਨੀ ਵਾਲੇ ਦੇਸ਼ਾਂ 'ਚ ਰਹਿਣ ਵਾਲੇ ਲੋਕ ਹਾਈਪਰਟੈਨਸ਼ਨ ਦੇ ਸ਼ਿਕਾਰ ਹਨ। ਜਿਨ੍ਹਾਂ 'ਚ ਹਰ ਤੀਜਾ ਆਦਮੀ ਅਤੇ ਹਰ ਦੂਜੀ ਔਰਤ ਹਾਈ ਬਲੱਡ-ਪ੍ਰੈਸ਼ਰ ਦੇ ਘੇਰੇ 'ਚ ਹਨ। ਗੈਰ-ਮੁਸ਼ਕਲ ਬਿਮਾਰੀਆਂ ਲਈ ਅੰਤਰਾਰਸ਼ਟਰੀ ਪੱਧਰ 'ਤੇ ਹਾਈਪਰਟੈਨਸ਼ਨ ਦੇ ਪ੍ਰਸਾਰ ਨੂੰ ਘਟਾਉਣ ਦਾ ਟੀਚਾ ਰੱਖਿਆ ਗਿਆ ਹੈ। ਹਰ ਉਮਰ 'ਚ ਤੇਜ਼ੀ ਨਾਲ ਬਦਲ ਰਿਹਾ ਲਾਈਫ ਸਟਾਈਲ ਦੇ ਰਿਹਾ ਹੈ ਇਹ ਬਿਮਾਰੀ। ਬੱਚੇ, ਨੌਜਵਾਨ, ਔਰਤਾਂ, ਸੀਨੀਅਰਜ਼ ਅਤੇ ਗਰਭਵਤੀ ਔਰਤਾਂ 'ਚ ਬਿਮਾਰੀ ਦਾ ਅੰਕੜਾ ਤੇਜ਼ੀ ਨਾਲ ਵੱਧ ਰਿਹਾ ਹੈ। ਗੰਭੀਰ ਹਾਈ ਬਲੱਡ-ਪ੍ਰੈਸ਼ਰ ਨਾਲ ਦਿਲ, ਦਿਮਾਗ ਅਤੇ ਕਿਡਨੀ-ਰੋਗ ਵੱਧ ਰਹੇ ਹਨ। ਇਹ ਰੋਗ 40 ਤੋਂ ਵੱਧ ਉਮਰ ਦੇ ਮਰਦਾਂ ਅਤੇ 35 ਸਾਲ ਦੀਆਂ ਔਰਤਾਂ 'ਚ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ।

ਪ੍ਰਾਇਮਰੀ ਹਾਈ ਬਲੱਡ-ਪ੍ਰੈਸ਼ਰ ਸਮੇਂ ਨਾਲ ਹੌਲੀ-ਹੌਲੀ ਵੱਧਦਾ ਰਹਿੰਦਾ ਹੈ। ਕੁੱਝ ਲੋਕਾਂ ਦਾ ਹਾਈ ਬਲੱਡ-ਪ੍ਰੈਸ਼ਰ ਬਾਰਡਰ ਲਾਈਨ ਰਹਿਣ ਨੂੰ ਸੈਕੰਡਰੀ ਹਾਈਪਰਟੈਨਸ਼ਨ ਵੀ ਕਿਹਾ ਜਾਂਦਾ ਹੈ। ਵੱਖ-ਵੱਖ ਦਵਾਈਆਂ, ਲਗਾਤਾਰ ਸਟਰੈੱਸ ਤੇ ਸਦਮੇ ਨਾਲ ਵੀ ਬਲੱਡ-ਪ੍ਰੈਸ਼ਰ ਵਧਿਆ ਰਹਿੰਦਾ ਹੈ। ਹਾਈ ਬਲੱਡ-ਪ੍ਰੈਸ਼ਰ ਖ਼ੂਨ ਦੀਆਂ ਨਾੜੀਆਂ ਕਮਜ਼ੋਰ ਕਰਕੇ ਐਨਿਊਰਿਜ਼ਮ ਬਣ ਦਿੰਦਾ ਹੈ। ਜੇ ਐਨਿਊਰਿਜ਼ਮ ਫੱਟ ਜਾਵੇ, ਤਾਂ ਜਾਨਲੇਵਾ ਵੀ ਹੋ ਸਕਦਾ ਹੈ।

ਆਮ ਬਲੱਡ-ਪ੍ਰੈਸ਼ਰ ਰਹਿਣ ਵਾਲਿਆਂ ਨੂੰ ਬਰਾਬਰ ਜਾਂਚ ਅਤੇ ਇਲਾਜ ਲਈ ਆਪਣੇ ਫੈਮਿਲੀ ਡਾਕਟਰ ਅਤੇ ਮਾਹਿਰਾਂ ਨਾਲ ਬਰਾਬਰ ਫਾਲੋ-ਅਪ ਕਰਨਾ ਚਾਹੀਦਾ ਹੈ। ਹਾਈਪਰਟੈਨਸ਼ਨ ਦੇ ਪੁਰਾਣੇ ਰੋਗੀ ਹਰ ਦੂਜੇ ਦਿਨ ਆਪਣਾ ਬਲੱਡ-ਪ੍ਰੈਸ਼ਰ ਜ਼ਰੂਰ ਚੈੱਕ ਕਰਨ।







## ਹਮੇਸ਼ਾ ਰੋਗੀ ਆਪਣਾ ਧਿਆਨ ਰੱਖਣ:

- ਰੋਗੀ 8 ਘੰਟੇ ਦੀ ਨੀਂਦ ਪੂਰੀ ਲੈਣ। ਇਸ ਨਾਲ ਸਰੀਰ ਅੰਦਰ ਬਲੱਡ-ਸਰਕੂਲੇਸ਼ਨ ਦਰੁੱਸਤ ਹੋ ਜਾਣ ਨਾਲ ਸਟ੍ਰੋਕ, ਦਿਲ ਦਾ ਦੌਰਾ ਅਤੇ ਹਾਈ ਬਲੱਡ-ਪ੍ਰੈਸ਼ਰ ਦੇ ਖਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ।
- ਬਿਮਾਰੀ ਦੀ ਗੰਭੀਰ ਹਾਲਤ ਤੋਂ ਬਚਣ ਲਈ ਪਰੋਪਰ ਇਲਾਜ਼, ਪੌਸ਼ਟਿਕ ਖ਼ੁਰਾਕ, ਸਾਇਕਲਿੰਗ, ਸੈਰ, ਡੇਲੀ ਵਰਕਆਊਟ ਨਾਲ ਆਪਣੇ ਜੀਵਨ ਸ਼ੈਲੀ 'ਚ ਤਬਦੀਲੀ ਲਿਆਓ। ਭੋਜਨ ਤੋਂ ਬਾਅਦ ਘੱਟੋ-ਘੱਟ ਅੱਧਾ ਘੰਟਾ ਸੈਰ ਜ਼ਰੂਰ ਕਰੋ। ਬਚਪਨ ਤੋਂ ਹੀ ਬੱਚਿਆਂ ਨੂੰ ਯੋਗਾ, ਖੇਡਾਂ, ਸਰੀਰਕ ਤੇ ਮਾਨਸਿਕ ਐਕਟੀਵਿਟੀ ਲਈ ਤਿਆਰ ਕਰੋ।
- ਹਾਈਪਰਟੈਨਸ਼ਨ ਦੀ ਫੈਮਿਲੀ ਹਿਸਟਰੀ ਵਾਲਿਆਂ ਨੂੰ ਮੋਟਾਪਾ, ਗੈਰ-ਕਾਨੂੰਨੀ ਨਸ਼ਿਆਂ, ਅਲਕੋਹਲ ਦਾ ਵਾਧੂ ਸੇਵਨ, ਲਗਾਤਾਰ ਜੰਕ ਫੂਡ ਦੀ ਵਰਤੋਂ, ਬਿਨਾ ਮਤਲਬ ਗੁੱਸਾ ਕਰਨਾ ਅਤੇ ਫਾਲਤੂ ਸਟ੍ਰੈਸ ਲੈਣ ਦੀ ਆਦਤ ਤੋਂ ਦੂਰ ਰਹਿਣ ਦੀ ਲੋੜ ਹੈ।
- ਗਰਭਵਤੀ ਔਰਤਾਂ ਅੰਦਰ ਪਲ ਰਹੇ ਬੱਚੇ ਦੀ ਸੇਫਟੀ ਲਈ ਗੈਰ-ਕਾਨੂੰਨੀ ਨਸ਼ੇ, ਤੰਬਾਕੂ, ਸਿਗਾਰ ਅਤੇ ਅਲਕੋਹਲ, ਤੇਜ਼ ਮਿਰਚ-ਮਸਾਲੇ ਖਾਣ ਤੋਂ ਬਚਣਾ ਚਾਹੀਦਾ ਹੈ। ਅਜਿਹਾ ਨਾ ਕਰਨ ਨਾਲ ਆਉਣ ਵਾਲਾ ਬੱਚਾ, ਵਿਕਲਾਂਗ, ਦਿਲ ਤੇ ਦਿਮਾਗੀ ਬਿਮਾਰੀਆਂ ਨਾਲ ਲੈ ਕੇ ਆ ਸਕਦਾ ਹੈ। ਤਾਜ਼ੇ ਫਲ-ਸਬਜੀਆਂ, ਵੈਜੀਟੇਬਲ ਅਤੇ ਚਿਕਨ ਸੂਪ ਅਤੇ ਪਰੈਸਕਰਾਈਬਡ ਦਵਾਈਆਂ ਲੈਣ ਨਾਲ ਸਰੀਰ ਅੰਦਰ ਖ਼ੂਨ ਦਾ ਦਬਾਅ ਠੀਕ ਰਹਿੰਦਾ ਹੈ।
- ਆਮ ਤੇ ਸਸਤਾ ਸਨੈਕ ਕੇਲਾ ਖਾਓ। ਕੇਲੇ ਅੰਦਰ ਮੌਜੂਦ ਪੋਟਾਸ਼ਿਅਮ 10% ਤੱਕ ਖ਼ੂਨ ਦੇ ਦਬਾਅ ਨੂੰ ਘੱਟ ਕਰਨ 'ਚ ਮਦਦ ਕਰਦਾ ਹੈ। ਪੱਕਿਆ ਕੇਲਾ ਦਹੀਂ 'ਚ ਮੈਸ਼ ਕਰਕੇ ਖ਼ੁਦ ਖਾਓ ਅਤੇ ਬੱਚਿਆਂ ਨੂੰ ਵੀ ਖਿਲਾਓ।
- ਜ਼ਿਆਦਾ ਨਮਕ ਯਾਨਿ ਸੋਡੀਅਮ ਬਲੱਡ-ਪ੍ਰੈਸ਼ਰ ਵਧਾ ਕੇ ਰੱਖਦਾ ਹੈ। ਘੱਟ-ਘੱਟ ਹੀ ਇਸਤੇਮਾਲ ਕਰੋ।
- ਰੋਗੀ ਕੋਈ ਵੀ ਵਿਟਾਮਿਨ, ਸਪਲੀਮੈਂਟ ਆਪਣੀ ਮਰਜ਼ੀ ਨਾਲ ਨਾ ਲੈ ਕੇ ਡਾਕਟਰੀ ਸਲਾਹ ਨਾਲ ਲਵੋ।


ਨੋਟ : ਬਲੱਡ-ਪ੍ਰੈਸ਼ਰ ਦਾ ਲਗਾਤਾਰ ਵੱਧਣਾ ਜਾਂ ਘੱਟ ਰਹਿਣਾ ਜਾਨਲੇਵਾ ਵੀ ਹੋ ਸਕਦਾ ਹੈ। ਖਿਆਲ ਰੱਖੋ।



# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸਾਹਿਤਕ ਪੱਖੋਂ ਅਧਿਐਨ ਦੀ ਲੋੜ ਅਤੇ ਮਹੱਤਤਾ

-ਸੁਖਦੇਵ ਸਿੰਘ ਸ਼ਾਂਤ
ਸੰਪਰਕ : 98149-01254
ਪੰਜਾਬ ਮੇਲ USA





ਭਾਈ ਕਾਨ੍ਹ ਸਿੰਘ ਜੀ ਨਾਭਾ ਆਪਣੀ ਪੁਸਤਕ 'ਗੁਰਸ਼ਬਦਾਲੰਕਾਰ' ਦੀ ਭੂਮਿਕਾ ਵਿਚ ਬੜਾ ਸੁੰਦਰ ਕਥਨ ਕਰਦੇ ਹਨ : 'ਗੁਰਬਾਣੀ ਅਤੇ ਸਿੱਖ ਕਵੀਆਂ ਦਾ ਕਾਵਯ, ਸਾਹਿਤਯ ਦਾ ਅਗਾਧ ਸਮੁਦ੍ਰ ਹੈ, ਕੇਵਲ ਯਤਨ ਨਾਲ ਰਤਨ ਕੱਢ ਕੇ ਦਿਖਾਉਣ ਦੀ ਜ਼ਰੂਰਤ ਹੈ'। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਪਾਵਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਅੰਦਰ ਦੀ ਅਧਿਆਤਮਿਕ ਯਾਤਰਾ ਦੇ ਅਨੁਭਵ ਨਾਲ ਸੰਬੰਧਿਤ ਹੈ। ਇਸ ਰਹੱਸਵਾਦੀ ਅਨੁਭਵ ਸੰਬੰਧੀ ਮਨੁੱਖਾਂ ਦਾ ਮਾਰਗ-ਦਰਸ਼ਨ ਕਰਨ ਲਈ ਸ਼ੈਲੀ ਅਤੇ ਸ਼ਬਦਾਵਲੀ ਦਾ ਬਾਹਰੀ ਤੌਰ 'ਤੇ ਦੁਨਿਆਵੀ ਹੋਣਾ ਇਕ ਸੁਭਾਵਿਕ ਜ਼ਰੂਰਤ ਹੀ ਹੈ ਕਿਉਂਕਿ ਪੜ੍ਹਨ-ਸੁਣਨ-ਸਮਝਣ ਵਾਲਿਆਂ ਲਈ ਇਹੀ ਸ਼ੈਲੀ-ਸ਼ਬਦਾਵਲੀ ਢੁੱਕਵੀਂ ਹੈ। ਗੁਰਬਾਣੀ ਵਿਚ ਅਧਿਆਤਮਕ ਅਨੁਭਵ ਨਾਲ ਜੋੜਨ ਲਈ ਮਨੁੱਖ ਦੇ ਸਾਹਮਣੇ ਅਨੇਕਾਂ ਪ੍ਰਤੀਕ, ਦ੍ਰਿਸ਼ਟਾਂਤ, ਅਲੰਕਾਰ, ਉਦਾਹਰਨਾਂ ਆਦਿ ਰਾਹੀਂ ਇਸ ਅਨੁਭਵ ਦਾ ਪ੍ਰਗਟਾਵਾ ਕੀਤਾ ਗਿਆ ਹੈ, ਤਾਂ ਕਿ ਮਨੁੱਖ ਇਸ ਅਨੁਭਵ ਦੀ ਕਹਾਣੀ ਨੂੰ ਸਮਝ ਸਕੇ ਅਤੇ ਇਸ ਅਨੁਭਵ ਦੇ ਮਾਰਗ ਵੱਲ ਕਦਮ ਪੁੱਟ ਸਕੇ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸਾਹਿਤਕ ਪੱਖੋਂ ਵਿਚਾਰਨ ਅਤੇ ਸਮਝਣ ਨਾਲ ਸਾਨੂੰ ਇਹ ਅਹਿਸਾਸ ਵੀ ਹੁੰਦਾ ਹੈ ਕਿ 'ਸਤ ਸੰਤੋਖ ਵੀਚਾਰੋ' ਦੇ ਗੁਣਾਂ ਨਾਲ ਪਰੋਸਿਆ ਗਿਆ ਅੰਮ੍ਰਿਤ-ਨਾਮ ਦੇ ਇਸ ਭੋਜਨ ਵਾਲਾ ਥਾਲ ਵੀ ਕੋਈ ਸਾਧਾਰਨ ਥਾਲ ਨਹੀਂ ਹੈ। ਜਿੰਨਾ ਉੱਚਾ, ਸੁੱਚਾ ਅਤੇ ਅਨਮੋਲ ਇਹ ਅੰਮ੍ਰਿਤ-ਭੋਜਨ ਹੈ, ਓਨੇ ਹੀ ਉੱਚੇ-ਸੁੱਚੇ ਅਤੇ ਅਨਮੋਲ ਢੰਗ ਨਾਲ ਇਸ ਨੂੰ ਸਰਵੋਤਮ ਸ਼ੈਲੀ ਅਤੇ ਸ਼ਬਦਾਵਲੀ ਦੇ ਸਰਵੋਤਮ ਥਾਲ ਵਿਚ ਪਰੋਸਿਆ ਗਿਆ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਦੁਨੀਆਂ ਦੇ ਉੱਤਮ ਅਤੇ ਕੀਮਤੀ ਪਦਾਰਥਾਂ ਦੀ ਸੰਭਾਲ ਅਤੇ ਪੇਸ਼ਕਾਰੀ ਵੀ ਉੱਤਮ ਅਤੇ ਕੀਮਤੀ ਢੰਗਾਂ ਨਾਲ ਕੀਤੀ ਜਾਂਦੀ ਹੈ। ਗੁਰਬਾਣੀ ਇੱਕ ਰੂਹਾਨੀ, ਉੱਤਮ ਅਤੇ ਅਨਮੋਲ ਪਦਾਰਥ ਹੈ, ਇਸ ਲਈ ਇਸ ਦੀ ਪੇਸ਼ਕਾਰੀ ਵੀ ਉੱਤਮ ਅਤੇ ਅਨਮੋਲ ਢੰਗ ਨਾਲ ਹੋਈ ਹੈ। ਹੁਣ ਅਸੀਂ ਕੁਝ ਨੁਕਤਿਆਂ ਨੂੰ ਲੈ ਕੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸਾਹਿਤਕ ਪੱਖੋਂ ਅਧਿਐਨ ਦੀ ਲੋੜ ਅਤੇ ਮਹੱਤਤਾ ਨੂੰ ਜਾਣਨ ਦੀ ਕੋਸ਼ਿਸ਼ ਕਰਦੇ ਹਾਂ :

(1) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜ਼ਿਆਦਾ ਬਾਣੀ ਰਾਗ-ਬਧ ਹੈ ਅਤੇ ਇਹ ਬਾਣੀ ਇਕੱਤੀ ਰਾਗਾਂ ਵਿਚ ਦਰਜ ਹੈ। ਰਾਗਾਂ ਦੇ ਨਾਂ ਲਿਖਣ ਦੇ ਨਾਲ-ਨਾਲ ਤਾਲ ਦੇ ਪੱਖ ਤੋਂ ਸਤਾਰਾਂ ਤੱਕ 'ਘਰੁ' ਵੀ ਸਿਰਲੇਖਾਂ ਵਿਚ ਲਿਖੇ ਹੋਏ ਹਨ। ਇਸ ਤੋਂ ਇਹ ਸਪੱਸ਼ਟ ਹੈ ਕਿ ਇਹ ਬਾਣੀ ਗਾਇਨ ਕਰਨ ਭਾਵ ਕੀਰਤਨ ਕਰਨ ਦੇ ਹਿਸਾਬ ਨਾਲ ਅੰਕਿਤ ਹੋਈ ਹੈ ਅਤੇ ਇਹ ਕਾਵਿ-ਤੁਕਾਂਤ ਦੇ ਮੇਲ ਵਾਲੀ ਬਾਣੀ ਹੈ। ਇਸ ਲਈ ਇਸ ਬਾਣੀ ਨੂੰ ਰਾਗ, ਸੁਰਤਾਲ ਅਤੇ ਕਾਵਿ-ਤੁਕਾਂਤ ਦੇ ਪੱਖਾਂ ਤੋਂ ਵਿਚਾਰਨਾ ਵੀ ਜ਼ਰੂਰੀ ਹੋ ਜਾਂਦਾ ਹੈ।

(2) ਆਮ ਤੌਰ 'ਤੇ ਭਗਤ ਕਬੀਰ ਜੀ ਦੀ ਹੇਠ ਲਿਖੀ ਪੰਕਤੀ ਦੀ ਮਿਸਾਲ ਦੇ ਕੇ ਗੁਰਬਾਣੀ ਦੇ ਕਾਵਿਕ ਜਾਂ ਸਾਹਿਤਕ ਪੱਖ ਨੂੰ ਵਿਚਾਰਨ ਤੋਂ ਗੁਰੇਜ਼ ਕਰਨ ਦਾ ਸੁਝਾਅ ਦਿੱਤਾ ਜਾਂਦਾ ਹੈ। ਭਗਤ ਜੀ ਦਾ ਫ਼ਰਮਾਨ ਹੈ :

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥
(ਗਉੜੀ ਕਬੀਰ ਜੀ, ਅੰਕ ੩੩੫)

ਇਥੇ ਭਗਤ ਕਬੀਰ ਜੀ ਦੇ ਕਹਿਣ ਦਾ ਭਾਵ ਇਹ ਹੈ ਕਿ ਇਹ ਬਾਣੀ ਬ੍ਰਹਮ ਦੀ ਵਿਚਾਰ ਹੈ, ਇਸ ਲਈ ਇਹ ਕੋਈ ਸਾਧਾਰਨ ਗੀਤ ਨਹੀਂ ਹੈ, ਬਲਕਿ ਰੂਹਾਨੀ ਗੀਤ ਹੈ। ਜਿਸ ਸ਼ਬਦ ਵਿਚ ਉਪਰੋਕਤ ਪੰਕਤੀ ਦਰਜ ਹੈ, ਉਸੇ ਹੀ ਸ਼ਬਦ ਦੇ ਅਗਲੇ ਪਦ ਵਿਚ ਭਗਤ ਜੀ ਇਸ ਬਾਣੀ-ਰੂਪੀ ਬ੍ਰਹਮ-ਗੀਤ ਨੂੰ ਗਾਉਣ, ਸੁਣਨ ਅਤੇ ਇਸ ਵਿਚ ਚਿੱਤ ਲਾਉਣ ਦਾ ਉਪਦੇਸ਼ ਦਿੰਦੇ ਹੋਏ ਫ਼ਰਮਾਉਂਦੇ ਹਨ:

ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥
ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ॥੪॥੧॥੪॥੫੫॥
(ਗਉੜੀ ਕਬੀਰ ਜੀ, ਅੰਕ ੩੩੫)

ਹੁਣ ਆਪਾਂ ਸਭ ਸਮਝਦੇ ਹਾਂ ਕਿ ਗਾਇਆ ਗੀਤ ਹੀ ਜਾਂਦਾ ਹੈ, ਵਾਰਤਕ ਜਾਂ ਖੁੱਲ੍ਹੀ ਕਵਿਤਾ ਨਹੀਂ ਗਾਈ ਜਾਂਦੀ। ਗਾਉਣ ਲਈ ਛੰਦ-ਬਧ ਕਾਵਿ ਹੀ ਸਰਬ-ਪ੍ਰਵਾਨਿਤ ਹੈ। ਕਾਫ਼ੀ, ਕਵਾਲੀ, ਗ਼ਜ਼ਲ, ਰੁਬਾਈ, ਵਾਰ ਅਤੇ ਗੀਤ ਸਭ ਛੰਦ-ਬਧ ਕਾਵਿ-ਰੂਪ ਹਨ ਅਤੇ ਇਨ੍ਹਾਂ ਨੂੰ ਹੀ ਗਾਇਆ ਜਾਂਦਾ ਹੈ। ਇਸ ਤੱਥ ਨੂੰ ਹਮੇਸ਼ਾ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਗੁਰਬਾਣੀ 'ਬ੍ਰਹਮ ਬੀਚਾਰ' ਹੋਣ ਕਰ ਕੇ ਕੋਈ ਸਾਧਾਰਨ ਕਾਵਿ-ਰਚਨਾ ਜਾਂ ਗੀਤ ਨਹੀਂ ਹੈ।

ਗੁਰੂ ਸਾਹਿਬਾਨ ਨੇ ਵੀ ਗੁਰਬਾਣੀ ਨੂੰ 'ਖਸਮ ਕੀ ਬਾਣੀ', ਨਿਰੰਕਾਰ', 'ਸਤਿ ਸਤਿ' ਅਤੇ 'ਧੁਰ ਕੀ ਬਾਣੀ' ਦੱਸ ਕੇ ਸਾਨੂੰ ਭਗਤ ਕਬੀਰ ਜੀ ਵਾਂਗ ਹੀ ਸੁਚੇਤ ਕੀਤਾ ਹੋਇਆ ਹੈ ਕਿ ਇਸ ਬਾਣੀ ਨੂੰ ਕਦੇ ਵੀ ਸਾਧਾਰਨ ਕਵਿਤਾ ਜਾਂ ਸਾਧਾਰਨ ਗੀਤ ਸਮਝ ਕੇ ਨਹੀਂ ਵਿਚਾਰਨਾ। ਪਵਿੱਤਰ ਫ਼ਰਮਾਨ ਹੈ :

* ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥
(ਤਿਲੰਗ ਮਹਲਾ ੧, ਅੰਕ ੭੨੨)

* ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥
(ਗੂਜਰੀ ਕੀ ਵਾਰ ਮਹਲਾ ੩, ਸਲੋਕ ਮ: ੩, ਅੰਕ ੫੧੫)

* ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥
(ਗਉੜੀ ਕੀ ਵਾਰ ਮਹਲਾ ੪, ਸਲੋਕ ਮ: ੪, ਅੰਕ ੩੦੮)

* ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥
ਦਇਆਲ ਪੁਰਖ ਮਿਹਰਵਾਨਾ॥ ਹਰਿ ਨਾਨਕ ਸਾਚੁ ਵਖਾਨਾ॥੨॥੧੩॥੭੭
(ਸੋਰਠਿ ਮਹਲਾ ੫, ਅੰਕ ੬੨੮)

ਜਿੱਥੋਂ ਤੱਕ ਸ਼ਬਦ 'ਗੀਤ' ਦਾ ਸੰਬੰਧ ਹੈ, ਇਹ ਸ਼ਬਦ ਅਧਿਆਤਮਿਕ ਗੀਤ ਅਤੇ ਦੁਨਿਆਵੀ ਗੀਤ ਦੋਹਾਂ ਅਰਥਾਂ ਦੇ ਪੱਖ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਹੀ ਕਈ ਵਾਰ ਵਰਤਿਆ ਗਿਆ ਹੈ। ਜਿਵੇਂ ਸ਼ਬਦ 'ਯਾਰ', 'ਇਸ਼ਕ', 'ਖਸਮ' ਅਤੇ 'ਆਸ਼ਕ' ਆਮ ਤੌਰ 'ਤੇ ਦੁਨਿਆਵੀ ਬੋਲ-ਚਾਲ ਵਿਚ ਬਿਲਕੁਲ ਸਤਹੀ ਪੱਧਰ ਦੇ ਦੁਨਿਆਵੀ ਅਰਥਾਂ ਲਈ ਵਰਤੇ ਜਾਂਦੇ ਹਨ ਪਰ ਗੁਰਬਾਣੀ ਵਿਚ ਇਹੀ ਸ਼ਬਦ ਪ੍ਰਮਾਤਮਾ, ਪ੍ਰਮਾਤਮਾ ਨਾਲ ਪ੍ਰੀਤ ਅਤੇ ਪ੍ਰਮਾਤਮਾ ਨਾਲ ਪ੍ਰੇਮ ਕਰਨ ਵਾਲੇ ਲਈ ਵਰਤੇ ਹੋਏ ਹਨ। ਪ੍ਰਭੂ ਦੀ ਉਸਤਤ ਵਿਚ ਗੀਤ ਗਾਉਣ ਦਾ ਉਪਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਥਾਵਾਂ 'ਤੇ ਪੜ੍ਹਨ ਵਿਚ ਆਉਂਦਾ ਹੈ। 'ਪ੍ਰਭ ਕੇ ਗੀਤ' ਅਤੇ 'ਗੀਤ ਗੋਵਿੰਦ' ਗੁਰਬਾਣੀ ਨੂੰ ਕਿਹਾ ਗਿਆ ਹੈ, ਇਸ ਲਈ ਇੱਥੇ 'ਗੀਤ' ਸ਼ਬਦ ਦਾ ਅਰਥ ਸਾਧਾਰਨ ਗੀਤ ਨਹੀਂ ਹੈ। ਇਥੇ 'ਗੀਤ' ਦਾ ਅਰਥ 'ਬ੍ਰਹਮ ਬੀਚਾਰ' ਵਾਲਾ ਗੀਤ ਹੀ ਹੈ। ਪਵਿੱਤਰ ਫ਼ਰਮਾਨ ਹਨ :

* ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ॥
-(ਦੇਵਗੰਧਾਰੀ ਮਹਲਾ ੯, ਅੰਕ ੫੩੬)

* ਇਛ ਪੁਨੀ ਵਡ ਭਾਗਣੀ ਵਰੁ ਪਾਇਆ ਹਰਿ ਰਾਇ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥
– (ਬਾਰਹਮਾਹਾ ਮਾਂਝ ਮਹਲਾ ੫, ਅੰਕ ੧੩੬)

* ਸੁਣਿ ਸਖੀਏ ਇਹ ਭਲੀ ਬਿਨੰਤੀ ਏਹੁ ਮਤਾਂਤੁ ਪਕਾਈਐ॥
ਸਹਜਿ ਸੁਭਾਇ ਉਪਾਧਿ ਰਹਤ ਹੋਇ ਗੀਤ ਗੋਵਿੰਦਹਿ ਗਾਈਐ॥
(ਗਉੜੀ ਮਹਲਾ ੫, ਅੰਕ ੨੪੯)

* ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ॥
(ਸੋਰਠਿ ਮਹਲਾ ੯, ਅੰਕ ੬੩੧)

* ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ॥
ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ॥੧੩॥
(ਤੁਖਾਰੀ ਛੰਤ ਮਹਲਾ ੧ ਬਾਰਹਮਾਹਾ, ਅੰਕ ੧੧੦੯)

* ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ॥
ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਈਆ॥੧॥
(ਬਿਲਾਵਲੁ ਮਹਲਾ ੪ ਅਸਟਪਦੀਆ ਅੰਕ ੮੩੩)

* ਕਾਮੁ ਕਰੀ ਜੇ ਠਾਕੁਰ ਭਾਵਾ॥ ਗੀਤ ਚਰਿਤ ਪ੍ਰਭ ਕੇ ਗੁਨ ਗਾਵਾ॥
(ਗਉੜੀ ਮਹਲਾ ੫, ਅੰਕ ੨੧੨)

* ਜਹ ਸਾਧ ਸੰਤਨ ਹੋਵਹਿ ਇਕਤ੍ਰ॥ ਤਹ ਹਰਿ ਜਸੁ ਗਾਵਹਿ ਨਾਦ ਕਵਿਤ॥
(ਧਨਾਸਰੀ ਮਹਲਾ ੫, ਅੰਕ ੬੭੬)

ਜਿੱਥੇ 'ਗੀਤ' ਸ਼ਬਦ ਪ੍ਰਭੂ ਦੇ ਗੀਤਾਂ ਲਈ ਵਰਤਿਆ ਗਿਆ ਹੈ, ਉੱਥੇ ਸ਼ਬਦ 'ਗੀਤ' ਗੁਰਬਾਣੀ ਵਿਚ ਮਨਮੁਖਾਂ ਅਤੇ ਸਾਕਤ ਵਿਅਕਤੀਆਂ ਦੁਆਰਾ ਲਿਖੇ, ਗਾਏ ਅਤੇ ਸੁਣੇ ਜਾਂਦੇ ਬਹੁਤ ਹੀ ਹਲਕੇ ਪੱਧਰ ਦੇ ਦੁਨਿਆਵੀ ਗੀਤਾਂ ਲਈ ਵੀ ਵਰਤਿਆ ਹੋਇਆ ਹੈ। ਅਜਿਹੇ ਹੇਠਲੇ ਪੱਧਰ ਦੇ, ਅਸ਼ਲੀਲ ਅਤੇ ਗਲਤ ਕਦਰਾਂ-ਕੀਮਤਾਂ ਵੱਲ ਪ੍ਰੇਰਨ ਵਾਲੇ ਗੀਤਾਂ ਤੋਂ ਗੁਰਮੁਖ ਵਿਅਕਤੀਆਂ ਨੂੰ ਦੂਰ ਰਹਿਣ ਦਾ ਉਪਦੇਸ਼ ਗੁਰਬਾਣੀ ਵਿਚ ਦਿੱਤਾ ਹੋਇਆ ਹੈ। ਗੁਰਮੁਖ ਵਿਅਕਤੀਆਂ ਨੂੰ ਕੇਵਲ ਪ੍ਰਭੂ ਦੇ ਗੀਤ ਗਾਉਣ ਦੀ ਹੀ ਹਦਾਇਤ ਹੈ ਕਿਉਂਕਿ ਇਹੀ ਗੁਰਬਾਣੀ ਰੂਪੀ ਗੀਤ ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਦੇ ਹਨ। ਜਿਹੜੇ ਗੀਤਾਂ ਤੋਂ ਗੁਰਮੁਖਾਂ ਨੇ ਪਰਹੇਜ਼ ਕਰਨਾ ਹੈ, ਉਨ੍ਹਾਂ ਬਾਰੇ ਗੁਰਬਾਣੀ ਦੇ ਫ਼ਰਮਾਨ ਹਨ :

* ਅਬਰਨ ਬਰਨ ਸਿਉ ਮਨ ਹੀ ਪ੍ਰੀਤਿ॥ ਹਉਮੈ ਗਾਵਨਿ ਗਾਵਹਿ ਗੀਤ॥
(ਭੈਰਉ ਕਬੀਰ ਜੀ, ਅੰਕ ੧੧੬੨)

* ਗੀਤ ਨਾਦ ਹਰਖ ਚਤੁਰਾਈ॥ ਰਹਸ ਰੰਗ ਫੁਰਮਾਇਸਿ ਕਾਈ॥
ਪੈਨ੍ਣੁ ਖਾਣਾ ਚੀਤਿ ਨ ਪਾਈ॥ ਸਾਚੁ ਸਹਜੁ ਸੁਖੁ ਨਾਮਿ ਵਸਾਈ॥੧॥
ਕਿਆ ਜਾਨਾਂ ਕਿਆ ਕਰੈ ਕਰਾਵੈ॥ ਨਾਮ ਬਿਨਾ ਤਨਿ ਕਿਛੁ ਨ ਸੁਖਾਵੈ॥੧॥ ਰਹਾਉ॥
(ਪ੍ਰਭਾਤੀ ਮਹਲਾ ੧, ਅੰਕ ੧੩੩੧)

* ਗੀਤ ਸਾਦ ਚਾਖੇ ਸੁਣੇ ਬਾਦ ਸਾਦ ਤਨਿ ਰੋਗੁ॥
(ਮਾਰੂ ਮਹਲਾ ੧, ਅੰਕ ੧੦੧੦)

* ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ॥
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ॥੧॥ ਰਹਾਉ॥
(ਬਿਲਾਵਲੁ ਮਹਲਾ ੫, ਅੰਕ ੮੨੦)

* ਬਿਖੈ ਨਾਦ ਕਰਨ ਸੁਣਿ ਭੀਨਾ॥ ਹਰਿ ਜਸੁ ਸੁਨਤੁ ਆਲਸੁ ਮਨਿ ਕੀਨਾ॥
(ਸੂਹੀ ਮਹਲਾ ੫, ਅੰਕ ੭੩੮)

* ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾਂ ਘਰੇ ਮਸੀਤਿ॥
(ਵਾਰ ਸਾਰੰਗ ਮਹਲਾ ੪, ਸਲੋਕ ਮ: ੧, ਅੰਕ ੧੨੪੫)

ਸਾਰੰਸ਼ ਇਹੀ ਹੈ ਕਿ ਗੁਰਬਾਣੀ ਬਿਨਾ-ਸ਼ੱਕ ਪ੍ਰਭੂ ਦੀ ਸਿਫ਼ਤ-ਸਲਾਹ ਵਿਚ ਲਿਖੇ ਗੀਤਾਂ ਦਾ ਹੀ ਰੂਪ ਹੈ। ਗੀਤ ਦਾ ਸੰਬੰਧ ਗਾਉਣ ਨਾਲ ਭਾਵ ਰਾਗ ਅਤੇ ਤਾਲ ਨਾਲ ਵੀ ਹੈ ਅਤੇ ਇਹ ਇੱਕ ਕਾਵਿ-ਰੂਪ ਵੀ ਹੈ, ਭਾਵ ਗੀਤ ਕਾਵਿ ਅਤੇ ਰਾਗ ਦਾ ਮੇਲ ਹੈ। ਇਸ ਲਈ ਗੁਰਬਾਣੀ ਕਾਵਿ ਅਤੇ ਰਾਗ ਦੇ ਪੱਖ ਤੋਂ ਅਨਮੋਲ ਸਾਹਿਤਕ ਅਤੇ ਕਲਾਮਈ ਰੂਹਾਨੀ ਗੀਤਾਂ ਦਾ ਭਰਪੂਰ ਖਜ਼ਾਨਾ ਹੈ। ਗੁਰਬਾਣੀ ਅਨਮੋਲ ਰੂਹਾਨੀ ਗੀਤ ਹੋਣ ਕਰ ਕੇ ਇਸ ਦਾ ਸਾਹਿਤਕ ਪੱਖ ਤੋਂ ਅਧਿਐਨ ਬੇਹੱਦ ਜ਼ਰੂਰੀ ਹੋ ਜਾਂਦਾ ਹੈ। ਸਾਹਿਤਕ ਪੱਖ ਤੋਂ ਗੁਰਬਾਣੀ ਦੀ ਖੋਜ ਕਰਨ ਵਾਲਾ ਸੁਹਿਰਦ ਮਨੁੱਖ ਖੋਜ ਕਰਦਾ-ਕਰਦਾ ਗੁਰਬਾਣੀ ਦੇ ਅੰਤਰੀਵੀ ਰਹੱਸਮਈ ਅਨੁਭਵ ਨਾਲ ਗੁਰੂ-ਕਿਰਪਾ ਸਦਕਾ ਕਿਸੇ ਪਲ ਵੀ ਜੁੜ ਸਕਦਾ ਹੈ।

(3) ਗੁਰਬਾਣੀ ਕਾਵਿ-ਰੂਪ ਵਿਚ ਉਚਾਰੀ ਹੋਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸੇ ਕਰਕੇ ਹੀ ਖੁਦ ਆਪਣੇ-ਆਪ ਨੂੰ ਦੋ ਥਾਵਾਂ 'ਤੇ 'ਸਾਇਰ' ਭਾਵ ਕਵੀ ਵੀ ਲਿਖਿਆ ਹੋਇਆ ਹੈ :

* ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ॥੩੫॥੧॥
(ਆਸਾ ਮਹਲਾ ੧ ਪਟੀ, ਅੰਕ ੪੩੪)

* ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ॥
(ਧਨਾਸਰੀ ਮਹਲਾ ੧, ਅੰਕ ੬੬੦)

ਢਾਢੀਆਂ ਦਾ ਸੰਬੰਧ ਵੀ ਗਾਉਣ ਨਾਲ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ-ਆਪ ਨੂੰ ਪ੍ਰਮਾਤਮਾ ਦੇ ਢਾਢੀ ਭਾਵ ਉਸ ਦੀ ਸਿਫਤ-ਸਲਾਹ ਦੀਆਂ ਵਾਰਾਂ ਗਾਉਣ ਵਾਲੇ ਕਿਹਾ ਹੈ। 'ਵਾਰ' ਵੀ ਗੀਤ ਵਾਂਗ ਗਾਏ ਜਾਣ ਵਾਲਾ ਇੱਕ ਪ੍ਰਸਿੱਧ ਕਾਵਿ-ਰੂਪ ਜਾਂ ਬੀਰ-ਰਸੀ ਗੀਤ ਹੈ। ਗੁਰੂ ਸਾਹਿਬਾਨ ਦੇ ਪਵਿੱਤਰ ਫ਼ਰਮਾਨ ਹਨ :

* ਹਉ ਢਾਢੀ ਵੇਕਾਰੁ ਕਾਰੈ ਲਾਇਆ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
(ਵਾਰ ਮਾਝ ਕੀ ਮਹਲਾ ੧, ਪਉੜੀ ੨੭, ਅੰਕ ੧੫੦)

* ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ॥
(ਸੋਰਠਿ ਵਾਰ ਮਹਲਾ ੪, ਪਉੜੀ ੨੦, ਅੰਕ ੬੫੦)

ਭੱਟ ਸਾਹਿਬਾਨ ਨੇ ਵੀ ਗੁਰੂ ਸਾਹਿਬਾਨ ਦੀ ਉਸਤਤ ਵਿਚ ਸਵੱਈਏ ਉਚਾਰਦਿਆਂ ਆਪਣੇ-ਆਪ ਨੂੰ 'ਕਵਿ', 'ਕਬਿਜਨ' ਅਤੇ 'ਕਵਿਅਣਿ' ਲਿਖਿਆ ਹੋਇਆ ਹੈ। ਆਓ ਦੇਖਦੇ ਹਾਂ ਹੇਠ ਲਿਖੇ ਕੁਝ ਪਵਿੱਤਰ ਫ਼ਰਮਾਨ :

* ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ ਤਿਨ੍ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ॥
(ਭੱਟ ਕੀਰਤ ਜੀ, ਸਵਈਏ ਮਹਲੇ ਚਉਥੇ ਕੇ ੪, ਅੰਕ ੧੪੦੬)

* ਅਘ ਅੰਤਕ ਬਦੈ ਨ ਸਲੵ ਕਵਿ ਗੁਰ ਰਾਮਦਾਸ ਤੇਰੀ ਸਰਣ॥
(ਭੱਟ ਸਲੵ ਜੀ, ਸਵਈਏ ਮਹਲੇ ਚਉਥੇ ਕੇ ੪, ਅੰਕ ੧੪੦੬)

* ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲੵ ਉਨਹ ਜੁੋ ਗਾਵੈ॥
(ਭੱਟ ਭਲੵ ਜੀ, ਸਵਈਏ ਮਹਲੇ ਤੀਜੇ ਕੇ ੩, ਅੰਕ ੧੩੯੬)

* ਕਵਿ ਕਲੵ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ॥
(ਭੱਟ ਕਲਸਹਾਰ ਜੀ, ਸਵਈਏ ਮਹਲੇ ਚਉਥੇ ਕੇ ੪, ਅੰਕ ੧੩੯੬)

* ਨਲੵ ਕਵਿ ਪਾਰਸ ਪਰਸ ਕਚ ਕੰਚਨਾ ਹੁਇ ਚੰਦਨਾ ਸੁਬਾਸੁ ਜਾਸੁ ਸਿਮਰਤ ਅਨ ਤਰ॥
(ਭੱਟ ਨਲੵ ਜੀ, ਸਵਈਏ ਮਹਲੇ ਚਉਥੇ ਕੇ ੪, ਅੰਕ ੧੩੯੯)

ਇਸ ਤਰ੍ਹਾਂ ਗੁਰਬਾਣੀ ਵਿਚ 'ਸਾਇਰ', 'ਢਾਢੀ' ਅਤੇ 'ਕਵਿ' ਸ਼ਬਦਾਂ ਦੀ ਵਰਤੋਂ ਤੋਂ ਵੀ ਇਹੀ ਸਿੱਧ ਹੁੰਦਾ ਹੈ ਕਿ ਗੁਰਬਾਣੀ ਦਾ ਗੀਤ, ਕਾਵਿ, ਰਾਗ ਅਤੇ ਨਾਦ ਨਾਲ ਅਟੁੱਟ ਸੰਬੰਧ ਹੈ। ਗੁਰਬਾਣੀ ਦੀ ਪੇਸ਼ਕਾਰੀ ਨਿਰਸੰਦੇਹ ਸਰਵੋਤਮ ਕਾਵਿ-ਰੂਪ ਵਿਚ ਹੋਈ ਹੈ ਅਤੇ ਇਸ ਵਿਚ ਕਾਵਿ-ਕਲਾ ਦੇ ਅਨੇਕਾਂ ਅਨਮੋਲ ਹੀਰੇ-ਮੋਤੀ ਪਏ ਹਨ, ਜਿਨ੍ਹਾਂ ਦੀ ਖੋਜ ਅਤਿ ਜ਼ਰੂਰੀ ਹੈ। ਇੱਕ ਗੱਲ ਜ਼ਰੂਰ ਧਿਆਨ ਵਿਚ ਰੱਖਣ ਵਾਲੀ ਹੈ ਕਿ ਇਹ ਖੋਜ ਸ਼ਰਧਾ ਅਤੇ ਪ੍ਰੇਮ ਦੀ ਭਾਵਨਾ ਨਾਲ ਜੇਕਰ ਕੋਈ ਕਰੇਗਾ, ਤਾਂ ਉਸ ਨੂੰ ਸਤਿਗੁਰੂ ਦੀ ਕਿਰਪਾ ਰਾਹੀਂ ਜ਼ਰੂਰ ਹੀ ਗੁਰਬਾਣੀ ਦੇ ਅੰਤਰੀਵੀ ਰਹੱਸਮਈ ਅਨੁਭਵ ਦਾ ਰਸ ਪ੍ਰਾਪਤ ਹੋਣਾ ਆਰੰਭ ਹੋ ਜਾਵੇਗਾ ਅਤੇ ਉਸ ਦੀ ਜ਼ਿੰਦਗੀ ਵੀ ਨਿਰਮਲ ਜੀਵਨ ਵਾਲੇ ਮਾਰਗ 'ਤੇ ਤੁਰ ਪਵੇਗੀ।

(4) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਕਈ ਕਾਵਿ-ਰੂਪਾਂ ਅਤੇ ਕਾਵਿ-ਛੰਦਾਂ ਦੀ ਵਰਤੋਂ ਹੋਈ ਹੈ। ਖੁਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਪਾਵਨ ਗ੍ਰੰਥ ਦੀ ਸੰਪਾਦਨਾ ਕਰਦਿਆਂ ਕਾਵਿ-ਰੂਪਾਂ ਅਤੇ ਕਾਵਿ-ਛੰਦਾਂ ਦੇ ਸਿਰਲੇਖ ਦਰਜ ਕੀਤੇ ਹੋਏ ਹਨ। ਇਸ ਲਈ ਇਨ੍ਹਾਂ ਕਾਵਿ-ਰੂਪਾਂ ਅਤੇ ਕਾਵਿ-ਛੰਦਾਂ ਬਾਰੇ ਜਾਣਨਾ ਅਤੇ ਇਨ੍ਹਾਂ ਦੇ ਪੱਖ ਤੋਂ ਗੁਰਬਾਣੀ ਦਾ ਅਧਿਐਨ ਬੁਨਿਆਦੀ ਤੌਰ 'ਤੇ ਜ਼ਰੂਰੀ ਹੋ ਜਾਂਦਾ ਹੈ ਅਤੇ ਇਹ ਅਧਿਐਨ ਅਤਿਅੰਤ ਮਹੱਤਵਪੂਰਨ ਹੈ। ਹੇਠ ਲਿਖੇ ਕਾਵਿ-ਰੂਪ ਅਤੇ ਕਾਵਿ-ਛੰਦ ਸਿਰਲੇਖਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਹੋਏ ਹਨ :

(ੳ) ਸਮੇਂ ਅਤੇ ਰੁੱਤਾਂ ਨਾਲ ਸੰਬੰਧਿਤ ਕਾਵਿ-ਰੂਪ ਜਿਵੇਂ ਬਾਰਹਮਾਹ, ਸਤਵਾਰਾ, ਦਿਨ ਰੈਣਿ, ਪਹਰੇ, ਰੁਤੀ, ਥਿਤੀ ਆਦਿ।

(ਅ) ਅੱਖਰਾਂ ਨਾਲ ਸੰਬੰਧਿਤ ਕਾਵਿ-ਰੂਪ ਜਿਵੇਂ ਬਾਵਨ ਅਖਰੀ, ਪਟੀ ਅਤੇ ਓਅੰਕਾਰ।

(ੲ) ਲੋਕ-ਧਾਰਾ, ਲੋਕ-ਗੀਤਾਂ ਅਤੇ ਲੋਕ-ਵਿਸ਼ਵਾਸਾਂ ਨਾਲ ਸੰਬੰਧਿਤ ਕਾਵਿ-ਰੂਪ ਜਿਵੇਂ ਵਾਰ, ਛੰਤ, ਘੋੜੀਆਂ, ਸੋਲਹੇ, ਅਲਾਹੁਣੀਆਂ, ਸਦੁ, ਕਰਹਲੇ, ਰਹੋਆ, ਮੁੰਦਾਵਣੀ, ਆਰਤੀ, ਬਿਰਹੜੇ, ਵਣਜਾਰਾ ਆਦਿ।

(ਸ) ਕਾਵਿ-ਛੰਦਾਂ ਦੇ ਪੱਖ ਤੋਂ ਕਾਵਿ-ਰੂਪ ਜਾਂ ਕਾਵਿ-ਛੰਦ ਜਿਵੇਂ ਕਾਫੀ, ਪਦੇ, ਸਲੋਕ, ਦੋਹਰਾ, ਡਖਣਾ, ਚਉਬੋਲੇ, ਪਉੜੀ, ਅਸਟਪਦੀ, ਚਉਪਦੇ, ਤਿਪਦੇ, ਦੁਪਦੇ, ਪੰਚਪਦੇ, ਸੋਲਹੇ, ਫੁਨਹੇ, ਸਵਈਏ, ਰਡ, ਝੋਲਨਾ, ਗਾਥਾ ਆਦਿ।

ਕਿੰਨਾ ਮਹਾਨ ਖਜ਼ਾਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਰਪਾ ਕਰਕੇ ਸਾਨੂੰ ਬਖਸ਼ਿਆ ਹੈ! ਕਿੰਨੀ ਤਰਤੀਬ ਨਾਲ ਗੁਰਬਾਣੀ ਦੇ ਕਾਵਿ-ਰੂਪਾਂ ਨੂੰ ਅਤੇ ਛੰਦ-ਪ੍ਰਬੰਧ ਨੂੰ ਸਜਾਇਆ ਗਿਆ ਹੈ! ਬੁੱਧੀ ਦੰਗ ਰਹਿ ਜਾਂਦੀ ਹੈ, ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਦੁੱਤੀ ਸੰਪਾਦਨ-ਕਲਾ ਦਾ ਅਨੰਦ ਮਾਣਦੇ ਹਾਂ। ਜਿੱਥੇ ਇਨ੍ਹਾਂ ਕਾਵਿ-ਰੂਪਾਂ ਅਤੇ ਕਾਵਿ-ਛੰਦਾਂ ਰਾਹੀਂ ਦਿੱਤੇ ਗਏ ਉਪਦੇਸ਼ ਨੂੰ ਧਾਰਨ ਕਰਨ ਦੀ ਲੋੜ ਹੈ, ਉੱਥੇ ਇਨ੍ਹਾਂ ਕਾਵਿ-ਰੂਪਾਂ ਅਤੇ ਕਾਵਿ-ਛੰਦਾਂ ਬਾਰੇ ਅਧਿਐਨ ਦੀ ਵੀ ਨਾਲ ਦੀ ਨਾਲ ਜ਼ਰੂਰਤ ਹੈ।

(5) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਬਹੁਤ ਸਾਰੇ ਪ੍ਰਚੱਲਿਤ ਲੋਕ-ਅਖਾਣ ਅਤੇ ਲੋਕ-ਮੁਹਾਵਰੇ ਵਰਤੇ ਗਏ ਹਨ ਅਤੇ ਬਹੁਤ ਸਾਰੇ ਨਵੇਂ ਅਖਾਣ ਅਤੇ ਮੁਹਾਵਰੇ ਸਿਰਜੇ ਵੀ ਗਏ ਹਨ। ਇਨ੍ਹਾਂ ਲੋਕ-ਅਖਾਣਾਂ ਅਤੇ ਲੋਕ-ਮੁਹਾਵਰਿਆਂ ਰਾਹੀਂ ਦਰਸਾਈ ਗਈ ਜੀਵਨ-ਜਾਚ ਸਿੱਖਣ ਲਈ ਇਨ੍ਹਾਂ ਬਾਰੇ ਸਾਹਿਤਕ ਪੱਖੋਂ ਜਾਣਨਾ ਬਹੁਤ ਜ਼ਰੂਰੀ ਹੈ। ਉਦਾਹਰਨ ਵਜੋਂ 'ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ' ਅਤੇ 'ਕੂੜ ਨਿਖੁਟੇ ਨਾਨਕਾ ਓੜਕਿ ਸਚੁ ਰਹੀ' ਅਖਾਣ-ਰੂਪੀ ਕਥਨ ਸਾਡੀ ਜੀਵਨ-ਜਾਚ ਲਈ ਮੀਲ-ਪੱਥਰ ਹਨ।

(6) ਗੁਰਬਾਣੀ ਵਿਚ ਸ਼ਬਦ-ਅਲੰਕਾਰ ਅਤੇ ਅਰਥ-ਅਲੰਕਾਰ ਭਾਰੀ ਗਿਣਤੀ ਵਿਚ ਦੇਖਣ ਨੂੰ ਮਿਲਦੇ ਹਨ। ਪ੍ਰਤੀਕਾਂ ਅਤੇ ਦ੍ਰਿਸ਼ਟਾਂਤਾਂ ਦੀ ਵਰਤੋਂ ਬਹੁਤ ਹੋਈ ਹੈ। ਬਹੁਤ ਸਾਰੀਆਂ ਮਿਥਿਹਾਸਿਕ ਕਥਾਵਾਂ ਦੇ ਪ੍ਰਮਾਣ ਸੰਕੇਤਕ ਰੂਪ ਵਿਚ ਪ੍ਰਮਾਤਮਾ ਦੇ ਭਗਤ-ਵਛਲ ਹੋਣ ਅਤੇ ਪਤਿਤ-ਪਾਵਨ ਹੋਣ ਸੰਬੰਧੀ ਵਰਤੇ ਹੋਏ ਹਨ। ਇਸ ਸਾਰੇ ਕੁਝ ਨੂੰ ਸਮਝਣ ਲਈ ਸਾਨੂੰ ਗੁਰਬਾਣੀ ਦੇ ਸਾਹਿਤਕ ਪੱਖੋਂ ਅਧਿਐਨ ਕਰਨ ਦੀ ਲੋੜ ਆਪਣੇ-ਆਪ ਹੀ ਬਣ ਜਾਂਦੀ ਹੈ। ਜਿਵੇਂ ਗੁਰਮੁਖ ਵਾਸਤੇ 'ਹੰਸ' ਦਾ ਪ੍ਰਤੀਕ ਗੁਰਬਾਣੀ ਵਿਚ ਵਰਤਿਆ ਗਿਆ ਹੈ। ਹੰਸ ਇੱਕ ਪੰਛੀ ਹੈ, ਜਿਸ ਦਾ ਇਹ ਗੁਣ ਹੈ ਕਿ ਆਪਣੀ ਚੁੰਝ ਦੀ ਖਟਾਸ ਨਾਲ ਦੁੱਧ ਅਤੇ ਪਾਣੀ ਨੂੰ ਵੱਖ-ਵੱਖ ਕਰ ਦਿੰਦਾ ਹੈ। ਇਸ ਤਰ੍ਹਾਂ ਦੋ ਪੱਖਾਂ ਨੂੰ ਵੱਖ-ਵੱਖ ਕਰ ਕੇ ਠੀਕ ਪੱਖ ਨੂੰ ਜਾਣ ਲੈਣਾ ਬਿਬੇਕ ਬੁੱਧੀ ਦਾ ਨਾਂ ਹੈ। ਗੁਰਮੁਖ ਵਿਅਕਤੀ ਬਿਬੇਕ ਬੁੱਧ ਵਾਲੇ ਹੁੰਦੇ ਹਨ, ਇਸ ਲਈ ਉਹ ਹੰਸ ਦੀ ਤਰ੍ਹਾਂ ਜੀਵਨ ਦੇ ਵੱਖ-ਵੱਖ ਰਸਤਿਆਂ ਦੀ ਪਰਖ ਕਰ ਲੈਂਦੇ ਹਨ ਕਿ ਉਨ੍ਹਾਂ ਲਈ ਕਿਹੜਾ ਰਸਤਾ ਠੀਕ ਹੈ। ਹੰਸ ਮੋਤੀ ਚੁਗਦਾ ਹੈ ਅਤੇ ਗੁਰਮੁਖ ਵੀ ਨਾਮ-ਅੰਮ੍ਰਿਤ ਦੇ ਮੋਤੀ ਚੁਗਦਾ ਹੈ। ਇਉਂ ਹੰਸ ਦਾ ਪ੍ਰਤੀਕ ਗੁਰਮੁਖ ਲਈ ਬਿਲਕੁਲ ਢੁੱਕਵਾਂ ਹੈ। ਇਸ ਪ੍ਰਕਾਰ ਪ੍ਰਤੀਕਾਂ, ਉਦਾਹਰਨਾਂ, ਦ੍ਰਿਸ਼ਟਾਂਤਾਂ ਅਤੇ ਅਲੰਕਾਰਾਂ ਦਾ ਅਧਿਐਨ ਸਾਨੂੰ ਗੁਰਬਾਣੀ ਦੇ ਅੰਤਰੀਵੀ ਅਨੁਭਵ ਦੇ ਵਿਸ਼ੇ ਦੇ ਬਹੁਤ ਨੇੜੇ ਲੈ ਜਾਂਦਾ ਹੈ ਅਤੇ ਸਾਨੂੰ ਗੁਰਬਾਣੀ ਦਾ ਉਪਦੇਸ਼ ਵੀ ਅਸਾਨੀ ਨਾਲ ਸਮਝ ਆ ਜਾਂਦਾ ਹੈ। ਇਸ ਤਰ੍ਹਾਂ ਗੁਰਬਾਣੀ ਦੇ ਇਸ ਗੰਭੀਰ ਅਧਿਐਨ ਸਦਕਾ ਸਾਨੂੰ ਗੁਰਬਾਣੀ ਦਾ ਅੰਤਰੀਵੀ ਰਸ ਦਿਨ-ਬ-ਦਿਨ ਵਧੇਰੇ ਆਉਣ ਲੱਗਦਾ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਸਿਲੇਬਸਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸ਼ਾਮਲ ਹੈ। ਇਨ੍ਹਾਂ ਸਲੇਬਸਾਂ ਦੇ ਨਾਲ-ਨਾਲ ਖੋਜ ਦੇ ਪੱਧਰ 'ਤੇ ਐੱਮ.ਫਿਲ, ਪੀ.ਐੱਚ.ਡੀ. ਆਦਿ ਡਿਗਰੀਆਂ ਲਈ ਵੀ ਇਸ ਬਾਣੀ ਦਾ ਅਧਿਐਨ ਅਧਿਆਤਮਕ ਅਤੇ ਸਾਹਿਤਕ ਪੱਖਾਂ ਤੋਂ ਕੀਤਾ ਜਾਂਦਾ ਹੈ। ਵਿੱਦਿਅਕ ਖੇਤਰ ਵਿਚ ਗੁਰਬਾਣੀ ਦਾ ਇਹ ਅਧਿਐਨ ਅਤਿ ਮਹੱਤਵਪੂਰਨ, ਲਾਭਕਾਰੀ ਅਤੇ ਸ਼ਲਾਘਾਯੋਗ ਹੈ।

(7) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵੱਖ-ਵੱਖ ਭਾਸ਼ਾਵਾਂ ਦੀ ਸ਼ਬਦਾਵਲੀ ਦਾ ਅਨਮੋਲ ਖਜ਼ਾਨਾ ਹੈ। ਇਸ ਪਾਵਨ ਗ੍ਰੰਥ ਵਿਚ ਸੰਸਕ੍ਰਿਤ, ਬ੍ਰਜ ਭਾਸ਼ਾ, ਸਿੰਧੀ, ਅਰਬੀ, ਫ਼ਾਰਸੀ, ਮਰਾਠੀ, ਲਹਿੰਦੀ ਪੰਜਾਬੀ ਆਦਿ ਭਾਸ਼ਾਵਾਂ ਦੀ ਅਤੇ ਕਈ ਹੋਰ ਉਪ-ਭਾਸ਼ਾਵਾਂ ਦੀ ਸ਼ਬਦਾਵਲੀ ਦੀ ਵਰਤੋਂ ਹੋਈ ਹੈ। ਇਨ੍ਹਾਂ ਸਭ ਭਾਸ਼ਾਵਾਂ ਦੇ ਪੱਖ ਤੋਂ ਗੁਰਬਾਣੀ ਦਾ ਅਧਿਐਨ ਕਰਨਾ ਵੀ ਬਹੁਤ ਜ਼ਰੂਰੀ ਹੈ। ਵੱਖ-ਵੱਖ ਭਾਸ਼ਾਵਾਂ ਦੀ ਸ਼ਬਦਾਵਲੀ ਦੇ ਅਰਥ ਸ਼ਬਦ-ਕੋਸ਼ਾਂ ਅਤੇ ਡਿਕਸ਼ਨਰੀਆਂ ਰਾਹੀਂ ਜਾਣ ਕੇ ਹੀ ਅਸੀਂ ਗੁਰਬਾਣੀ ਦੇ ਅਰਥਾਂ ਤੱਕ ਪਹੁੰਚ ਸਕਦੇ ਹਾਂ। ਸ਼ਬਦਾਵਲੀ ਦਾ ਅਧਿਐਨ ਵੀ ਸਾਹਿਤਕ ਪੱਖ ਦੇ ਭਾਸ਼ਾ-ਵਿਗਿਆਨਕ ਅੰਗ ਦਾ ਅਧਿਐਨ ਹੈ।

ਇਹ ਬਿਲਕੁਲ ਠੀਕ ਹੈ ਕਿ ਗੁਰਬਾਣੀ ਅਗਾਧ-ਬੋਧ ਹੈ। ਇਸ ਦੇ ਅਰਥਾਂ ਬਾਰੇ ਕੋਈ ਦਾਅਵਾ ਨਹੀਂ ਕਰ ਸਕਦਾ। ਇਸੇ ਕਰਕੇ ਵੱਖ-ਵੱਖ ਟੀਕਿਆਂ ਵਿਚ ਥੋੜ੍ਹੇ-ਬਹੁਤ ਭੇਦ ਨਾਲ ਅਰਥ ਵਿਦਵਾਨਾਂ ਨੇ ਵੱਖ-ਵੱਖ ਕੀਤੇ ਹੋਏ ਹਨ। ਵਿਆਕਰਣ, ਭਾਸ਼ਾ ਅਤੇ ਸਾਹਿਤਕ ਗੁਣਾਂ ਦੀ ਸਮਝ ਨਾਲ ਗੁਰਬਾਣੀ ਦੇ ਅਰਥਾਂ ਤੱਕ ਕਿਸੇ ਹੱਦ ਤੱਕ ਪਹੁੰਚਿਆ ਜਾ ਸਕਦਾ ਹੈ। ਕੁਝ ਸ਼ਬਦ ਐਸੇ ਵੀ ਹਨ, ਜੋ ਏਨੇ ਸਰਲ ਹਨ ਕਿ ਉਨ੍ਹਾਂ ਨੂੰ ਹਰ ਕੋਈ ਸਮਝ ਲੈਂਦਾ ਹੈ। ਗੁਰਬਾਣੀ ਪ੍ਰਮਾਤਮਾ ਨਾਲ ਹਿਰਦੇ ਨੂੰ ਜੋੜਨ ਲਈ ਗੂੜ੍ਹ ਅਧਿਆਤਮਿਕ ਅਨੁਭਵ ਹੈ। 'ਜਿਨਿ ਇਹ ਚਾਖੀ ਸੋਈ ਜਾਣੈ' ਦੇ ਪਵਿੱਤਰ ਕਥਨ ਅਨੁਸਾਰ ਗੁਰਬਾਣੀ ਇੱਕ ਰਹੱਸਵਾਦੀ ਅਨੁਭਵ ਹੈ। ਇਸ ਸਰਵੋਤਮ ਅਨੁਭਵ ਦੇ ਸਰਵੋਤਮ ਵਿਸ਼ੇ ਦੀ ਪੇਸ਼ਕਾਰੀ ਵੀ ਸਰਵੋਤਮ ਢੰਗ ਨਾਲ ਹੋਈ ਹੈ। ਗੁਰਬਾਣੀ ਪੰਜਾਬੀ ਕਵਿਤਾ ਦੀ ਰੂਹ ਹੈ। ਗੁਰਬਾਣੀ ਪੰਜਾਬੀ ਕਵਿਤਾ ਦਾ ਮੁੱਢ ਹੈ। ਪੰਜਾਬੀ ਕਵਿਤਾ ਦਾ ਇਤਿਹਾਸ ਗੁਰਬਾਣੀ ਤੋਂ ਬਿਨਾ ਕਲਪਿਤ ਵੀ ਨਹੀਂ ਕੀਤਾ ਜਾ ਸਕਦਾ।

# ਦਸਤਗੀਰ ਹੁਇ ਪੰਜ ਪੀਰ ਹਰਿ ਗੁਰੁ ਹਰਿ ਗੋਬਿੰਦੁ ਅਤੋਲਾ



ਡਾ. ਸਤਿੰਦਰ ਪਾਲ ਸਿੰਘ
ਲਖਨਊ
akaalpurkh.7@gmail.com
ਪੰਜਾਬ ਮੇਲ USA



ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਸਿੱਖ ਪੰਥ ਦੇ ਇਤਿਹਾਸ ਦਾ ਨਵਾਂ ਅਧਿਆਇ ਸੀ। ਧਰਮ ਲਈ ਜਾਣ ਵਾਰਨ, ਜਾਨ ਵਾਰ ਕੇ ਧਰਮ ਦੀ ਰਾਖੀ ਕਰਨ ਦਾ ਇਹ ਸ਼੍ਰੋਮਣੀ ਸਬਕ ਸੀ, ਜੋ ਗੁਰੂ ਅਰਜਨ ਸਾਹਿਬ ਨੇ ਅਜਰ ਜਰ ਕੇ ਪੰਥ ਨੂੰ ਸਿਖਾਇਆ ਸੀ। ਸਿੱਖ ਪੰਥ ਲਈ ਇਹ ਅਤਿ ਨਾਜ਼ੁਕ ਸਮਾਂ ਸੀ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਪੈਦਾ ਹੋਏ ਹਾਲਾਤ ਨਾਲ ਨਜਿੱਠਣਾ ਕਠਿਨ ਵੀ ਸੀ ਤੇ ਸੰਵੇਦਨਸ਼ੀਲ ਵੀ। ਕੌਮ ਨੂੰ ਭਵਿੱਖ ਲਈ ਪੱਕਾ ਭਰੋਸਾ ਚਾਹੀਦਾ ਸੀ ਤੇ ਟਿਕਣ ਲਈ ਆਸ ਦਾ ਦ੍ਰਿੜ ਆਧਾਰ। ਗੁਰੂ ਅਰਜਨ ਸਾਹਿਬ ਤੋਂ ਬਾਅਦ ਗੁਰਤਾ ਗੱਦੀ 'ਤੇ ਵਿਰਾਜਮਾਨ ਹੋਣ ਵਾਲੇ ਗੁਰੂ ਹਰਿਗੋਬਿੰਦ ਸਾਹਿਬ ਨੇ ਨਵੀਆਂ ਪ੍ਰਸਥਿਤੀਆਂ ਦੇ ਮੱਦੇਨਜ਼ਰ ਸਿੱਖ ਪੰਥ ਦੇ ਸਮੇਂ ਦੀ ਜਿਸ ਸੰਕਲਪਬੱਧਤਾ ਨਾਲ ਸਾਂਭ ਕੀਤੀ, ਉਹ ਪਾਤਸ਼ਾਹਾਂ ਦੇ ਪਾਤਸ਼ਾਹ ਬਣ ਕੇ ਉਭਰੇ। ਮਾਤਰ ਬਾਰਹ ਸਾਲ ਦੀ ਉਮਰ ਵਿਚ ਗੁਰਿਆਈ ਦਾ ਤਿਲਕ ਲਾਉਣ ਤੋਂ ਪਹਿਲਾਂ ਹੀ ਗੁਰੂ ਸਾਹਿਬ ਨੇ ਜੋ ਫੈਸਲੇ ਲਏ, ਉਹ ਪ੍ਰਗਟ ਕਰਨ ਵਾਲੇ ਸਨ ਕਿ ਨਾਜ਼ੁਕ ਸਮੇਂ ਵਿਚ ਉਨ੍ਹਾਂ ਅੰਦਰ ਕੋਈ ਦੁਵਿਧਾ ਨਹੀਂ ਹੈ, ਦ੍ਰਿਸ਼ਟੀਕੋਣ ਸਪੱਸ਼ਟ ਹੈ, ਟੀਚਾ ਸਾਹਮਣੇ ਹੈ ਤੇ ਉਸ ਟੀਚੇ ਨੂੰ ਪ੍ਰਾਪਤ ਕਰਨ ਦਾ ਨਿਸ਼ਚਾ ਹੈ। ਆਪਣੇ ਰਾਜਸੀ ਵੇਸ਼ ਪਹਿਨੀਆ, ਮੀਰੀ ਤੇ ਪੀਰੀ ਦੀਆਂ ਤਲਵਾਰਾਂ ਧਾਰਨ ਕੀਤੀਆਂ, ਕਲਗੀ ਸਜਾਈ। ਗੁਰੂ ਹਰਿਗੋਬਿੰਦ ਸਾਹਿਬ ਨੇ ਇਨ੍ਹਾਂ ਪ੍ਰਤੀਕਾਂ ਰਾਹੀਂ ਸੁਨੇਹਾ ਦਿੱਤਾ ਕਿ ਰਾਜ ਜਾਬਰ ਦਾ ਨਹੀਂ, ਧਰਮ ਦਾ ਹੈ, ਧਰਮ ਕਿਸੇ ਵੀ ਰਾਜ ਤੋਂ ਵੱਧ ਤਾਕਤਵਰ ਸੱਤਾ ਹੈ ਤੇ ਧਰਮ ਦੀ ਸ਼ੋਭਾ ਸਦਾ ਹੀ ਉੱਚੀ ਰਹਿਣ ਵਾਲੀ ਹੈ। ਸਿੱਖ ਪੰਥ ਨੂੰ ਮਹਾ ਆਨੰਦ ਦੀ ਇਹ ਅਵਸਥਾ ਦੇਣ ਲਈ ਹੀ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਗੁਰੂ ਅਰਜਨ ਸਾਹਿਬ ਦੇ ਗ੍ਰਿਹ ਵਿਖੇ ਮਾਤਾ ਗੰਗਾ ਜੀ ਦੇ ਉਦਰ ਤੋਂ 19 ਜੂਨ ਸੰਨ 1595 ਵਿਚ ਹੋਇਆ ਸੀ। ਇਸ ਦਿਨ ਹੀ ਪਿਤਾ ਗੁਰੂ ਅਰਜਨ ਸਾਹਿਬ ਨੇ ਬਾਲਕ ਗੁਰੂ ਹਰਿਗੋਬਿੰਦ ਸਾਹਿਬ ਲਈ ਕਹਿ ਦਿੱਤਾ ਸੀ "ਮਿਟਿਆ ਸੋਗੁ ਮਹਾ ਅਨੰਦੁ ਥੀਆ॥" ਗੁਰੂ ਹਰਿਗੋਬਿੰਦ ਸਾਹਿਬ ਦਾ ਸੰਸਾਰ ਆਗਮਨ ਸੋਗ ਦੂਰ ਕਰਨ ਵਾਲਾ ਤੇ ਆਨੰਦ ਪ੍ਰਦਾਨ ਕਰਨ ਵਾਲਾ ਸੀ। ਗੁਰੂ ਸਾਹਿਬ ਦਾ ਪੂਰਾ ਜੀਵਨ ਕਾਲ ਆਨੰਦ ਦਾ ਕਾਲ ਸੀ। ਬਾਬਾ ਬੁੱਢਾ ਜੀ ਦੀ ਮਾਤਾ ਗੰਗਾ ਜੀ ਨੂੰ ਦਿੱਤੀ ਅਸੀਸ ਪੂਰੀ ਤਰ੍ਹਾਂ ਪ੍ਰਫੁੱਲਿਤ ਹੋਈ। ਗੁਰੂ ਹਰਿਗੋਬਿੰਦ ਸਾਹਿਬ ਨੂੰ ਬਾਬਾ ਬੁੱਢਾ ਜੀ ਦੀ ਅਸੀਸ ਦਾ ਗਿਆਨ ਸੀ ਕਿ "ਹੋਣ ਵਾਲਾ ਬਾਲਕ ਮਹਾਨ ਸੂਰਬੀਰ ਹੋਣ ਦੇ ਨਾਲ-ਨਾਲ ਵਡ ਪ੍ਰਤਾਪੀ ਗੁਰੂ ਵੀ ਹੋਵੇਗਾ"। ਗੁਰੂ ਸਾਹਿਬ ਨੇ ਗੁਰਤਾਗੱਦੀ 'ਤੇ ਵਿਰਾਜਮਾਨ ਹੁੰਦਿਆਂ ਹੀ ਬਾਬਾ ਬੁੱਢਾ ਜੀ ਨੂੰ ਭਰੋਸਾ ਦਿਵਾਇਆ ਕਿ ਮੇਰੇ ਜਤਨ ਤੁਹਾਡੀ ਭਵਿੱਖਬਾਣੀ ਨੂੰ ਪੂਰਾ ਕਰਾਂਗੇ।

ਗੁਰੂ ਹਰਿਗੋਬਿੰਦ ਸਾਹਿਬ ਛੇਵੀਂ ਨਾਨਕ ਜੋਤ ਸਨ। ਉਨ੍ਹਾਂ ਵਿਚ ਗੁਰੂ ਨਾਨਕ ਸਾਹਿਬ ਦਾ ਸੱਚ, ਗੁਰੂ ਅੰਗਦ ਸਾਹਿਬ ਦਾ ਸਮਰਪਣ, ਗੁਰੂ ਅਮਰਦਾਸ ਸਾਹਿਬ ਦੀ ਸੇਵਾ ਤੇ ਗੁਰੂ ਰਾਮਦਾਸ ਸਾਹਿਬ ਦੀ ਦਿਆਲਤਾ ਦਾ ਸੁਮੇਲ ਪ੍ਰਗਟ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਨੇ ਸੰਸਾਰ ਤੇ ਜੀਵਨ ਦੇ ਸੱਚ ਨੂੰ ਸਵੀਕਾਰ ਕੀਤਾ ਤੇ ਪਿਤਾ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨੂੰ ਜਰ ਕੇ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਨੂੰ ਅਗਾਂਹ ਵਧਾਉਣ ਵਿਚ ਕੋਈ ਵਿਲੰਬ ਨਹੀਂ ਕੀਤਾ, ਬਲਕਿ ਦੂਣੇ ਉਤਸ਼ਾਹ ਨਾਲ ਲੱਗ ਪਏ। ਗੁਰੂ ਅਰਜਨ ਸਾਹਿਬ ਨੇ ਆਪਣੀ ਸ਼ਹੀਦੀ ਪੂਰਨ ਸਹਿਜ ਨਾਲ ਦਿੱਤੀ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਉਸ ਨੂੰ ਪੂਰਨ ਨਿਰਲੇਪ ਰਹਿ ਕੇ ਸਵੀਕਾਰ ਕੀਤਾ। ਗੁਰਿਆਈ ਧਾਰਨ ਕਰਦਿਆਂ ਹੀ ਗੁਰੂ ਸਾਹਿਬ ਨੇ ਆਪਣੇ ਜੀਵਨ ਦੇ ਨੇਮ ਬਣਾ ਲਿਆ, ਜੋ ਸਿੱਖ ਕੌਮ ਅੰਦਰ ਆਸ ਦੀ ਨਵੀਂ ਕਿਰਨ ਪੈਦਾ ਕਰਨ ਵਾਲਾ ਸੀ। ਗੁਰੂ ਸਾਹਿਬ ਅੰਮ੍ਰਿਤ ਵੇਲੇ ਜਾਗ ਜਾਂਦੇ, ਇਸ਼ਨਾਨ ਕਰ ਵਸਤਰ ਧਾਰਨ ਕਰਦੇ ਅਸਤਰ ਸ਼ਸਤਰ ਸਜਾਉਂਦੇ ਤੇ ਸ੍ਰੀ ਦਰਬਾਰ ਜਾਂਦੇ। ਇੱਥੇ ਆਪ ਜਪੁਜੀ ਸਾਹਿਬ ਤੇ ਆਸਾ ਦੀ ਵਾਰ ਦਾ ਪਾਠ ਸਰਵਣ ਕਰਦੇ ਤੇ ਸੰਗਤਾਂ ਨੂੰ ਉਪਦੇਸ਼ ਦਿੰਦੇ। ਇਸ ਤੋਂ ਬਾਅਦ ਅਨੰਦ ਸਾਹਿਬ ਦਾ ਪਾਠ ਹੁੰਦਾ ਤੇ ਸਮਾਪਤੀ ਦੀ ਅਰਦਾਸ ਕੀਤੀ ਜਾਂਦੀ। ਸਾਰੀ ਸੰਗਤ ਲੰਗਰ ਛਕਦੀ। ਇੱਕ ਘੰਟਾ ਵਿਸਰਾਮ ਤੋਂ ਬਾਅਦ ਗੁਰੂ ਸਾਹਿਬ ਜੰਗਲ ਵਿਚ ਸ਼ਿਕਾਰ ਲਈ ਜਾਂਦੇ। ਦੁਪਹਿਰ ਤੋਂ ਬਾਅਦ ਗੁਰੂ ਸਾਹਿਬ ਆਪਣੇ ਤਖ਼ਤ 'ਤੇ ਬੈਠਦੇ ਤੇ ਆਈ ਹੋਈ ਸੰਗਤ ਨਾਲ ਸੰਵਾਦ ਕਰਦੇ। ਸੰਧਿਆ ਵੇਲੇ ਸੋਦਰੁ ਦੇ ਪਾਠ, ਸ਼ਬਦ ਕੀਰਤਨ, ਸੋਹਿਲਾ ਸਾਹਿਬ ਦੇ ਪਾਠ ਤੋਂ ਬਾਅਦ ਹੀ ਗੁਰੂ ਸਾਹਿਬ ਆਪਣੇ ਨਿੱਜ ਅਸਥਾਨ 'ਤੇ ਜਾਂਦੇ। ਇਤਿਹਾਸ ਵਿਚ ਦਰਜ ਹੈ ਰਾਤ੍ਰੀ ਵਿਸ੍ਰਾਮ ਤੋਂ ਪਹਿਲਾਂ ਗੁਰੂ ਸਾਹਿਬ ਆਪਣੇ ਮਾਤਾ ਜੀ ਦੇ ਚਰਨਾਂ ਵਿਚ ਮੱਥਾ ਜ਼ਰੂਰ ਟੇਕਦੇ ਸਨ। ਗੁਰੂ ਸਾਹਿਬ ਦੇ ਜੀਵਨ ਵਿਚ ਪ੍ਰਗਟ ਹੋਣ ਵਾਲਾ ਇਹ ਸਹਿਜ ਅਚਰਜ ਭਰਿਆ ਸੀ। ਗੁਰੂ ਸਾਹਿਬ ਦੇ ਸਮਕਾਲੀ ਭਾਈ ਗੁਰਦਾਸ ਜੀ ਨੇ ਇਸ ਦੀ ਪ੍ਰਤੱਖ ਗਵਾਹੀ ਭਰੀ।

ਹਰਖੁ ਸੋਗਹੁ ਬਾਹਰਾ ਹਰਣ ਭਰਣ ਸਮਰਥੁ ਸਰੰਦਾ।

ਰਸ ਕਸ ਰੂਪ ਨ ਰੇਖਿ ਵਿਚਿ ਰਾਗ ਰੰਗ ਨਿਰਲੇਪੁ ਰਹੰਦਾ।

ਗੋਸਟਿ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ।

ਗੁਰ ਗੋਵਿੰਦੁ ਗੋਵਿੰਦੁ ਗੁਰੁ ਹਰਿਗੋਵਿੰਦੁ ਸਦਾ ਵਿਗਸੰਦਾ। -(ਵਾਰ 24, ਪਉੜੀ 21)

ਗੁਰੂ ਹਰਿਗੋਬਿੰਦ ਸਾਹਿਬ ਇੱਕ ਸਰਵ ਦ੍ਰਿਸ਼ਟੀ ਸਮਰੱਥ ਸੱਤਾ ਸਨ। ਆਪ ਦਾ ਅੰਤਰ ਇਲਾਹੀ ਗਿਆਨ ਨਾਲ ਪ੍ਰਕਾਸ਼ਿਤ ਸੀ, ਸਿੱਖਾਂ ਦਾ ਅਡੋਲ ਭਰੋਸਾ ਸੀ, ਇੱਕ ਤਾਕਤਵਾਰ ਫੌਜ ਸੀ, ਵੰਡਣ ਲਈ ਦਾਤਾਂ ਦਾ ਅਮੁੱਕ ਖਜ਼ਾਨਾ ਸੀ, ਆਪਣੇ ਕਈ ਅਸਥਾਨ ਸਿਰਜੇ ਪਰ ਆਪ ਪੂਰਨ ਨਿਰਲੇਪ ਅਵਸਥਾ ਦੇ ਸੁਆਮੀ ਸਨ। ਗੁਰੂ ਸਾਹਿਬ ਨੇ ਸ਼ਾਹਜਹਾਂ ਨਾਲ ਚਾਰ ਜੰਗਾਂ ਲੜੀਆਂ ਤੇ ਸਾਰੀਆਂ ਜੰਗਾਂ ਵਿਚ ਜਿੱਤ ਪ੍ਰਾਪਤ ਕੀਤੀ ਪਰ ਤਾਕਤ ਨੂੰ ਕਦੇ ਆਪਣੇ ਮਾਣ ਦਾ ਕਾਰਣ ਨਹੀਂ ਬਣਨ ਦਿੱਤਾ, ਸਗੋਂ ਭਾਈ ਗੁਰਦਾਸ ਜਿਹੇ ਵਿਦਵਾਨ ਦੀ ਵੀ ਅਭਿਮਾਨ ਨਿਵ੍ਰਿਤੀ ਕੀਤੀ ਸੀ। ਗੁਰੂ ਸਾਹਿਬ ਪਾਤਸ਼ਾਹ ਅਖਵਾਏ ਪਰ "ਬਾਤਨ ਫ਼ਕੀਰੀ" ਹੀ ਸੀ। ਪ੍ਰਮਾਤਮਾ ਤੇ ਪ੍ਰਮਾਤਮਾ ਦੇ ਭਾਣੇ ਵਿਚ ਆਪ ਦਾ ਵਿਸ਼ਵਾਸ ਪਰਬਤ ਵਾਂਗੂੰ ਅਡੋਲ ਸੀ। ਪਿਤਾ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨੂੰ ਭਾਣਾ ਮੰਨਿਆ ਹੀ ਸਿੱਖ ਸੰਗਤ ਨੂੰ ਵੀ ਇਸ ਲਈ ਸਦਾ ਪ੍ਰੇਰਿਤ ਕਰਦੇ ਰਹੇ। ਆਪ ਦੇ ਸਪੁੱਤਰ ਬਾਬਾ ਅਟਲ ਰਾਇ ਜੀ ਆਪਣੇ ਹਾਣ ਦੇ ਸਾਥੀਆਂ ਨਾਲ ਖੇਡਿਆ ਕਰਦੇ ਸਨ। ਇੱਕ ਵਾਰ ਇੱਕ ਸਾਥੀ ਵਾਰੀ ਦੇਣ ਨਹੀਂ ਆਇਆ, ਤਾਂ ਬਾਬਾ ਅਟਲ ਰਾਇ ਜੀ ਉਸ ਦੇ ਘਰ ਜਾ ਪੁੱਜੇ। ਸਾਥੀ ਦੀ ਮੌਤ ਹੋ ਗਈ ਸੀ ਤੇ ਉਸ ਦੀ ਮ੍ਰਿਤ ਦੇਹ ਸਾਹਮਣੇ ਪਈ ਹੋਈ ਸੀ। ਬਾਬਾ ਅਟਲ ਰਾਇ ਜੀ ਦੇ ਵਚਨ ਨਾਲ ਉਹ ਜੀਵਤ ਹੋ ਗਿਆ। ਗੁਰੂ ਸਾਹਿਬ ਨੂੰ ਇਹ ਪਤਾ ਲੱਗਾ, ਤਾਂ ਉਨ੍ਹਾਂ ਕਿਹਾ ਕਿ "ਸਾਡੇ ਘਰ ਕੌਣ ਰੱਬ ਦਾ ਸ਼ਰੀਕ ਜੰਮ ਪਿਆ ਹੈ"। ਬਾਬਾ ਅਟਲ ਰਾਇ ਜੀ ਨੇ ਗੁਰੂ ਸਾਹਿਬ ਕਥਨ ਸੁਣਿਆ, ਤਾਂ ਆਤਮ ਗਿਲਾਨੀ ਨਾਲ ਭਰ ਗਏ। ਸਮਾਧੀ ਲਾ ਕੇ ਬਾਬਾ ਅਟਲ ਰਾਇ ਜੀ ਨੇ ਪ੍ਰਾਣ ਤਿਆਗ ਦਿੱਤੇ। ਗੁਰੂ ਸਾਹਿਬ ਨੇ ਆਪ ਸਤਿਕਾਰ ਨਾਲ ਉਨ੍ਹਾਂ ਦਾ ਸੰਸਕਾਰ ਕੀਤਾ ਤੇ ਪ੍ਰਮਾਤਮਾ ਦਾ ਸ਼ੁਕਰ ਮਨਾਇਆ। ਸੰਗਤਾਂ ਆਈਆਂ ਤਾਂ ਗੁਰੂ ਸਾਹਿਬ ਤਸੱਲੀ ਦਿੰਦੇ ਰਹੇ। ਇੱਕ ਸਿੱਖ ਭਾਈ ਸਾਈਂ ਦਾਸ ਨੇ ਗੁਰੂ ਸਾਹਿਬ ਨੂੰ ਪੂਰਨ ਸਹਿਜ ਦੇਖ ਕੇ ਪ੍ਰਸ਼ਨ ਕੀਤਾ ਕਿ ਉਨ੍ਹਾਂ ਨੂੰ ਕੋਈ ਦੁੱਖ ਨਹੀਂ ਹੋਇਆ। ਗੁਰੂ ਸਾਹਿਬ ਨੇ ਭਾਈ ਸਾਈਂ ਦਾਸ ਨੂੰ ਜ਼ਮੀਨ ਦੇ ਇੱਕ ਲਕੀਰ ਖਿੱਚਣ ਲਈ ਕਿਹਾ। ਉਸ ਨੇ ਲਕੀਰ ਖਿੱਚ ਦਿੱਤੀ। ਫਿਰ ਗੁਰੂ ਸਾਹਿਬ ਨੇ ਲਕੀਰ ਮਿਟਾਉਣ ਲਈ ਕਿਹਾ। ਭਾਈ ਸਾਈਂ ਦਾਸ ਨੇ ਮਿੱਟੀ ਵਿਚ ਖਿੱਚੀ ਲਕੀਰ ਮਿਟਾ ਦਿੱਤੀ। ਗੁਰੂ ਸਾਹਿਬ ਨੇ ਉਸ ਨੂੰ ਪ੍ਰਸ਼ਨ ਕੀਤਾ ਕੀ ਲਕੀਰ ਖਿੱਚਦਿਆਂ ਤੁਹਾਨੂੰ ਕੋਈ ਖੁਸ਼ੀ ਹੋਈ, ਲਕੀਰ ਮਿਟਾਉਣ ਲੱਗਿਆਂ ਕੋਈ ਦੁੱਖ ਹੋਇਆ। ਭਾਈ ਸਾਈਂ ਦਾਸ ਨੇ ਕਿਹਾ ਕਿ ਨਾ ਖੁਸ਼ੀ ਹੋਈ ਨਾ ਦੁੱਖ ਹੋਇਆ, ਉਸ ਨੇ ਤੇ ਬਸ ਹੁਕਮ ਮੰਨਿਆ। ਗੁਰੂ ਹਰਿਗੋਬਿੰਦ ਸਾਹਿਬ ਨੇ ਕਿਹਾ ਕਿ ਸੰਸਾਰ ਇਹੋ ਜਿਹਾ ਹੀ ਤਮਾਸ਼ਾ ਹੈ। ਪ੍ਰਮਾਤਮਾ ਦੇ ਹੁਕਮ ਅਨੁਸਾਰ ਲਕੀਰ ਪੈਂਦੀ ਹੈ ਤੇ ਹੁਕਮ ਅਨੁਸਾਰ ਹੀ ਮੇਟ ਦਿੱਤੀ ਜਾਂਦੀ ਹੈ। ਪ੍ਰਮਾਤਮਾ ਦੇ ਹੁਕਮ ਵਿਚ ਰਹਿਣ ਨਾਲ ਨਾ ਕੋਈ ਖੁਸ਼ੀ ਪ੍ਰਤੀਤ ਹੁੰਦੀ ਹੈ ਨਾ ਗਮ, ਮਨੁੱਖ ਇਸ ਤੋਂ ਉੱਪਰ ਉੱਠ ਜਾਂਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਦਾ ਪੂਰਾ ਜੀਵਨ ਇਸ ਵਿਚਾਰ ਦੇ ਆਲੇ-ਦੁਆਲੇ ਹੀ ਵਿਚਰਦਾ ਨਜ਼ਰ ਆਉਂਦਾ ਹੈ। ਆਪ ਨੂੰ ਉਸ ਜਹਾਂਗੀਰ ਦੇ ਧੋਖੇ ਦੇ ਕਾਰਣ ਲੰਬਾ ਸਮਾਂ ਗਵਾਲੀਅਰ ਦੇ ਕਿਲ੍ਹੇ ਅੰਦਰ ਕੈਦ ਵਿਚ ਗੁਜ਼ਾਰਨਾ ਪਿਆ, ਜਿਸ ਦੀ ਜਾਨ ਗੁਰੂ ਸਾਹਿਬ ਨੇ ਸ਼ੇਰ ਤੋਂ ਬਚਾਈ ਸੀ। ਗੁਰੂ ਸਾਹਿਬ ਕੈਦ ਕਰਨਾ ਕਿਸੇ ਲਈ ਵੀ ਸੰਭਵ ਨਹੀਂ ਸੀ ਪਰ ਆਪ ਸਹਿਜ ਵਿਚ ਰਹੇ। ਇਸ ਦਾ ਨਤੀਜਾ ਕਿਲ੍ਹੇ ਵਿਚ ਕੈਦ ਬਵੰਜਾ ਹਿੰਦੂ ਰਾਜਿਆਂ ਦੀ ਮੁਕਤੀ ਦੇ ਰੂਪ ਵਿਚ ਸਾਹਮਣੇ ਆਇਆ, ਜੋ ਆਪਣੇ ਜੀਵਨ ਦੀ ਹੀ ਆਸ ਛੱਡ ਚੁੱਕੇ ਸਨ। ਗੁਰੂ ਸਾਹਿਬ ਨੂੰ ਬੰਦੀ ਛੋੜ ਦੀ ਉਪਮਾ ਪ੍ਰਾਪਤ ਹੋਈ। ਜੇ ਜੰਗਾਂ ਲੜਨੀਆਂ ਪਈਆਂ, ਤਾਂ ਵੀ ਸੰਜਮ ਵਰਤਿਆ। ਜਿੱਤ ਵੀ ਹੋਈ ਤੇ ਕੋਈ ਵੀ ਜੰਗ 3-4 ਦਿਨ ਤੋਂ ਵੱਧ ਨਹੀਂ ਚੱਲੀ। ਗੁਰੂ ਹਰਿਗੋਬਿੰਦ ਸਾਹਿਬ ਜਦੋਂ ਗੁਰੂ ਨਾਨਕ ਸਾਹਿਬ ਦਾ ਅਸਥਾਨ ਮੁਕਤ ਕਰਾਉਣ ਲਈ ਨਾਨਕਮਤੇ ਗਏ, ਤਾਂ ਯੋਗੀਆਂ ਨੇ ਆਪਣੀਆਂ ਕਰਾਮਾਤਾਂ ਨਾਲ ਡਰਾਉਣ ਦੀ ਬੜੀ ਕੋਸ਼ਿਸ਼ ਕੀਤੀ। ਗੁਰੂ ਸਾਹਿਬ ਚਾਹੁੰਦੇ ਤਾਂ ਅਸਤਰ ਸ਼ਸਤਰ ਬਲ ਵਰਤ ਕੇ ਪਲਾਂ ਵਿਚ ਮਸਲਾ ਨਿਬੇੜ ਦਿੰਦੇ ਪਰ ਸਹਿਜ ਰਹੇ। ਅੰਤ ਹਾਰ ਕੇ ਯੋਗੀਆਂ ਨੂੰ ਕਬਜ਼ਾ ਛੱਡਣਾ ਪਿਆ ਤੇ ਗੋਰਖਮਤਾ ਮੁੜ ਨਾਨਕਮਤਾ ਹੋ ਗਿਆ।

ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦਾ ਅੰਤਰ ਸਬੰਧ ਕਾਇਮ ਕੀਤਾ। ਇਹ ਇੱਕ ਅਦੁੱਤੀ ਸਿਧਾਂਤ ਸੀ, ਜਿਸ ਦੀ ਗਹਿਰਾਈ ਸਮਝ ਪਾਉਣਾ ਮਨੁੱਖੀ ਬੁੱਧੀ ਤੇ ਵਿਵੇਕ ਦੇ ਵੱਸ ਨਹੀਂ ਹੈ। ਕੋਈ ਕਿਵੇਂ ਬਾਤਨ ਫਕੀਰੀ ਤੇ ਜਾਹਰ ਅਮੀਰੀ ਹੋ ਸਕਦਾ ਹੈ, ਇਹ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਹੀ ਸਮਝਿਆ ਤੇ ਜੋ ਨਾਮ ਮਾਤਰ ਸਮਝਿਆ ਜਾ ਸਕਦਾ ਹੈ ਉਨ੍ਹਾਂ ਦੇ ਜੀਵਨ ਤੋਂ। ਸ਼ਸਤਰ ਧਾਰਨ ਕਰਨ ਵਾਲੇ, ਤਾਕਤਵਰ ਫੌਜ ਰੱਖਣ ਵਾਲੇ, ਸ਼ਿਕਾਰ ਵਿਚ ਰੁਚੀ ਵਾਲੇ ਗੁਰੂ ਸਾਹਿਬ ਦੀ ਵਡਿਆਈ ਵਿਸਮਾਦ ਨਾਲ ਭਰ ਦਿੰਦੀ ਹੈ, ਜਦੋਂ ਸਾਰੀ ਤਾਕਤ, ਬਲ ਤੋਂ ਜ਼ਿਆਦਾ ਅਨਮੋਲ ਉਨ੍ਹਾਂ ਲਈ ਗੁਰਬਾਣੀ ਦਾ ਪਾਠ ਹੋ ਜਾਂਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਸਿੱਖਾਂ ਨਾਲ ਗੁਰਬਾਣੀ 'ਤੇ ਚਰਚਾ ਕਰਿਆ ਕਰਦੇ ਸਨ। ਇੱਕ ਵਾਰ ਦਰਬਾਰ ਵਿਚ ਸ਼ੁੱਧ ਪਾਠ ਕਰਨ ਦੀ ਵਿਚਾਰ ਚੱਲੀ, ਤਾਂ ਭਾਈ ਗੋਪਾਲ ਜੀ ਨੇ ਗੁਰੂ ਸਾਹਿਬ ਤੋਂ ਆਗਿਆ ਲੈ ਕੇ ਜਪੁਜੀ ਸਾਹਿਬ ਦਾ ਪਾਠ ਆਰੰਭ ਕੀਤਾ। ਭਾਈ ਗੋਪਾਲ ਜੀ ਦੀ ਭਾਵਨਾ ਤੇ ਸ਼ੁੱਧ ਉਚਾਰਣ ਤੋਂ ਗੁਰੂ ਸਾਹਿਬ ਇਤਨਾ ਪ੍ਰਭਾਵਿਤ ਹੋਏ ਕਿ ਗੁਰਗੱਦੀ ਸੌਂਪਣ ਦਾ ਮਨ ਬਣਾ ਲਿਆ ਸੀ। ਭਾਵੇਂ ਸੈਂਤੀਵੀਂ ਪਉੜੀ 'ਤੇ ਆਏ ਭਾਈ ਗੋਪਾਲ ਜੀ ਦੇ ਮਨ ਇੱਕ ਘੋੜੇ 'ਤੇ ਅਟਕ ਗਿਆ ਪਰ ਗੁਰੂ ਸਾਹਿਬ ਤਾਂ ਬਾਣੀ ਦੇ ਸਤਿਕਾਰ ਵਿਚ ਸਰਵਉੱਚ ਪਦ ਲਈ ਵੀ ਤਿਆਰ ਸਨ। ਭਾਈ ਗੁਰਦਾਸ ਜੀ ਨੇ ਸਟੀਕ ਕਿਹਾ ਕਿ ਕਦੇ ਗੁਰੂ ਹਰਿਗੋਬਿੰਦ ਸਾਹਿਬ ਵਿਚ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਕਦੇ ਪ੍ਰਮਾਤਮਾ ਗੁਰੂ ਹਰਿਗੋਬਿੰਦ ਸਾਹਿਬ ਦੇ ਰੂਪ ਵਿਚ ਪ੍ਰਤੱਖ ਰੂਪਮਾਨ ਹੁੰਦਾ ਹੈ। ਕਦੇ ਪ੍ਰਮਾਤਮਾ ਤੇ ਗੁਰੂ ਹਰਿਗੋਬਿੰਦ ਸਾਹਿਬ ਵਿਚ ਭੇਦ ਹੀ ਨਹੀਂ ਰਹਿ ਜਾਂਦਾ। ਗੁਰੂ ਹਰਿਗੋਬਿੰਦ ਸਾਹਿਬ ਦਾ ਨਾਮ ਹੀ ਵਿਗਾਸ ਪੈਦਾ ਕਰਨ ਵਾਲਾ ਹੈ।

# ਅਦੁੱਤੀ ਸ਼ਹਾਦਤ ਦੇ ਮਾਲਕ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ



ਮਾਸਟਰ ਜਸਵਿੰਦਰ ਸਿੰਘ ਜਿਉਣਪੁਰਾ
ਤਹਿ. ਪਾਤੜਾਂ, ਜ਼ਿਲ੍ਹਾ ਪਟਿਆਲਾ
ਮੋਬਾਇਲ ਨੰਬਰ : 98768-55004
ਪੰਜਾਬ ਮੇਲ USA



ਜਦੋਂ ਅਸੀਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਗੱਲ ਕਰਦੇ ਹਾਂ, ਤਾਂ ਸਾਨੂੰ ਉਨ੍ਹਾਂ ਦੇ ਜੀਵਨ ਬਾਰੇ ਵੀ ਚਾਨਣਾ ਪਾਉਣਾ ਅਤੀ ਜ਼ਰੂਰੀ ਹੋ ਜਾਂਦਾ ਹੈ। ਕਿਉਂਕਿ ਗੁਰੂ ਅਰਜਨ ਦੇਵ ਸਾਹਿਬ ਮਹਾਰਾਜ ਜੀ ਇਕੱਲੇ ਸ਼ਹੀਦ ਨਹੀਂ ਸਨ, ਉਹ ਨਿਮਰਤਾ ਅਤੇ ਸ਼ਾਂਤੀ ਦੇ ਪੁੰਜ ਵੀ ਸਨ। ਜਗਤ ਜਲੰਦੇ ਨੂੰ ਤਾਰਨ ਦੇ ਲਈ ਉਨ੍ਹਾਂ ਨੇ ਕਈ ਐਸੇ ਕਾਰਜ ਕੀਤੇ, ਜਿਨ੍ਹਾਂ ਨੂੰ ਵਰਨਣ ਕਰਨਾ ਵੀ ਜ਼ਰੂਰੀ ਹੁੰਦਾ। ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਮਨੁੱਖ ਆਪਣੇ ਜੀਵਨ ਕਾਲ ਵਿਚ ਅਧਿਆਤਮਕ ਨੂੰ ਉੱਚਾ ਚੁੱਕ ਲੈਂਦਾ ਹੈ, ਜਿਵੇਂ ਕਿ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਗੁਰਤਾਗੱਦੀ 'ਤੇ ਬੈਠਦਿਆਂ ਹੀ ਪਹਿਲੋਂ ਅੰਮ੍ਰਿਤਸਰ ਸਰੋਵਰ ਦੀ ਖੁਦਵਾਈ ਕਰਾਈ, ਨਾਲ ਹੀ ਉਸ ਦੇ ਵਿਚ ਬਹੁਤ ਹੀ ਸੁੰਦਰ ਦਿੱਖ ਵਾਲਾ ਸ੍ਰੀ ਹਰਿਮੰਦਰ ਸਾਹਿਬ ਸਥਾਪਿਤ ਕੀਤਾ। ਜਿਹਦੇ ਚਾਰ ਦਰਵਾਜ਼ੇ ਰੱਖ ਕਰਕੇ ਚਉ ਵਰਨਾਂ ਨੂੰ ਸਾਂਝਾ ਉਪਦੇਸ਼ ਦੇਣ ਦਾ ਸੰਕੇਤ ਦਿੱਤਾ। ਉਸ ਤੋਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਪੰਜ ਗੁਰੂ ਸਾਹਿਬਾਨ 15 ਭਗਤ 11 ਭੱਟ, ਚਾਰ ਗੁਰੂ ਕੇ ਸਿੱਖਾਂ ਦੀ ਬਾਣੀ ਇਕੱਤਰ ਕਰਕੇ ਗੁਰਦੁਆਰਾ ਰਾਮਸਰ ਵਿਖੇ ਭਾਈ ਗੁਰਦਾਸ ਜੀ ਨੂੰ ਲਿਖਾਰੀ ਲਾ ਕਰਕੇ ਲਿਖਵਾਉਣਾ ਕੀਤੀ। ਉਸ ਦਾ ਪ੍ਰਕਾਸ਼ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ। ਗੁਰੂ ਅਰਜਨ ਦੇਵ ਸਾਹਿਬ ਜੀ ਦੇ ਇਹ ਕਾਰਜ ਮਹਾਨ ਸਨ, ਜੋ ਕਿ ਹਕੂਮਤ ਦੇ ਅੱਖਾਂ ਵਿਚ ਰੜਕਣ ਲੱਗੇ ਸਨ, ਜਿਨ੍ਹਾਂ ਕਾਰਨਾਂ ਕਰਕੇ ਗੁਰੂ ਅਰਜਨ ਦੇਵ ਜੀ ਦੇ ਸ਼ਹਾਦਤ ਦਾ ਕਾਰਨ ਬਣਿਆ ਤੇ ਨਾਲ ਹੀ ਚੰਦੂ ਦੀ ਵਿਰੋਧਤਾ ਵੀ ਜ਼ੋਰਾਂ 'ਤੇ ਸੀ। ਗੁਰੂ ਸਾਹਿਬ ਜੀ ਦੇ ਵੱਡੇ ਭਰਾ ਬਾਬਾ ਪ੍ਰਿਥਵੀ ਚੰਦ ਦੀ ਵਿਰੋਧਤਾ ਵੀ ਅਤੀਅੰਤ ਜ਼ੋਰਾਂ 'ਤੇ ਸੀ। ਇਨ੍ਹਾਂ ਨੇ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਾਉਣ ਵਿਚ ਕੋਈ ਕਸਰ ਨਹੀਂ ਛੱਡੀ। ਸ੍ਰੀ ਤਰਨਤਾਰਨ ਸਾਹਿਬ, ਕਰਤਾਰਪੁਰ ਸਾਹਿਬ ਅਤੇ ਗੁਰੂ ਜੀ ਨੇ ਕਈ ਹੋਰ ਸ਼ਹਿਰ ਵੀ ਵਸਾਏ। ਗੁਰੂ ਅਰਜਨ ਦੇਵ ਜੀ ਨੇ ਇਸ ਕਦਰ ਸਿੱਖੀ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ ਕਿ ਹਰ ਧਰਮ ਦੇ ਲੋਕ ਸਿੱਖੀ ਧਰਮ ਨੂੰ ਅਪਣਾਉਣ ਲਈ ਆਕਰਸ਼ਿਤ ਹੋਏ। ਇਥੋਂ ਤੱਕ ਕੀ ਸਾਈ ਮੀਆਂ ਮੀਰ ਵਰਗੇ ਰੱਬੀ ਫਕੀਰ ਵੀ ਗੁਰੂ ਜੀ ਦੇ ਚਰਨਾਂ ਵਿਚ ਸੀਸ ਨਿਵਾਉਂਦੇ ਸਨ। ਆਪ ਜੀ ਧਰਮ ਅਤੇ ਗਿਆਨ ਦੇ ਮੁਜੱਸਮੇ ਸਨ। ਧਰਮ ਦੇ ਇਸ ਪ੍ਰਚਾਰ ਨੂੰ ਕੱਟੜਪੰਥੀ ਲੋਕਾਂ ਪਸੰਦ ਨਹੀਂ ਸਨ ਕਰਦੇ, ਉਹ ਲੋਕ ਨਹੀਂ ਸਨ ਚਾਹੁੰਦੇ ਕਿ ਗੁਰੂ ਸਾਹਿਬ ਜੀ ਦੀ ਲੋਕਪ੍ਰਿਅਤਾ ਵਧੇ ਅਤੇ ਸਮੁੱਚੀ ਮਾਨਵਤਾ ਉਨ੍ਹਾਂ ਦੇ ਉਪਦੇਸ਼ਾਂ ਨੂੰ ਮੰਨੇ। ਇਨ੍ਹਾਂ ਵਿਚੋਂ ਜਿਵੇਂ ਸ਼ੇਖ ਫਰੀਦ ਬੁਖਾਰੀ ਸੇਖ ਮੁਹੰਮਦ ਸਰਹੰਦੀ ਕੱਟੜ ਮੁਸਲਮਾਨ ਸਨ। ਗੁਰੂ ਸਾਹਿਬ ਜੀ ਦੀ ਵਿਰੋਧਤਾ ਕਰਨ ਵਿਚ ਸਭ ਤੋਂ ਪਹਿਲਾਂ ਬਾਬਾ ਪ੍ਰਿਥਵੀ ਚੰਦ ਸ਼ਾਮਲ ਸੀ। ਉਹ ਆਪ ਗੁਰੂ ਬਣਨਾ ਚਾਹੁੰਦਾ ਸੀ ਜਾਂ ਆਪਣੇ ਪੁੱਤਰ ਮਿਹਰਬਾਨ ਨੂੰ ਗੁਰੂ ਬਣਾਉਣਾ ਚਾਹੁੰਦਾ ਸੀ, ਜਿਸ ਕਰਕੇ ਉਹ ਗੁਰੂ ਸਾਹਿਬ ਜੀ ਨੂੰ ਮਾਰਨਾ ਚਾਹੁੰਦਾ ਸੀ। ਉਸਨੇ ਬਹੁਤ ਜਤਨ ਵੀ ਕੀਤੇ ਪਰ ਉਹ ਕਾਮਯਾਬ ਨਾ ਹੋਇਆ। ਅੰਤ ਉਸ ਨੇ ਬਾਦਸ਼ਾਹ ਜਹਾਂਗੀਰ ਨੂੰ ਗੁਰੂ ਸਾਹਿਬ ਵਿਰੁੱਧ ਭੜਕਾਉਣ ਸ਼ੁਰੂ ਕੀਤਾ। ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਵਾਉਣ ਵਿਚ ਚੰਦੂ ਦਾ ਵੀ ਹੱਥ ਸੀ ਕਿਉਂਕਿ ਚੰਦੂ ਦੀ ਧੀ ਦਾ ਰਿਸ਼ਤਾ ਜਿਸ ਸਮੇਂ ਗੁਰੂ ਹਰਗੋਬਿੰਦ ਸਾਹਿਬ ਨਾਲ ਹੋਇਆ ਸੀ, ਤਾਂ ਚੰਦੂ ਨੇ ਹੰਕਾਰ ਵਿਚ ਆ ਕੇ ਇਹ ਕਿਹਾ ਸੀ ਕਿ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਦਿੱਤੀ, ਮੇਰੀ ਉੱਚੀ ਕੁੱਲ ਹੈ, ਗੁਰੂ ਜੀ ਦੀ ਨੀਵੀਂ, ਇਸ ਗੱਲ ਦਾ ਵੀ ਦਿੱਲੀ ਦੀਆਂ ਸੰਗਤਾਂ ਨੇ ਵਿਰੋਧ ਕੀਤਾ।

ਆਖਰਕਾਰ ਚੰਦੂ ਨੇ ਬਾਦਸ਼ਾਹ ਜਹਾਂਗੀਰ ਨੂੰ ਬੇਸ਼ੁਮਾਰ ਚੁਗਲੀਆਂ ਲਾ ਕੇ ਤੇ ਪ੍ਰਿਥੀ ਚੰਦ ਦੀ ਵਿਰੋਧਤਾ ਕਰਕੇ ਸ਼ੇਖ ਅਹਿਮਦ ਸਰਹੰਦੀ ਦੇ ਵਿਰੋਧਤਾ ਕਰਕੇ ਸ਼ਹੀਦ ਕਰਨ ਦਾ ਮਨ ਬਣਾ ਲਿਆ। ਜਿਸ ਵੇਲੇ ਬਾਦਸ਼ਾਹ ਲਾਹੌਰ ਆਇਆ, ਉਨ੍ਹਾਂ ਤੋਂ ਇਹ ਕਹਾਇਆ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੂੰ ਲਾਹੌਰ ਬੁਲਾਇਆ ਜਾਵੇ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੂੰ ਲਾਹੌਰ ਬੁਲਾ ਕਰਕੇ ਕਈ ਸਵਾਲ ਜਵਾਬ ਪੁੱਛੇ ਗਏ। ਇਨ੍ਹਾਂ ਵਿਚ ਗੁਰੂ ਸਾਹਿਬ ਨੇ ਬੇਫਿਕਰ, ਨਿਡਰ ਹੋ ਕੇ ਉਨ੍ਹਾਂ ਦੇ ਉੱਤਰ ਦਿੱਤੇ, ਜੋ ਕਿ ਇਨ੍ਹਾਂ ਦੇ ਹੁਕਮਾਂ ਦੇ ਖਿਲਾਫ ਸਨ। ਜਿਸ ਕਰਕੇ ਬਾਦਸ਼ਾਹ ਗੱਲਾਂ ਸਹਿਣ ਨਾ ਕਰ ਸਕਿਆ ਅਤੇ ਗੁਰੂ ਅਰਜਨ ਦੇਵ ਸਾਹਿਬ ਨੂੰ ਸ਼ਹੀਦ ਕਰਨ ਦਾ ਹੁਕਮ ਦਿੱਤਾ। ਚੰਦੂ ਦੁਸ਼ਟ ਨੇ ਕੇਸ ਆਪਣੇ ਹਿੱਸੇ ਲਿਆ ਅਤੇ ਆਪਣੀ ਹਵੇਲੀ ਵਿਚ ਲਿਆ ਕੇ ਸੱਚੇ ਪਾਤਸ਼ਾਹ ਜੀ ਨੂੰ ਤੱਤੀ ਤਵੀ 'ਤੇ ਬਿਠਾ ਕੇ, ਥੱਲੇ ਅੱਤ ਦੀ ਅੱਗ ਮਚਾ ਕਰਕੇ ਪਵਿੱਤਰ ਸੀਸ ਵਿਚ ਗਰਮ ਰੇਤ ਪਾ ਕੇ ਬੇਅੰਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੀ ਸ਼ਹਾਦਤ ਸਾਨੂੰ ਸ਼ਾਂਤ ਰਹਿਣ ਦਾ ਸੰਦੇਸ਼ ਦਿੰਦੀ ਹੈ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਵੀ ਹੈ। ਸਾਨੂੰ ਉਨ੍ਹਾਂ ਦੀ ਸ਼ਹਾਦਤ ਤੋਂ ਸਿੱਖਿਆ ਲੈਣ ਦੀ ਜ਼ਰੂਰਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਪਵਿੱਤਰ ਬਾਣੀ ਪੜ੍ਹਨ ਦਾ ਉਪਦੇਸ਼ ਮਿਲਦਾ ਹੈ।

# ਜੰਗ ਕੋਈ ਖੇਡ ਨਹੀਂ: ਸੋਸ਼ਲ ਮੀਡੀਆ ਅਤੇ ਟੀ.ਵੀ. 'ਤੇ ਭੜਕਾਊ ਰੁਝਾਨ ਕਿਉਂ?



ਚਾਨਣਦੀਪ ਸਿੰਘ ਔਲਖ
ਪਿੰਡ ਗੁਰਨੇ ਖ਼ੁਰਦ (ਮਾਨਸਾ)
ਸੰਪਰਕ : 98768-88177
ਪੰਜਾਬ ਮੇਲ USA



ਪਿਛਲੇ ਦਿਨੀਂ ਪਹਿਲਗਾਮ ਵਿਚ ਵਾਪਰੀ ਮੰਦਭਾਗੀ ਘਟਨਾ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੇ ਵਿਚਕਾਰ ਤਣਾਅ ਕਾਫ਼ੀ ਵੱਧ ਗਿਆ ਹੈ। ਸਰਹੱਦਾਂ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਦੋਵੇਂ ਦੇਸ਼ ਇੱਕ ਦੂਜੇ 'ਤੇ ਦੋਸ਼ ਲਗਾ ਰਹੇ ਹਨ। ਅਜਿਹੇ ਸੰਵੇਦਨਸ਼ੀਲ ਸਮੇਂ ਵਿਚ, ਜਦੋਂ ਜੰਗ ਵਰਗਾ ਮਾਹੌਲ ਬਣਿਆ ਹੋਇਆ ਹੈ, ਇਹ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਸੋਸ਼ਲ ਮੀਡੀਆ 'ਤੇ ਦੋਵਾਂ ਦੇਸ਼ਾਂ ਦੇ ਕੁਝ ਲੋਕ ਇਸ ਸਥਿਤੀ ਨੂੰ ਮਜ਼ਾਕ ਬਣਾ ਰਹੇ ਹਨ। ਇਸ ਤੋਂ ਵੀ ਵੱਧ ਚਿੰਤਾ ਦੀ ਗੱਲ ਇਹ ਹੈ ਕਿ ਕੁਝ ਟੀ.ਵੀ. ਨਿਊਜ਼ ਚੈਨਲ ਵੀ ਭੜਕਾਊ ਅਤੇ ਡਰਾਉਣ ਵਾਲੀਆਂ ਖਬਰਾਂ ਦਿਖਾ ਰਹੇ ਹਨ, ਜਿਸ ਨਾਲ ਲੋਕਾਂ ਵਿਚ ਹੋਰ ਵੀ ਡਰ ਅਤੇ ਗੁੱਸੇ ਦਾ ਮਾਹੌਲ ਪੈਦਾ ਹੋ ਰਿਹਾ ਹੈ।

ਇਹ ਸੱਚਮੁੱਚ ਹੀ ਦੁਖਦਾਈ ਗੱਲ ਹੈ ਕਿ ਕੁਝ ਲੋਕ ਜੰਗ ਵਰਗੀ ਗੰਭੀਰ ਸਥਿਤੀ ਦੀ ਸੰਵੇਦਨਸ਼ੀਲਤਾ ਨੂੰ ਨਹੀਂ ਸਮਝ ਰਹੇ। ਉਨ੍ਹਾਂ ਨੂੰ ਸ਼ਾਇਦ ਇਸ ਗੱਲ ਦਾ ਅਹਿਸਾਸ ਨਹੀਂ ਹੈ ਕਿ ਜੰਗ ਕੋਈ ਹਾਸੀ ਖੇਡ ਨਹੀਂ ਹੈ। ਜੰਗ ਆਪਣੇ ਨਾਲ ਤਬਾਹੀ, ਮੌਤਾਂ ਅਤੇ ਬੇਘਰ ਹੋਣ ਵਰਗੇ ਭਿਆਨਕ ਨਤੀਜੇ ਲੈ ਕੇ ਆਉਂਦੀ ਹੈ। ਇਸ ਦਾ ਸਭ ਤੋਂ ਵੱਧ ਨੁਕਸਾਨ ਦੋਵਾਂ ਦੇਸ਼ਾਂ ਦੇ ਆਮ ਨਾਗਰਿਕਾਂ ਨੂੰ ਝੱਲਣਾ ਪੈਂਦਾ ਹੈ।

ਜੰਗ ਵਿਚ ਸਿਰਫ਼ ਸਰਹੱਦਾਂ 'ਤੇ ਲੜ ਰਹੇ ਸੈਨਿਕ ਹੀ ਨਹੀਂ ਮਰਦੇ, ਸਗੋਂ ਬੇਕਸੂਰ ਲੋਕ ਵੀ ਇਸ ਦੀ ਭੇਟ ਚੜ੍ਹਦੇ ਹਨ। ਪਰਿਵਾਰ ਉੱਜੜ ਜਾਂਦੇ ਹਨ, ਬੱਚੇ ਯਤੀਮ ਹੋ ਜਾਂਦੇ ਹਨ ਅਤੇ ਬਜ਼ੁਰਗ ਬੇਸਹਾਰਾ ਹੋ ਜਾਂਦੇ ਹਨ। ਜੰਗ ਨਾਲ ਦੇਸ਼ ਦੀ ਆਰਥਿਕਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ। ਵਿਕਾਸ ਦੇ ਕੰਮ ਰੁਕ ਜਾਂਦੇ ਹਨ ਅਤੇ ਗਰੀਬੀ ਹੋਰ ਵਧ ਜਾਂਦੀ ਹੈ।

ਸੋਸ਼ਲ ਮੀਡੀਆ ਇੱਕ ਅਜਿਹਾ ਪਲੇਟਫਾਰਮ ਹੈ, ਜਿੱਥੇ ਲੋਕ ਆਪਣੀ ਰਾਏ ਜ਼ਾਹਰ ਕਰ ਸਕਦੇ ਹਨ। ਪਰ ਇਸ ਦਾ ਇਹ ਮਤਲਬ ਨਹੀਂ ਕਿ ਕਿਸੇ ਵੀ ਗੰਭੀਰ ਮੁੱਦੇ ਦਾ ਮਜ਼ਾਕ ਉਡਾਇਆ ਜਾਵੇ। ਖਾਸ ਕਰਕੇ ਜਦੋਂ ਗੱਲ ਦੋ ਦੇਸ਼ਾਂ ਦੇ ਸੰਬੰਧਾਂ ਅਤੇ ਸੰਭਾਵਿਤ ਜੰਗ ਦੀ ਹੋਵੇ, ਤਾਂ ਸਾਨੂੰ ਬਹੁਤ ਜ਼ਿਆਦਾ ਜ਼ਿੰਮੇਵਾਰੀ ਨਾਲ ਆਪਣੀ ਗੱਲ ਰੱਖਣੀ ਚਾਹੀਦੀ ਹੈ। ਇਸ ਦੇ ਨਾਲ ਹੀ, ਟੀ.ਵੀ. ਚੈਨਲਾਂ ਨੂੰ ਵੀ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਅਜਿਹੀਆਂ ਖਬਰਾਂ ਦਿਖਾਉਣ ਤੋਂ ਬਚਣਾ ਚਾਹੀਦਾ ਹੈ, ਜੋ ਲੋਕਾਂ ਵਿਚ ਡਰ ਅਤੇ ਭੜਕਾਹਟ ਪੈਦਾ ਕਰਨ। ਉਨ੍ਹਾਂ ਨੂੰ ਸਹੀ ਅਤੇ ਸੰਤੁਲਿਤ ਜਾਣਕਾਰੀ ਦੇਣ 'ਤੇ ਧਿਆਨ ਦੇਣਾ ਚਾਹੀਦਾ ਹੈ।

ਸਾਨੂੰ ਇਹ ਸਮਝਣਾ ਹੋਵੇਗਾ ਕਿ ਭਾਰਤ ਅਤੇ ਪਾਕਿਸਤਾਨ ਦੋਵੇਂ ਹੀ ਗੁਆਂਢੀ ਦੇਸ਼ ਹਨ। ਸਾਨੂੰ ਆਪਸੀ ਸਹਿਯੋਗ ਅਤੇ ਸ਼ਾਂਤੀ ਨਾਲ ਰਹਿਣ ਦੀ ਲੋੜ ਹੈ। ਜੰਗ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ। ਇਸ ਨਾਲ ਸਿਰਫ਼ ਦੁੱਖ ਅਤੇ ਤਬਾਹੀ ਹੀ ਆਉਂਦੀ ਹੈ।

ਸੋਸ਼ਲ ਮੀਡੀਆ 'ਤੇ ਮਜ਼ਾਕ ਉਡਾਉਣ ਵਾਲੇ ਲੋਕਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਇਸ ਬੇਸਮਝੀ ਭਰੀ ਹਰਕਤ ਨਾਲ ਦੋਵਾਂ ਦੇਸ਼ਾਂ ਦੇ ਉਨ੍ਹਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ, ਜੋ ਪਹਿਲਾਂ ਹੀ ਤਣਾਅ ਅਤੇ ਡਰ ਦੇ ਮਾਹੌਲ ਵਿਚ ਜੀ ਰਹੇ ਹਨ।

ਇਸ ਲਈ, ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਸਾਰੇ ਜ਼ਿੰਮੇਵਾਰੀ ਨਾਲ ਵਿਵਹਾਰ ਕਰੀਏ ਅਤੇ ਅਜਿਹੇ ਕਿਸੇ ਵੀ ਕੰਮ ਤੋਂ ਬਚੀਏ, ਜੋ ਦੋਵਾਂ ਦੇਸ਼ਾਂ ਦੇ ਵਿਚਕਾਰ ਤਣਾਅ ਨੂੰ ਹੋਰ ਵਧਾ ਸਕਦਾ ਹੈ। ਸਾਨੂੰ ਸ਼ਾਂਤੀ ਅਤੇ ਸਦਭਾਵਨਾ ਨੂੰ ਬਣਾਈ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। ਯਾਦ ਰੱਖੋ, ਜੰਗ ਕਿਸੇ ਲਈ ਵੀ ਲਾਭਦਾਇਕ ਨਹੀਂ ਹੁੰਦੀ, ਇਸ ਨਾਲ ਸਿਰਫ਼ ਤੇ ਸਿਰਫ਼ ਨੁਕਸਾਨ ਹੀ ਹੁੰਦਾ ਹੈ।

## ਹਰਿਮੰਦਰ ਸਾਹਿਬ ਦੀ ਮਹਿਮਾਂ

ਭਾਰਤ ਦੇ ਵਿਚ ਵਸਦਾ ਦੇਸ ਪੰਜਾਬ,
ਮਹਿਕਾਂ ਵੰਡਦਾ ਸਭ ਨੂੰ ਫੁੱਲ ਗੁਲਾਬ,
ਅਕਾਲ ਪੁਰਖ ਦੀ ਰਹਿਮਤ ਵਰਤੇ ਸਦਾ ਹੀ ਜਿਸਦੇ ਅੰਦਰ।
ਸ੍ਰੀ ਅੰਮ੍ਰਿਤਸਰ ਸਰੋਵਰ ਦੇ ਵਿਚ ਸੋਭ ਰਿਹਾ ਹਰਿਮੰਦਰ।

ਚੱਕ ਰਾਮਦਾਸ ਸਹਿਰ ਰਾਮਦਾਸ ਗੁਰਾਂ ਵਸਾਇਆ,
ਗੁਰ ਅਰਜਨ ਪ੍ਰਤੱਖ ਹਰਿ ਕੌਤਕ ਵਰਤਾਇਆ
ਝੁੱਕ ਜਾਂਦੇ ਨੇ ਜਿੱਥੇ ਆਕੇ ਦੁਨੀਆਂ ਦੇ ਸਿਕੰਦਰ।
ਸ੍ਰੀ ਅੰਮ੍ਰਿਤਸਰ ਸਰੋਵਰ.... .... ....।

ਸਾਂਈਂ ਮੀਆਂ ਮੀਰ ਜੀ ਕੋਲੋਂ ਜਿਸਦੀ ਨੀਂਹ ਰਖਵਾਈ,
ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ਮਹਿਮਾ ਗਾਈ
ਚਾਰ ਦਿਸਾਵਾਂ ਚਹੁੰ ਦਰਵਾਜੇ ਖੁੱਲ੍ਹਦੇ ਜਿਸਦੇ ਅੰਦਰ।
ਸ੍ਰੀ ਅੰਮ੍ਰਿਤਸਰ ਸਰੋਵਰ.... .... ....।

ਹਰ ਵੇਲੇ ਹਰਿ ਵਸਦਾ ਏਥੇ ਪੜ੍ਹੀ ਜਾਵੇ ਗੁਰਬਾਣੀ
ਜਾਣ ਝੋਲੀਆਂ ਭਰਕੇ ਏਥੋਂ ਜੋ ਵੀ ਆਵਣ ਪ੍ਰਾਣੀ
ਦੁੱਖ ਭੰਜਨੀ ਬੇਰੀ ਵੀ ਅੱਜ ਤੱਕ ਝੂਲ ਰਹੀ ਵਿਚ ਅੰਬਰ।
ਸ੍ਰੀ ਅੰਮ੍ਰਿਤਸਰ ਸਰੋਵਰ.... .... ....।

ਅਕਾਲ ਤਖਤ ਦੀਆਂ ਜੱਗ ਤੋਂ ਉੱਚੀਆਂ ਸਦਾ
ਰਹਿਣਗੀਆਂ ਸ਼ਾਨਾਂ,
ਹਰਿਗੋਬਿੰਦ ਸਾਹਿਬ ਪਹਿਨੀਆਂ ਜਿੱਥੇ ਮੀਰੀ ਪੀਰੀ
ਦੀਆਂ ਕਿਰਪਾਨਾਂ,
ਦਰਸ਼ਨ ਤੇ ਇਸ਼ਨਾਨ ਲੋਚਦੇ ਜਿਸਦੇ ਪੀਰ ਪੈਗੰਬਰ।
ਸ੍ਰੀ ਅੰਮ੍ਰਿਤਸਰ ਸਰੋਵਰ.... .... ....।

ਹਰਿਮੰਦਰ ਨੂੰ ਢਾਹੁਣ ਵਾਸਤੇ ਚੜ੍ਹੀਆਂ ਕਈ ਸਰਕਾਰਾਂ,
ਕੁਰਬਾਨ ਕੀਤੀਆਂ ਜਾਨਾਂ ਇਸ ਤੋਂ ਸਿੰਘਾਂ ਤੇ ਸਰਦਾਰਾਂ,
ਸੁੱਖਾ ਸਿੰਘ ਮਹਿਤਾਬ ਸਿੰਘਾਂ ਕਈ ਸੋਧੇ ਮੱਸੇ ਰੰਘੜ।
ਸ੍ਰੀ ਅੰਮ੍ਰਿਤਸਰ ਸਰੋਵਰ.... .... ....।

ਏਥੇ ਪਿੰਗਲੇ ਰਾਜੀ ਹੋਏ ਪ੍ਰਤੱਖ ਲੋਕਾਂ ਨੇ ਡਿੱਠੇ,
ਕਾਲੇ ਕਾਗ ਸਰੋਵਰ ਵਿਚੋਂ ਨਿਕਲਣ ਹੋ ਹੋ ਚਿੱਟੇ;
'ਗਿੱਲ ਮਲਕੀਤ' ਸਵਰਗ ਨਾ ਕੋਈ ਐਸਾ ਦੁਨੀਆਂ ਅੰਦਰ।
ਸ੍ਰੀ ਅੰਮ੍ਰਿਤਸਰ ਸਰੋਵਰ ਦੇ ਵਿਚ ਸੋਭ ਰਿਹਾ ਹਰਿਮੰਦਰ।

ਮਲਕੀਤ ਸਿੰਘ ਗਿੱਲ ਭੱਠਲਾਂ
ਸੰਪਰਕ : 94174-90943



ਪੰਜਾਬ ਮੇਲ USA

## ਅਨਮੋਲ ਰਤਨ

ਜੰਗਾਂ ਸਦਾ ਹੀ, ਟਲੀਆਂ ਚੰਗੀਆਂ
ਪਿਆਰ ਮੁਹੱਬਤਾਂ, ਬਣੀਆਂ ਚੰਗੀਆਂ
ਮਾਇਆ, ਮਤਲਬ, ਮਾਸ ਦੇ ਨਾਲੋਂ
ਦਿਲ ਦੀਆਂ ਸਾਂਝਾ, ਬੜੀਆਂ ਚੰਗੀਆਂ

ਆਕੜ ਤੇ ਹੰਕਾਰ ਦੇ ਨਾਲੋਂ
ਨੀਵੀਆਂ ਧੌਣਾਂ, ਕਰੀਆਂ ਚੰਗੀਆਂ
ਜ਼ਿਆਦਾ ਪੜ੍ਹੇ, ਹੰਕਾਰੀ ਨਾਲੋਂ
ਘੱਟ ਕਲਾਸਾਂ, ਪੜ੍ਹੀਆਂ ਚੰਗੀਆਂ

ਮਿੱਤਰੋ ਮੰਗਵੇਂ ਸੋਫ਼ੇ ਨਾਲੋਂ
ਆਪਣੇ ਘਰ ਦੀਆਂ, ਦਰੀਆਂ ਚੰਗੀਆਂ
ਸੁੱਖ ਦੇ ਸੂਰਜ ਚੜ੍ਹਦੇ ਚੰਗੇ
ਦੁੱਖ ਦੀਆਂ ਸ਼ਾਮਾਂ, ਢਲੀਆਂ ਚੰਗੀਆਂ

ਝੂਠੇ ਰਿਸ਼ਤੇ ਟੁੱਟਿਓ ਚੰਗੇ
ਕੱਚੀਆਂ ਤੰਦਾਂ, ਜਲੀਆਂ ਚੰਗੀਆਂ
ਝੂਠੇ ਪਿਆਰਾਂ, ਜੱਫੀਆਂ ਨਾਲੋਂ
ਕੱਲਿਆਂ ਕੱਟੀਆਂ, ਘੜੀਆਂ ਚੰਗੀਆਂ

ਫੁਕਰੇ ਬੰਦੇ ਯਾਰ ਨੀ ਹੁੰਦੇ
ਇਨ੍ਹਾਂ ਤੋਂ ਦੂਰੀਆਂ, ਕਰੀਆਂ ਚੰਗੀਆਂ
ਸਹੋਤਿਆ ਦੁੱਧ ਪਿਆਉਣੇ ਨਾਲੋਂ
ਸੱਪ ਦੀਆਂ ਸਿਰੀਆਂ ਫੜੀਆਂ ਚੰਗੀਆਂ

-ਕੁਲਵੀਰ ਸਿੰਘ ਡਾਨਸੀਵਾਲ,
ਸਰ੍ਹੀ, ਬੀ.ਸੀ. ਕੈਨੇਡਾ
778-863-2472



ਪੰਜਾਬ ਮੇਲ USA

## ਹਿੰਮਤ-ਏ-ਮਰਦ ਮਦਦ-ਏ-ਖ਼ੁਦਾ

ਲਾ ਬਹਾਨੇ ਛੱਡ ਪੜ੍ਹਾਈਆਂ, ਕਈ ਅੜ ਜਾਂਦੇ,
ਠਾਣ ਲੈਂਦੇ ਜੋ ਮਨ ਵਿਚ, ਫਿਰ ਉਹ ਪੜ੍ਹ ਜਾਂਦੇ।

ਮਿਹਨਤ, ਲਗਨ, ਹਿੰਮਤ, ਹੌਂਸਲਾ ਕੰਮ ਆਉਂਦੇ,
ਲੱਖ ਕਜ ਹੋਵੇ ਵਿਚ ਸਰੀਰ, ਪਹਾੜੀਂ ਚੜ੍ਹ ਜਾਂਦੇ।

ਪਿੰਡ, ਸ਼ਹਿਰ, ਛੋਟੇ-ਵੱਡੇ ਸਕੂਲ ਦਾ ਫਰਕ ਨਹੀਂ,
ਰੀਝਾਂ ਹੋਵਣ ਦਿਲ ਵਿਚ, ਪੜ੍ਹਾਈਆਂ ਕਰ ਜਾਂਦੇ।

ਇੱਕੋ ਜਿਹੀਆਂ ਕਿਤਾਬਾਂ ਅੱਖਰ ਵੀ ਇੱਕੋ ਜਿਹੇ,
ਪੜ੍ਹ ਕੇ ਵਧੇ ਗਿਆਨ, ਵਿਦਵਾਨ ਨੇ ਬਣ ਜਾਂਦੇ।

ਜਾਗਰੂਕ ਹੋਵੇ ਇਨਸਾਨ ਤਾਂ ਇੱਕ ਮਿਸਾਲ ਬਣੇ,
ਫਿਰ ਨਸੀਬ ਨੂੰ ਲੱਗੇ ਜਿੰਦਰੇ ਭੀ ਨੇ ਛਣ ਜਾਂਦੇ।

ਗਰੀਬ ਘਰਾਂ ਦੇ ਬੱਚੇ ਵੀ ਦਿਖਾਲਦੇ ਕ੍ਰਿਸ਼ਮਾ ਨੇ,
ਮਿਹਨਤਾਂ ਨੂੰ ਫ਼ਲ ਲੱਗੇ ਤਾਂ ਅਫ਼ਸਰ ਬਣ ਜਾਂਦੇ।

ਕਹਿੰਦੇ ਨੇ ਉੱਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ,
ਇਰਾਦਾ ਸਿਕੰਦਰ-ਏ-ਆਜ਼ਮ ਹੈ, ਜਾਣੇ ਨਾ ਕੌਣ।

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲ USA

## ਉਸਤਾਦ ਦੀ ਕਦਰ

ਵਾਰਿਸ ਸ਼ਾਹ ਬੁੱਲ੍ਹੇ ਸ਼ਾਹ ਇਕੋ ਗੁਰੂ ਦੇ ਦੋ ਚੇਲੇ
ਬੁਲ੍ਹਾ ਰੱਬ ਪਾਉਣ ਖ਼ਾਤਰ ਪੈਰੀਂ ਘੁੰਗਰੂ ਪਾ ਬੈਠਾ!
ਬੁੱਲ੍ਹੇ ਸ਼ਾਹ ਨੂੰ ਵੇਖ ਉਸਤਾਦ ਜਦ ਨਰਾਜ਼ ਹੋਇਆ
ਬੁੱਲ੍ਹਾ ਉਸਤਾਦ ਨੂੰ ਮਨਾਉਣ ਦੀ ਜੁਗਤ ਬਣਾ ਬੈਠਾ!
ਭੇਸ ਵਟਾ ਲਿਆ ਬੁੱਲ੍ਹੇ ਨੇ ਪਾ ਔਰਤਾਂ ਵਾਲੇ ਕੱਪੜੇ
ਗੁੱਸੇ ਹੋਏ ਉਸਤਾਦ ਨੂੰ ਨੱਚ ਨੱਚ ਮਨਾ ਬੈਠਾ!
ਜਦ ਵਾਰਿਸ ਨੇ ਹੀਰ ਲਿਖਣੀ ਸ਼ੁਰੂ ਕੀਤੀ
ਪਤਾ ਲੱਗਣ 'ਤੇ ਉਸਤਾਦ ਮੂੰਹ ਪਾਸੇ ਘੁਮਾ ਬੈਠਾ!
ਲਿਖੀ ਹੀਰ ਲਿਜਾਕੇ ਉਸਤਾਦ ਚਰਨੀ ਧਰ ਦਿੱਤੀ
ਫੜ੍ਹਕੇ ਚਰਨ, ਵੈਰਾਗ ਵਿਚ ਅੱਥਰੂ ਵਹਾ ਬੈਠਾ!
ਪੜ੍ਹਕੇ ਹੀਰ, ਉਸਤਾਦ ਬਾਗੋ ਬਾਗ਼ ਹੋਕੇ
ਵਾਰਿਸ ਸ਼ਾਹ ਚੇਲੇ ਨੂੰ, ਗੱਲ਼ ਲਾ ਬੈਠਾ!
ਉਸਤਾਦ ਰੁੱਸਿਆਂ ਕਾਇਨਾਤ ਸਾਰੀ ਰੁੱਸ ਜਾਂਦੀ
ਉਹਦੇ ਲੱਖ ਲਾਹਨਤ ਜੋ ਉਸਤਾਦ ਨੂੰ ਭੁਲਾ ਬੈਠਾ!
ਧਾਰਕੇ ਉਸਤਾਦ, ਅਮਰੀਕ ਤਲਵੰਡੀ ਜੀ ਨੂੰ
ਉਸ ਦਾ 'ਮੁੱਲਾਂਪਰ' ਚੇਲਾ ਹੋਣ ਦਾ ਮਾਣ ਪਾ ਬੈਠਾ!

-ਸੁਖਵਿੰਦਰ ਸਿੰਘ ਮੁੱਲਾਂਪੁਰ
ਕੈਲਪੁਰ ਰੋਡ, ਮੁੱਲਾਂਪੁਰ ਦਾਖਾ



ਪੰਜਾਬ ਮੇਲ USA

## ਅੰਬਰ

ਜੀ ਕਰਦਾ ਅੰਬਰ ਨਾਲ ਸਾਂਝ ਪਾਵਾਂ।
ਇਸ ਧਰਤ 'ਤੇ ਹੁੰਦੇ ਕਾਂਢ ਗਿਣਾਵਾਂ।

ਚਿੱਟਾ ਲਹੂ ਇਥੇ ਹੁੰਦਾ ਜਾਂਦਾ।
ਪੈ ਗਏ ਪਾੜ ਹੁਣ ਵਿਚ ਭਰਾਵਾਂ।

ਚੌਧਰ ਵਿਚ ਗਏ ਵੰਡੇ ਸਾਰੇ।
ਦਸ ਕਿਸ ਨਾਲ ਮੈਂ ਦੁੱਖ ਵੰਡਾਵਾਂ।

ਰਾਜਨੀਤੀ ਹੈ ਹਰ ਪਾਸੇ ਭਾਰੂ।
ਦੱਸ ਮੈਂ ਕਿਹੜੇ ਪਾਸੇ ਜਾਵਾਂ।

ਖਿਲਰੇ ਪਏ ਨੇ ਟੱਬਰ ਬਹੁਤੇ।
ਨਰਮਾ ਨਹੀਂ ਕਿਸੇ ਕੋਲੋਂ ਚੁਗਾਵਾਂ।

ਕਰ ਕ੍ਰਿਪਾ ਜੇ ਹੋ ਸਕਦੀ ਹੈ।
ਦਿਨ-ਰਾਤ ਮੈਂ ਤੇਰਾ ਨਾਮ ਜਪਾਵਾਂ।

ਦੇਖ ਕੇ ਉਤੋਂ ਕਿਉਂ ਦੜ ਵਟਦਾ ਏਂ।
ਗਲਵਕੜੀ ਵਿਚ ਪੈ ਜਾਣ ਭਰਾਵਾਂ।

ੲ ਅੰਬਰਾ ਕਰ ਧਿਆਨ ਇਧਰ।
'ਗੁਰਜਤਿੰਦਰ' ਚਾਹੇ ਤੈਨੂੰ ਦੁੱਖ ਸੁਣਾਵਾਂ।

ਜੀ ਕਰਦਾ ਅੰਬਰ ਨਾਲ ਸਾਂਝ ਪਾਵਾਂ।
ਇਸ ਧਰਤ 'ਤੇ ਹੁੰਦੇ ਕਾਂਢ ਸੁਣਾਵਾਂ।

-ਗੁਰਜਤਿੰਦਰ ਸਿੰਘ ਰੰਧਾਵਾ, ਸੈਕਰਾਮੈਂਟੋ
916-320-9444
(Punjab Mail USA)



ਪੰਜਾਬ ਮੇਲ USA



RE/MAX
RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567



FOR SALE & PURCHASE OF
ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567

Gurjatinder S. Randhawa
916-320-9444

web: www.RealtorRandhawa.com

garysingh123@yahoo.com